@Qpatrika
@qaumipatrika punjabi
instagram.com/ qaumipatrika
**Largest Circulated**
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 22 March 2024
**Punjabi National Daily**
**Qaumi Patrika** NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ੁੱਕਰਵਾਰ 22 ਮਾਰਚ 2024, 9 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 122. qpatrika@gmail.com ਫੋਨ : 9971359517 www.qaumipatrika.org

# ਸ਼ਰਾਬ ਘੁਟਾਲਾ ਮਾਮਲੇ 'ਚ ਈ.ਡੀ. ਨੇ ਕੇਜਰੀਵਾਲ ਨੂੰ ਕੀਤਾ ਗ੍ਰਿਫਤਾਰ

**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 21 ਮਾਰਚ। ਦਿੱਲੀ ਤੋਂ ਇਕ ਬਹੁਤ ਵੱਡੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਰਨਵੀਨਰ ਅਰਵਿੰਦ ਕੇਜਰੀਵਾਲ ਨੂੰ ਈਡੀ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਅੱਜ ਸ਼ਾਮ ਤੋਂ ਹੀ ਈਡੀ ਵੱਲੋਂ ਕੇਜਰੀਵਾਲ ਦੇ ਘਰ ਦੀ ਤਲਾਸ਼ੀ ਲਈ ਜਾ ਰਹੀ ਸੀ, ਜਿਸ ਤੋਂ ਕਰੀਬ 2 ਘੰਟੇ ਬਾਅਦ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੱਸ ਦੇਈਏ ਕਿ ਅੱਜ ਸ਼ਾਮ ਕਰੀਬ 7.15 ਵਜੇ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ 'ਤੇ ਈ.ਡੀ. ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਦੇ ਘਰ ਦੀ ਡੂੰਘਾਈ ਨਾਲ ਤਲਾਸ਼ੀ ਲਈ ਗਈ ਤੇ ਕੇਜਰੀਵਾਲ ਤੋਂ ਲਗਾਤਾਰ ਪੁੱਛਗਿੱਛ ਕੀਤੀ ਗਈ, ਜਿਸ ਤੋਂ ਬਾਅਦ ਈ.ਡੀ. ਨੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਸ਼ਰਾਬ ਘੁਟਾਲਾ ਮਾਮਲੇ 'ਚ ਅਰਵਿੰਦ ਕੇਜਰੀਵਾਲ ਨੂੰ ਈ.ਡੀ. ਵੱਲੋਂ 9 ਸੰਮਨ ਭੇਜੇ ਜਾ ਚੁੱਕੇ ਹਨ, ਜਿਨ੍ਹਾਂ ਦੇ ਮਿਲਣ ਤੋਂ ਬਾਅਦ ਵੀ ਕੇਜਰੀਵਾਲ ਈ.ਡੀ. ਅੱਗੇ ਹਾਜਰ ਨਹੀਂ ਹੋਏ, ਜਿਸ ਤੋਂ ਬਾਅਦ ਅੱਜ ਈ.ਡੀ. ਦੀ



ਪਾਰਟੀ ਖੁਦ 10ਵਾਂ ਸੰਮਨ ਲੈ ਕੇ ਉਨ੍ਹਾਂ ਦੇ ਘਰ ਪਹੁੰਚ ਗਈ ਅਤੇ ਪੁੱਛਗਿੱਛ ਤੋਂ ਬਾਅਦ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਮੌਕੇ ਉਨ੍ਹਾਂ ਦੇ ਘਰ ਦੇ ਬਾਹਰ ਵੱਡੀ ਗਿਣਤੀ 'ਚ ਪਾਰਟੀ ਸਮਰਥਕ ਹਾਜਰ ਹਨ, ਜੋ ਕੇਜਰੀਵਾਲ ਦੇ ਹੱਕ 'ਚ ਨਾਅਰੇਬਾਜੀ ਕਰ ਰਹੇ ਹਨ। ਅਰਵਿੰਦ ਕੇਜਰੀਵਾਲ ਨੂੰ ਈਡੀ ਦਫਤਰ ਲਿਜਾ ਕੇ ਉਨ੍ਹਾਂ ਦਾ ਮੈਡੀਕਲ ਕਰਵਾਇਆ ਜਾਵੇਗਾ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਉਨ੍ਹਾਂ ਨੂੰ ਸੁਰੱਖਿਆ ਦੇਣ ਤੋਂ ਇਨਕਾਰ ਕਰਨ ਸੰਬੰਧੀ ਹਾਈ ਕੋਰਟ ਦੇ ਆਦੇਸ਼ ਖ਼ਿਲਾਫ ਵੀਰਵਾਰ ਨੂੰ ਸੁਪਰੀਮ ਕੋਰਟ ਦਾ ਰੁਖ ਕੀਤਾ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਦਿੱਲੀ ਹਾਈ ਕੋਰਟ ਨੇ ਮੁੱਖ ਮੰਤਰੀ ਕੇਜਰੀਵਾਲ ਨੂੰ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਜਬਰਦਸਤੀ ਕਾਰਵਾਈ ਤੋਂ ਕੋਈ ਸੁਰੱਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜੱਜ ਸੁਰੇਸ਼ ਕੁਮਾਰ ਕੈਤ ਅਤੇ ਜੱਜ ਮਨੋਜ ਜੈਨ ਦੀ ਹਾਈ ਕੋਰਟ ਦੀ ਬੈਂਚ ਨੇ ਸੁਰੱਖਿਆ ਦੀ ਅਪੀਲ ਸੰਬੰਧੀ ਆਮ ਆਦਮੀ ਪਾਰਟੀ (ਆਪ) ਨੇਤਾ ਕੇਜਰੀਵਾਲ ਦੀ ਅਪੀਲ ਨੂੰ 22 ਅਪ੍ਰੈਲ ਨੂੰ ਅੱਗੇ ਦੇ ਵਿਚਾਰ ਲਈ ਸੂਚੀਬੱਧ ਕੀਤਾ ਹੈ। ਸੰਮਨ ਨੂੰ ਚੁਣੌਤੀ ਦੇਣ ਵਾਲੀ ਉਨ੍ਹਾਂ ਦੀ ਮੁੱਖ ਪਟੀਸ਼ਨ 'ਤੇ ਵੀ ਉਸੇ ਦਿਨ (22 ਅਪ੍ਰੈਲ) ਨੂੰ ਸੁਣਵਾਈ ਹੋਵੇਗੀ।

## ਰਾਜਪਾਲ ਦੇ ਅਹੁਦੇ ਤੋਂ ਅਸਤੀਫਾ ਦੇਣ ਪਿੱਛੋਂ ਤਮਿਲੀਸਾਈ ਭਾਜਪਾ 'ਚ ਸ਼ਾਮਲ

ਚੇਨਈ, 21 ਮਾਰਚ। ਤੇਲੰਗਾਨਾ ਦੀ ਸਾਬਕਾ ਰਾਜਪਾਲ ਤਮਿਲੀਸਾਈ ਸੁੰਦਰਰਾਜਨ ਬੁੱਧਵਾਰ ਮੁੜ ਭਾਜਪਾ 'ਚ ਸਾਮਲ ਹੋ ਗਈ। ਭਾਰਤੀ ਜਨਤਾ ਪਾਰਟੀ ਦੀ ਤਾਮਿਲਨਾਡੂ ਇਕਾਈ ਦੇ ਪ੍ਰਧਾਨ ਕੇ. ਅੰਨਾਮਾਲਾਈ ਦੀ ਮੌਜੂਦਗੀ 'ਚ ਉਨ੍ਹਾਂ ਪਾਰਟੀ ਦੀ ਮੈਂਬਰੀ ਹਾਸਲ ਕੀਤੀ। ਰਾਜਪਾਲ ਬਣਨ ਤੋਂ ਪਹਿਲਾਂ ਵੀ ਉਹ ਭਾਜਪਾ 'ਚ ਸੀ। ਰਾਜਪਾਲ ਦਾ ਅਹੁਦਾ ਛੱਡ ਕੇ ਭਾਜਪਾ 'ਚ ਸਾਮਲ ਹੋਣ ਪਿੱਛੋਂ ਸੁੰਦਰਰਾਜਨ ਨੂੰ ਖੱਬੀਆਂ ਪਾਰਟੀਆਂ ਤੇ ਡੀ. ਐੱਮ. ਕੇ. ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਅੰਨਾਮਾਲਾਈ ਨੇ ਕਿਹਾ ਕਿ ਉੱਚ ਅਹੁਦਿਆਂ 'ਤੇ ਕਾਬਜ ਲੋਕਾਂ ਵਲੋਂ ਇਕ ਆਮ ਨਾਗਰਿਕ ਵਜੋਂ ਮੁੜ ਤੋਂ ਲੋਕਾਂ ਦੀ ਸੇਵਾ ਸੁਰੂ ਕਰਨਾ ਸਿਰਫ ਭਾਜਪਾ 'ਚ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੋਂ ਇਲਾਵਾ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਤ ਕੋਈ ਵੀ ਵਿਅਕਤੀ ਉੱਚ ਅਹੁਦਾ ਨਹੀਂ ਛੱਡੇਗਾ ਕਿਉਂਕਿ ਉਸ ਲਈ ਸਿਆਸਤ ਸਿਰਫ ਉੱਚੇ ਅਹੁਦਿਆਂ 'ਤੇ ਕਾਬਜ ਹੋਣ ਦਾ ਸਾਧਨ ਹੈ।

## ਮੰਗਾਂ ਪੂਰੀਆਂ ਹੋਣ ਤੱਕ ਅੰਦੋਲਨ ਜਾਰੀ ਰਹੇਗਾ: ਕਿਸਾਨ ਆਗੂ ਪੰਧੇਰ

ਚੰਡੀਗੜ੍ਹ 21 ਮਾਰਚ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਵੀਰਵਾਰ ਨੂੰ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੇ ਦੋ ਸਰਹੱਦੀ ਪੁਆਇੰਟਾਂ 'ਤੇ ਡੇਰੇ ਲਾਏ ਕਿਸਾਨ ਆਪਣੀਆਂ ਮੰਗਾਂ ਪੂਰੀਆਂ ਹੋਣ ਤੱਕ ਆਪਣਾ ਅੰਦੋਲਨ ਜਾਰੀ ਰੱਖਣਗੇ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮੁਕਤੀ ਮੋਰਚਾ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਸਮੇਤ ਆਪਣੀਆਂ ਵੱਖ-ਵੱਖ ਮੰਗਾਂ ਨੂੰ ਮੰਨਵਾਉਣ ਲਈ ਸਰਕਾਰ 'ਤੇ ਦਬਾਅ ਬਣਾਉਣ ਲਈ 'ਦਿੱਲੀ ਚੱਲੋ' ਮਾਰਚ ਦੀ ਅਗਵਾਈ ਕਰ ਰਹੇ ਹਨ। ਪੰਜਾਬ ਦੇ ਪ੍ਰਦਰਸਨਕਾਰੀ ਕਿਸਾਨਾਂ ਨੇ 13 ਫਰਵਰੀ ਨੂੰ



ਸੁਰੱਖਿਆ ਬਲਾਂ ਵੱਲੋਂ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕੇ ਜਾਣ ਤੋਂ ਬਾਅਦ ਤੋਂ ਹੀ ਸੰਭੂ ਅਤੇ ਖਨੌਰੀ ਸਰਹੱਦ 'ਤੇ ਡੇਰੇ ਲਾਏ ਹੋਏ ਹਨ। ਪੰਧੇਰ ਨੇ ਕਿਹਾ ਸਾਡਾ ਧਰਨਾ ਉਦੋਂ ਤੱਕ ਸਾਂਤਮਈ ਢੰਗ ਨਾਲ ਜਾਰੀ ਰਹੇਗਾ, ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ। ਕਿਸਾਨ ਆਗੂ ਨੇ ਕਿਹਾ ਕਿ ਇਸ ਧਰਨੇ ਦਾ ਚੋਣ ਜਾਬਤੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਜੋ ਆਮ ਚੋਣਾਂ ਦੇ ਐਲਾਨ ਨਾਲ ਲਾਗੂ ਹੋਈ ਹੈ। ਉਨ੍ਹਾਂ ਕਿਹਾ ਕਿ ਅਸੀਂ ਕਿਸਾਨਾਂ ਅਤੇ ਖੇਤ ਮਜਦੂਰਾਂ ਨਾਲ ਸਬੰਧਤ ਆਪਣਾ ਏਜੰਡਾ ਲੋਕਾਂ ਸਾਹਮਣੇ ਰੱਖ ਰਹੇ ਹਾਂ। ਇਸ ਦੌਰਾਨ ਸੰਭੂ ਅਤੇ ਖਨੌਰੀ ਸਰਹੱਦ 'ਤੇ ਬੈਰੀਕੇਡਾਂ ਦੇ ਨਾਲ ਹਰਿਆਣਾ ਤੋਂ ਸੁਰੱਖਿਆ ਕਰਮਚਾਰੀ ਤਾਇਨਾਤ ਹਨ। ਪੰਧੇਰ ਨੇ ਟਰੈਕਟਰ-ਟਰਾਲੀ ਨਾਲ ਰਾਸਟਰੀ ਰਾਜਧਾਨੀ ਵੱਲ ਵਧਣ ਦੀ ਇਜਾਜਤ ਨਾ ਦੇਣ ਲਈ ਭਾਜਪਾ ਦੀ ਆਲੋਚਨਾ ਕੀਤੀ। ਉਨ੍ਹਾਂ ਸਵਾਲ ਕੀਤਾ ਕਿ ਸਾਨੂੰ ਆਪਣੀਆਂ ਮੰਗਾਂ ਦੇ ਹੱਕ ਵਿਚ ਦਿੱਲੀ ਕਿਉਂ ਨਹੀਂ ਜਾਣ ਦਿੱਤਾ ਜਾ ਰਿਹਾ? ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਤਾਪਮਾਨ ਵੱਧ ਰਿਹਾ ਹੈ, ਕਿਸਾਨ ਆਪਣੇ ਘਰਾਂ ਤੋਂ ਪੱਖੇ ਅਤੇ ਹੋਰ ਸਾਮਾਨ ਸਰਹੱਦ 'ਤੇ ਲਿਆ ਰਹੇ ਹਨ। ਪੰਧੇਰ ਨੇ ਦੱਸਿਆ ਕਿ ਅੰਮ੍ਰਿਤਸਰ, ਜੰਡਿਆਲਾ ਅਤੇ ਬਿਆਸ ਤੋਂ ਕਿਸਾਨਾਂ ਅਤੇ ਖੇਤ ਮਜਦੂਰਾਂ ਦੇ ਕਈ ਗਰੁੱਪ ਸਰਹੱਦਾਂ ਵੱਲ ਰਵਾਨਾ ਹੋ ਗਏ ਹਨ।

## ਸਾਜਿਸ਼ ਤਹਿਤ ਬੈਂਕ ਅਕਾਊਂਟ ਕੀਤੇ ਗਏ ਫ੍ਰੀਜ: ਰਾਹੁਲ ਗਾਂਧੀ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 21 ਮਾਰਚ। ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਵੀਰਵਾਰ ਯਾਨੀ ਕਿ ਅੱਜ ਅਹਿਮ ਪ੍ਰੈੱਸ ਕਾਨਫਰੰਸ ਕੀਤੀ। ਇਸ ਪ੍ਰੈੱਸ ਕਾਨਫਰੰਸ ਵਿਚ ਪਾਰਟੀ ਦੀ ਸੀਨੀਅਰ ਨੇਤਾ ਸੋਨੀਆ ਗਾਂਧੀ ਨੇ ਕਿਹਾ ਕਿ ਚੋਣ ਬਾਂਡ ਦਾ ਮੁੱਦਾ ਬਹੁਤ ਗੰਭੀਰ ਹੈ, ਇਹ ਲੋਕਤੰਤਰ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਲੋਂ ਲੋਕਾਂ ਤੋਂ ਇਕੱਠਾ ਕੀਤੇ ਗਏ ਪੈਸਿਆਂ ਨੂੰ ਫ੍ਰੀਜ ਕਰ ਦਿੱਤਾ ਗਿਆ ਹੈ। ਇਸ ਚੁਣੌਤੀਪੂਰਨ ਸਥਿਤੀ ਵਿਚ ਵੀ ਅਸੀਂ ਆਪਣੇ ਵਲੋਂ ਚੋਣ ਪ੍ਰਚਾਰ ਦੀ ਹਰ ਸੰਭਵ ਕੋਸ਼ਿਸ਼ਾਂ ਕਰ ਰਹੇ ਹਾਂ। ਮੁੱਖ ਵਿਰੋਧੀ ਧਿਰ ਦੀ ਪਾਰਟੀ ਕਾਂਗਰਸ 'ਤੇ ਜਾਣਬੁੱਝ ਕੇ ਹਮਲਾ ਕੀਤਾ ਜਾ ਰਿਹਾ ਹੈ। ਬੈਂਕ ਖਾਤਿਆਂ ਤੋਂ ਲੈਣ-ਦੇਣ 'ਤੇ ਰੋਕ ਦਾ ਮੁੱਦਾ ਬਹੁਤ ਗੰਭੀਰ ਹੈ, ਇਹ ਨਾ ਸਿਰਫ ਕਾਂਗਰਸ ਸਗੋਂ ਸਾਡੇ ਲੋਕਤੰਤਰ ਨੂੰ ਵੀ ਪ੍ਰਭਾਵਿਤ ਕਰਦਾ ਹੈ। ਚੋਣ ਬਾਂਡ ਤੋਂ ਭਾਜਪਾ ਨੂੰ ਵੱਡਾ ਫਾਇਦਾ ਹੋਇਆ ਹੈ। ਅਸੀਂ ਲੋਕਤੰਤਰ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਪ੍ਰਧਾਨ ਮੰਤਰੀ ਕਾਂਗਰਸ ਨੂੰ ਅਪਾਹਜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਬੇਹੱਦ ਗੰਭੀਰ ਮੁੱਦਾ ਹੈ। ਕਾਂਗਰਸ ਆਪਣਾ ਪਾਰਟੀ ਫੰਡ ਦਾ ਇਸਤੇਮਾਲ ਨਹੀਂ ਕਰ ਪਾ ਰਹੀ ਹੈ। ਅਸੀਂ ਪ੍ਰਚਾਰ ਲਈ ਧਨ ਰਾਸ਼ੀ ਖਰਚ ਨਹੀਂ ਕਰ ਪਾ ਰਹੇ। ਇਨਕਮ ਟੈਕਸ



ਵਿਭਾਗ ਨੇ ਕਾਂਗਰਸ ਪਾਰਟੀ ਨੂੰ ਜੋ ਨਵਾਂ ਨੋਟਿਸ ਜਾਰੀ ਕੀਤਾ ਹੈ, ਉਹ 1995-1995 ਨਾਲ ਜੁੜਿਆ ਹੈ। ਇਹ ਨੋਟਿਸ 14 ਮਾਰਚ ਨੂੰ ਦਿੱਤਾ ਗਿਆ। ਇਸ ਸਮੇਂ ਇਹ ਨੋਟਿਸ ਕਿਉਂ ਜਾਰੀ ਕੀਤਾ ਗਿਆ। ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਬੈਂਕ ਖਾਤਿਆਂ ਨੂੰ ਫਰੀਜ ਨਹੀਂ ਕੀਤਾ ਗਿਆ, ਸਗੋਂ ਭਾਰਤ ਦੇ ਲੋਕਤੰਤਰ ਨੂੰ ਫ੍ਰੀਜ ਕੀਤਾ ਜਾ ਰਿਹਾ ਹੈ। ਸਾਜ਼ਿਸ਼ ਤਹਿਤ ਬੈਂਕ ਅਕਾਊਂਟ ਫ੍ਰੀਜ ਕੀਤੇ ਗਏ ਹਨ। ਇਹ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਸਾਡੇ ਖਿਲਾਫ ਅਪਰਾਧਕ ਐਕਸ਼ਨ ਹੈ। ਇਕ ਮਹੀਨੇ ਪਹਿਲਾਂ ਕਾਂਗਰਸ ਦੇ ਸਾਰੇ ਅਕਾਊਂਟ ਫ੍ਰੀਜ ਕਰ ਦਿੱਤੇ ਗਏ। ਜੇਕਰ ਕਿਸੇ ਵੀ ਪਰਿਵਾਰ ਦੇ ਅਕਾਊਂਟ ਫ੍ਰੀਜ ਕਰ ਦੇਣਗੇ ਤਾਂ ਉਹ ਭੁੱਖ ਮਰ ਜਾਣਗੇ ਪਰ ਸਾਡੇ ਅਕਾਊਂਟ ਫਰੀਜ ਹੋਣ 'ਤੇ ਕਿਸੇ ਨੇ ਚੂੰ ਤੱਕ ਨਹੀਂ ਕੀਤੀ। ਚੋਣ ਕਮਿਸ਼ਨ ਤੋਂ ਲੈ ਕੇ ਸਾਰੇ ਚੁੱਪ ਹਨ। 20 ਫੀਸਦੀ ਭਾਰਤ ਸਾਡੇ ਲਈ ਵੋਟ ਕਰਦਾ ਹੈ ਪਰ ਅਸੀਂ ਦੋ ਰੁਪਏ ਨਹੀਂ ਦੇ ਸਕਦੇ। ਅਸੀਂ ਚੋਣ ਪ੍ਰਚਾਰ ਨਹੀਂ ਕਰ ਸਕਦੇ। ਸਾਡੇ ਨੇਤਾ ਫਲਾਈਟ ਤੋਂ ਨਹੀਂ ਜਾ ਸਕਦੇ, ਇੱਥੋਂ ਤੱਕ ਕਿ ਰੇਲ ਤੋਂ ਵੀ ਨਹੀਂ ਜਾ ਸਕਦੇ। ਬੀਤੇ ਦੋ ਮਹੀਨੇ ਤੋਂ ਇਹ ਹੀ ਕੀਤਾ ਜਾ ਰਿਹਾ ਹੈ। ਸਾਡੀ ਪੂਰੀ ਵਿੱਤੀ ਪਛਾਣ ਢਹਿ-ਢੇਰੀ ਕਰ ਦਿੱਤੀ ਗਈ ਹੈ। ਇਹ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਵਲੋਂ ਕੀਤਾ ਜਾ ਰਿਹਾ ਹੈ। ਅੱਜ ਭਾਰਤ ਵਿਚ ਕੋਈ ਲੋਕਤੰਤਰ ਨਹੀਂ ਹੈ। ਭਾਰਤ ਦਾ ਲੋਕਤੰਤਰ ਝੂਠ ਦਾ ਪੁਲੰਦਾ ਹੈ।

## ਤੁਸੀਂ ਸੁਪਰੀਮ ਕੋਰਟ ਨਾਲ ਟਕਰਾਅ ਰਹੇ ਹੋ, ਚੀਫ ਜਸਟਿਸ ਨੇ ਤਾਮਿਲਨਾਡੂ ਦੇ ਰਾਜਪਾਲ ਨੂੰ ਪਾਈ ਝਾੜ

ਨਵੀਂ ਦਿੱਲੀ 21 ਮਾਰਚ। ਸੁਪਰੀਮ ਕੋਰਟ ਨੇ ਡੀ. ਐੱਮ. ਕੇ. ਦੇ ਸੀਨੀਅਰ ਨੇਤਾ ਕੇ. ਪੋਨਮੁਡੀ ਨੂੰ ਰਾਜ ਮੰਤਰੀ ਮੰਡਲ ਵਿਚ ਮੰਤਰੀ ਵਜੋਂ ਬਹਾਲ ਕਰਨ ਤੋਂ ਇਨਕਾਰ ਕਰਨ ਨੂੰ ਲੈ ਕੇ ਵੀਰਵਾਰ ਨੂੰ ਤਾਮਿਲਨਾਡੂ ਦੇ ਰਾਜਪਾਲ ਆਰ. ਐੱਨ. ਰਵੀ ਦੇ ਵਿਵਹਾਰ 'ਤੇ 'ਝਾੜ' ਪਾਈ। ਸੁਪਰੀਮ ਕੋਰਟ ਨੇ ਰਾਜਪਾਲ ਨੂੰ 24 ਘੰਟਿਆਂ ਦੇ ਅੰਦਰ ਫੈਸਲਾ ਲੈਣ ਦਾ ਨਿਰਦੇਸ ਦਿੰਦੇ ਹੋਏ ਕਿਹਾ ਕਿ ਉਹ ਅਦਾਲਤ ਦੀ ਉਲੰਘਣਾ ਕਰ ਰਹੇ ਹਨ। ਮੁੱਖ ਮੰਤਰੀ ਐੱਮ.ਕੇ. ਸਟਾਲਿਨ ਦੀ ਸਿਫਾਰਸ ਦੇ ਬਾਵਜੂਦ ਰਾਜਪਾਲ ਨੇ ਪੋਨਮੁਡੀ ਨੂੰ ਮੁੜ ਤੋਂ ਮੰਤਰੀ ਮੰਡਲ ਵਿਚ ਸ਼ਾਮਲ ਕਰਨ ਨੂੰ ਲੈ ਕੇ ਮਨਜੂਰੀ ਦੇਣ ਤੋਂ ਇਨਕਾਰ ਕਰ ਦਿੱਤਾ। ਪੋਨਮੁਡੀ ਦੀ ਆਮਦਨ ਨਾਲੋਂ ਵੱਧ ਜਾਇਦਾਦ ਦੇ ਮਾਮਲੇ 'ਚ ਦੋਸ਼ਸਿੱਧੀ ਅਤੇ 3 ਸਾਲ ਦੀ ਸਜਾ 'ਤੇ ਚੋਟੀ ਦੀ ਅਦਾਲਤ ਨੇ ਹਾਲ ਹੀ ਵਿਚ ਰੋਕ ਲਗਾ ਦਿੱਤੀ ਸੀ। ਚੀਫ ਜਸਟਿਸ ਡੀ. ਵਾਈ. ਚੰਦਰਚੂੜ ਜੇ. ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਹੈਰਾਨੀ ਪ੍ਰਗਟਾਉਂਦੇ ਹੋਏ ਕਿਹਾ ਕਿ ਰਾਜਪਾਲ ਕਿਵੇਂ ਕਹਿ ਸਕਦੇ ਹਨ ਕਿ ਪੋਨਮੁਡੀ ਦੀ ਦੁਬਾਰਾ ਨਿਯੁਕਤੀ ਸੰਵੈਧਾਨਿਕ ਨੈਤਿਕਤਾ ਦੇ ਖ਼ਿਲਾਫ ਹੋਵੇਗੀ।

## ਸੁਪਰੀਮ ਕੋਰਟ ਨੇ 'ਫੈਕਟ ਚੈੱਕ ਯੂਨਿਟ' 'ਤੇ ਕੇਂਦਰ ਸਰਕਾਰ ਦੀ ਨੋਟੀਫਿਕੇਸ਼ਨ 'ਤੇ ਲਗਾਈ ਰੋਕ

ਨਵੀਂ ਦਿੱਲੀ 21 ਮਾਰਚ। ਸੁਪਰੀਮ ਕੋਰਟ ਨੇ ਭਾਸ਼ਣ ਅਤੇ ਬੋਲਣ ਦੀ ਆਜਾਦੀ 'ਤੇ ਪ੍ਰਭਾਵ ਦਾ ਵਿਸ਼ਲੇਸ਼ਣ ਕਰਨ ਨੂੰ ਗੈਰ-ਜ਼ੂਰੀ ਦੱਸਦੇ ਹੋਏ 'ਫੈਕਟ



ਚੈੱਕ ਯੂਨਿਟ' ਨਾਲ ਸੰਬੰਧਤ ਕੇਂਦਰ ਸਰਕਾਰ ਦੀ 20 ਮਾਰਚ 2024 ਦੀ ਨੋਟੀਫਿਕੇਸ਼ਨ 'ਤੇ ਵੀਰਵਾਰ ਨੂੰ ਅੰਤਰਿਮ ਰੋਕ ਲਗਾ ਦਿੱਤੀ। ਚੀਫ ਜਸਟਿਸ ਡੀ.ਵਾਈ. ਚੰਦਰਚੂੜ, ਜੱਜ ਜੇ.ਬੀ. ਪਾਰਦੀਵਾਲਾ ਅਤੇ ਜੱਜ ਮਨੋਜ ਮਿਸ਼ਰਾ ਦੀ ਬੈਂਚ ਨੇ ਸਟੈਂਡ ਅੱਪ ਕਾਮੇਡੀਅਮ ਕੁਨਾਲ ਕਾਮਰਾਨ ਅਤੇ ਐਡੀਟਰਜ ਗਿਲਡ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕੇਂਦਰ ਸਕਰਾਰ ਦੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ ਵਲੋਂ ਜਾਰੀ ਨੋਟੀਫਿਕੇਸ਼ਨ ਦੇ ਸੰਚਾਲਨ ਨੂੰ ਮੁਅੱਤਲ ਕਰ ਦਿੱਤਾ। ਬੈਂਚ ਨੇ ਕਿਹਾ ਕਿ ਇਸ ਨਾਲ ਸੰਬੰਧਤ ਮਾਮਲਾ ਹਾਈ ਕੋਰਟ ਦੇ ਸਾਹਮਣੇ ਵਿਚਾਰ ਅਧੀਨ ਹੈ। ਅਦਾਲਤ ਕਈ ਮਹੱਤਵਪੂਰਨ ਸਵਾਲਾਂ 'ਤੇ ਵਿਚਾਰ ਕਰ ਰਹੀ ਹੈ। ਬੈਂਚ ਨੇ ਹਾਲਾਂਕਿ ਕਿਹਾ,"ਸਾਡਾ ਮੰਨਣਾ ਹੈ ਕਿ ਹਾਈ ਕੋਰਟ ਦੇ ਸਾਹਮਣੇ ਆਉਣ ਵਾਲੇ ਪ੍ਰਸ਼ਨ ਸੰਵਿਧਾਨ ਦੇ ਧਾਰਾ 19 (1) (ਏ) ਦੇ ਮੂਲ ਪ੍ਰਸ਼ਨਾਂ ਨਾਲ ਨਜਿੱਠਦੇ ਹਨ। ਹਾਈ ਕੋਰਟ ਵਲੋਂ ਫੈਸਲੇ ਪੈਂਡਿੰਗ ਹੋਣ ਕਾਰਨ, ਅਸੀਂ ਗੁਣ-ਦੋਸ਼ ਦੇ ਆਧਾਰ 'ਤੇ ਫੈਸਲਾ ਲੈਣ ਤੋਂ ਬਚ ਰਹੇ ਹਾਂ। ਸਾਡਾ ਵਿਚਾਰ ਹੈ ਕਿ ਅੰਤਰਿਮ ਰਾਹਤ ਦੀ ਅਰਜੀ ਰੱਦ ਹੋਣ ਤੋਂ ਬਾਅਦ 20 ਮਾਰਚ 2024 ਦੀ ਨੋਟੀਫਿਕੇਸ਼ 'ਤੇ ਰੋਕ ਲਗਾਉਣ ਦੀ ਜਰੂਰਤ ਹੈ।" ਸੁਪਰੀਮ ਕੋਰਟ ਨੇ ਦੱਸਿਆ ਕਿ ਨਿਯਮ 3 (1) (ਬੀ) (5) ਦੀ ਵੈਧਤਾ ਨੂੰ ਦਿੱਤੀ ਗਈ ਚੁਣੌਤੀ 'ਚ ਗੰਭੀਰ ਸੰਵਿਧਾਨਕ ਸਵਾਲ ਸ਼ਾਮਲ ਹਨ ਅਤੇ ਮੁਕਤ ਭਾਸ਼ਣ ਅਤੇ ਬੋਲਣ ਦੀ ਆਜਾਦੀ 'ਤੇ ਨਿਯਮ ਦੇ ਪ੍ਰਭਾਵ ਦਾ ਹਾਈ ਕੋਰਟ ਵਲੋਂ ਵਿਸ਼ਲੇਸ਼ਣ ਕਰਨ ਦੀ ਜੂਰਤ ਹੋਵੇਗੀ।

## ਸੋਸ਼ਲ ਮੀਡੀਆ ਇੰਫਲੂਐਂਸਰ ਨੂੰ ਸਰਕਾਰ ਦੀ ਚਿਤਾਵਨੀ

ਨਵੀਂ ਦਿੱਲੀ 21 ਮਾਰਚ। ਸਰਕਾਰ ਨੇ ਵੀਰਵਾਰ ਨੂੰ ਸੋਸ਼ਲ ਮੀਡੀਆ ਇੰਫਲੂਐਂਸਰ ਅਤੇ ਉਨ੍ਹਾਂ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਵਿਦੇਸ਼ੀ ਆਨਲਾਈਨ ਸੱਟੇਬਾਜੀ ਅਤੇ ਜੂਆ ਪਲੇਟਫਾਰਮ ਦਾ ਪ੍ਰਚਾਰ ਜਾਂ ਵਿਗਿਆਪਨ ਕਰਨ ਤੋਂ ਪਰਹੇਜ ਕਰਨ। ਸੂਚਨਾ ਅਤੇ ਪ੍ਰਸਾਰਨ ਮੰਤਰਾਲਾ ਨੇ ਇਕ ਐਡਵਾਇਜਰੀ 'ਚ ਕਿਹਾ ਹੈ ਕਿ ਇਨ੍ਹਾਂ ਵਿਗਿਆਪਨਾਂ ਦਾ ਉਪਭੋਗਤਾਵਾਂ, ਵਿਸ਼ੇਸ਼ ਕਰ ਕੇ ਨੌਜਵਾਨਾਂ 'ਤੇ ਆਨਲਾਈਨ ਸੱਟੇਬਾਜੀ ਅਤੇ ਜੂਏ ਦਾ ਮਹੱਤਵਪੂਰਨ ਵਿੱਤੀ ਅਤੇ ਸਮਾਜਿਕ-ਆਰਥਿਕ ਪ੍ਰਭਾਵ ਪੈਂਦਾ ਹੈ। ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਹੈ ਕਿ ਮੰਤਰਾਲਾ ਨੇ ਆਨਲਾਈਨ ਵਿਗਿਆਪਨ ਕੰਪਨੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਅਜਿਹੀ ਪ੍ਰਚਾਰ ਸਮੱਗਰੀ ਤੋਂ ਭਾਰਤੀ ਦਰਸ਼ਕਾਂ ਨੂੰ ਨਿਸ਼ਾਨਾ ਨਾ ਬਣਾਏ। ਬਿਆਨ 'ਚ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਨੂੰ ਉਪਯੋਗਕਰਤਾਵਾਂ ਵਿਚਾਲੇ ਅਜਿਹੀ ਸਮੱਗਰੀ ਖ਼ਿਲਾਫ ਜਾਗਰੂਕਤਾ ਪਹਿਲ ਚਲਾਉਣ ਦੀ ਵੀ ਸਲਾਹ ਦਿੱਤੀ ਗਈ ਹੈ।

## ਕਾਂਗਰਸ ਨੇ ਚੋਣ ਕਮਿਸ਼ਨ ਨੂੰ ਕੀਤੀ ਭਾਜਪਾ ਦੀ ਸ਼ਿਕਾਇਤ, ਪਾਰਟੀ ਦੇ 'ਝੂਠੇ ਵਿਗਿਆਪਨਾਂ' 'ਤੇ ਜਤਾਇਆ ਇਤਰਾਜ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 21 ਮਾਰਚ। ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਵਾਲੇ ਵਿਗਿਆਪਨਾਂ ਅਤੇ 'ਮੋਦੀ ਦਾ ਪਰਿਵਾਰ' ਸੰਬੰਧੀ ਪ੍ਰਚਾਰ ਸਮੱਗਰੀ ਖ਼ਿਲਾਫ ਵੀਰਵਾਰ ਨੂੰ ਚੋਣ ਕਮਿਸ਼ਨ ਦਾ ਰੁਖ ਕੀਤਾ ਅਤੇ ਉੱਚਿਤ ਕਾਰਵਾਈ ਦੀ ਮੰਗ ਕੀਤੀ। ਪਾਰਟੀ ਦੇ ਇਕ ਵਫਦ ਨੇ ਕਮਿਸ਼ਨ ਦੇ ਸਾਹਮਣੇ 6 ਸੂਤਰੀ ਵਿਸ਼ਾ ਰੱਖਿਆ ਅਤੇ ਕਿਹਾ ਕਿ ਸੱਤਾਧਾਰੀ ਭਾਜਪਾ ਵਲੋਂ ਚੋਣ ਜਾਬਤਾ ਦੀ ਉਲੰਘਣਾ ਕੀਤੀ ਜਾ ਰਹੀ ਹੈ। ਕਾਂਗਰਸ ਦੇ ਇਸ ਵਫਦ 'ਚ ਪਾਰਟੀ ਦੇ ਸੀਨੀਅਰ ਨੇਤਾ ਮੁਕੁਲ ਵਾਸਨਿਕ ਅਤੇ ਸਲਮਾਨ ਖੁਰਸ਼ੀਦ ਅਤੇ ਸੋਸ਼ਲ ਮੀਡੀਆ ਵਿਭਾਗ ਦੀ ਮੁਖੀ ਸੁਪ੍ਰਿਆ ਸ਼੍ਰੀਨੇਤ ਸ਼ਾਮਲ ਸਨ। ਚੋਣ ਕਮਿਸ਼ਨ ਦੇ ਸਾਹਮਣੇ ਸੌਂਪੇ ਗਏ ਮੰਗ ਪੱਤਰ 'ਚ ਕਾਂਗਰਸ ਨੇ ਕਿਹਾ,"ਭਾਜਪਾ ਦੇ ਝੂਠੇ ਵਿਗਿਆਪਨਾਂ 'ਚ 2ਜੀ ਵੰਡ ਮੁੱਦੇ ਨੂੰ ਉਛਾਲਿਆ ਗਿਆ ਹੈ। ਭਾਜਪਾ ਇਕ ਦਹਾਕੇ ਪੁਰਾਣੀ ਸਲਾਹ ਨੂੰ ਪੂਰੀ ਤਰ੍ਹਾਂ ਨਾਲ ਅੱਗੇ ਵਧਾ ਰਹੀ ਹੈ, ਜਦੋਂ ਕਿ ਵਿਆਪਕ ਨਿਆਇਕ ਪ੍ਰਕਿਰਿਆ ਦੇ ਮਾਧਿਅਮ ਨਾਲ ਉਸ ਦਾ ਇਹ ਸਲਾਹ ਤਬਾਹ ਹੋ ਚੁੱਕੀ ਹੈ।" ਉਸ ਨੇ ਕਮਿਸ਼ਨ ਨੂੰ ਅਪੀਲ ਕੀਤੀ ਕਿ ਇਸ ਤਰ੍ਹਾਂ ਦੇ ਵਿਗਿਆਪਨ ਨੂੰ ਹਟਾਇਆ ਜਾਵੇ ਅਤੇ ਇਸ



ਨੂੰ ਬਣਾਉਣ ਅਤੇ ਦੇਣ ਵਾਲਿਆਂ ਖ਼ਿਲਾਫ ਕਾਰਵਾਈ ਹੋਵੇ। ਮੁੱਖ ਵਿਰੋਧੀ ਦਲ ਨੇ 'ਮੋਦੀ ਦਾ ਪਰਿਵਾਰ' ਸੰਬੰਧੀ ਵਿਗਿਆਪਨਾਂ ਖ਼ਿਲਾਫ ਵੀ ਸ਼ਿਕਾਇਤ ਕੀਤੀ ਹੈ। ਉਸ ਨੇ ਦਾਅਵਾ ਕੀਤਾ,"ਇਸ 'ਚ ਅਧਿਕਾਰਤ ਸਰੋਤਾਂ ਦਾ ਉਪਯੋਗ ਕੀਤਾ ਜਾ ਰਿਹਾ ਹੈ, ਵਿਗਿਆਪਨਾਂ 'ਚ ਹਥਿਆਰਬੰਦ ਫੋਰਸਾਂ ਦਾ ਉਪਯੋਗ ਕਮਿਸ਼ਨ ਦੇ ਕਈ ਨਿਰਦੇਸ਼ਾਂ ਦੀ ਉਲੰਘਣਾ ਹੈ।" ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਦਾ ਪੱਤਰ 'ਵਟਸਐੱਪ' ਰਾਹੀਂ ਭੇਜੇ ਜਾਣ ਦਾ ਮੁੱਦਾ ਚੁੱਕਿਆ ਅਤੇ ਕਿਹਾ ਕਿ ਇਸ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਇਸ ਤਰ੍ਹਾਂ ਦੇ ਪ੍ਰਚਾਰ ਲਈ ਪੀ.ਐੱਮ.ਓ. ਦੇ ਲੈਟਰਹੈੱਡ ਦਾ ਉਪਯੋਗ ਕਿਵੇਂ ਕੀਤਾ ਜਾ ਸਕਦਾ ਹੈ। ਉਸ ਨੇ ਕਮਿਸ਼ਨ ਨੂੰ ਅਪੀਲ ਕੀਤੀ ਕਿ ਦਿੱਲੀ ਮੈਟਰੋ 'ਚ ਲੱਗੇ 'ਮੋਦੀ ਦੀ ਗਾਰੰਟੀ' ਵਾਲੇ ਵਿਗਿਆਪਨ ਨੂੰ ਵੀ ਹਟਾਇਆ ਜਾਵੇ। ਕਾਂਗਰਸ ਨੇ ਕਿਹਾ ਕਿ ਸਰਕਾਰੀ ਅਦਾਰਿਆਂ, ਦਫਤਰਾਂ, ਪੈਟਰੋਲ ਪੰਪਾਂ ਤੋਂ ਲੋਕ ਸਭਾ ਚੋਣਾਂ ਚੋਣਾਂ ਦੀ ਮਿਆਦ ਲਈ, ਉੱਥੇ ਲੱਗੀਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਸਵੀਰਾਂ ਹਟਾਈਆਂ ਜਾਣ, ਕਿਉਂਕਿ ਇਨ੍ਹਾਂ ਨਾਲ ਚੋਣ ਜਾਬਤਾ ਦੀ ਉਲੰਘਣਾ ਹੁੰਦੀ ਹੈ। ਉਸ ਨੇ ਇਹ ਵੀ ਕਿਹਾ,"ਇਕ ਸੀਨੀਅਰ ਕਾਂਗਰਸੀ ਨੇਤਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਭਾਜਪਾ ਦੇ ਸੋਸ਼ਲ ਮੀਡੀਆ ਹੈਂਡਲ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ। ਇਸ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ ਕਾਰਵਾਈ ਕੀਤੀ ਜਾਵੇ।"



# ਚੰਗੀ ਸਿੱਖਿਆ ਲਈ ਮਾਤਾਵਾਂ ਦੀ ਹੋਵੇਗੀ ਟ੍ਰੇਨਿੰਗ, ਪ੍ਰੀ-ਪ੍ਰਾਇਮਰੀ ਅਤੇ ਪ੍ਰਾਇਮਰੀ ਵਿਦਿਆਰਥੀਆਂ 'ਤੇ ਫੋਕਸ

ਚੰਡੀਗੜ੍ਹ 21 ਮਾਰਚ। ਸਕੂਲੀ ਸਿੱਖਿਆ ਨੂੰ ਫੋਕਸ ਵਿਚ ਲੈ ਕੇ ਚੱਲ ਰਹੀ ਪੰਜਾਬ ਸਰਕਾਰ ਨੇ ਇਕ ਨਵੀਂ ਯੋਜਨਾ ਬਣਾਈ ਹੈ। ਇਸ ਦਾ ਮਕਸਦ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਰਵਗੁਣੀ ਵਿਕਾਸ ਦੇ ਮਾਰਗ 'ਤੇ ਅੱਗੇ ਵਧਾਉਣਾ ਹੈ ਤਾਂ ਕਿ 10ਵੀਂ-12ਵੀਂ ਜਮਾਤ ਤੱਕ ਪਹੁੰਚਦੇ-ਪਹੁੰਚਦੇ ਵਿਦਿਆਰਥੀਆਂ ਨੂੰ ਆਪਣੇ ਟੀਚੇ ਸਪੱਸ਼ਟ ਹੋ ਸਕਣ। ਇਸ ਲਈ ਜ਼ਰੂਰੀ ਹੈ ਕਿ ਵਿਦਿਆਰਥੀ ਹਰ ਉਸ ਪਾਠ ਨੂੰ ਗੰਭੀਰਤਾ ਨਾਲ ਪੜ੍ਹਨ ਅਤੇ ਸਿੱਖਣ, ਜਿਸ ਨੂੰ ਅਧਿਆਪਕਾਂ ਵਲੋਂ ਪੜ੍ਹਾਇਆ ਜਾ ਰਿਹਾ ਹੈ। ਅਜਿਹੇ ਪਾਠਨ ਮਾਹੌਲ ਨੂੰ ਬਣਾਉਣ ਲਈ ਰਾਜ ਸਰਕਾਰ ਪ੍ਰੀ ਪ੍ਰਾਇਮਰੀ, ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਦੀਆਂ ਮਾਤਾਵਾਂ ਨੂੰ ਟ੍ਰੇਂਡ ਕਰੇਗੀ। ਅਜਿਹਾ ਇਸ ਲਈ ਤਾਂ ਕਿ ਨੀਂਹ ਮਜ਼ਬੂਤ ਰੱਖੀ ਜਾਵੇ ਅਤੇ ਅੱਗੇ ਦੀ ਪੜ੍ਹਾਈ ਪ੍ਰਫੁਲਿਤ ਹੋਵੇ। ਸਿੱਖਿਆ ਵਿਭਾਗ ਵਲੋਂ ਇਹ ਜੋ ਮਦਰਜ਼ ਵਰਕਸ਼ਾਪ ਦਾ ਕੰਸੈਪਟ ਤਿਆਰ ਕੀਤਾ ਗਿਆ ਹੈ, ਉਸ ਦੇ ਪਿੱਛੇ ਸਰਵਵਿਦਿਤ ਤੱਥ ਹੈ ਕਿ ਮਾਂ ਹੀ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ। ਉਹ ਮਾਂ ਹੀ ਹੁੰਦੀ ਹੈ, ਜਿਸ ਨਾਲ ਬੱਚਾ ਜਨਮ ਤੋਂ ਬਾਅਦ ਸਭ ਤੋਂ ਪਹਿਲਾ ਸੰਪਰਕ ਅਤੇ ਨਜ਼ਦੀਕੀ ਬਣਾਉਂਦਾ ਹੈ। ਹੌਲੀ-ਹੌਲੀ ਮਾਂ ਤੋਂ ਹੀ ਬੋਲਣਾ ਅਤੇ ਪਰਿਵਾਰਿਕ ਸੰਸਕਾਰ ਸਿੱਖਦਾ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਮਦਰਜ਼ ਵਰਕਸ਼ਾਪ ਨੂੰ ਡਿਜ਼ਾਇਨ ਕੀਤਾ ਗਿਆ ਹੈ ਤਾਂ ਕਿ ਅਧਿਆਪਕਾਂ ਨੂੰ ਸਕੂਲ ਵਿਚ ਪੜ੍ਹਾਉਣ ਦੇ ਨਾਲ-ਨਾਲ ਵਿਦਿਆਰਥੀਆਂ ਦੇ ਘਰ ਤੋਂ ਵੀ ਸਹਿਯੋਗ ਮਿਲ ਸਕੇ। ਸਿੱਖਿਆ ਵਿਭਾਗ ਦਾ ਮੰਨਣਾ ਹੈ ਕਿ ਲਗਾਓ ਕਾਰਣ ਬੱਚੇ ਆਪਣੀ ਮਾਂ ਦੀ ਗੱਲ ਧਿਆਨ ਨਾਲ ਸੁਣਦੇ ਅਤੇ ਮੰਨਦੇ ਹਨ, ਇਸ ਲਈ ਜੇਕਰ ਮਾਵਾਂ ਬੱਚਿਆਂ ਦੀ ਸਿੱਖਿਆ ਵਿਚ ਸਹਿਯੋਗ ਦੇਣਗੀਆਂ ਅਤੇ ਨਿਗਰਾਨੀ ਰੱਖਣਗੀਆਂ ਤਾਂ ਬੱਚਿਆਂ ਵਿਚ ਪੜ੍ਹਨ ਦੀ ਰੁਚੀ ਵਧੇਗੀ। ਸਿੱਖਿਆ ਵਿਭਾਗ ਵਲੋਂ ਪ੍ਰੀ ਪ੍ਰਾਇਮਰੀ ਤੋਂ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਦੀਆਂ ਮਾਤਾਵਾਂ ਦੀ ਟ੍ਰੇਨਿੰਗ ਵਰਕਸ਼ਾਪਸ ਨੂੰ 4 ਹਿੱਸਿਆਂ ਵਿਚ ਵੰਡਿਆ ਗਿਆ ਹੈ, ਜੋ ਕਿ 19 ਮਈ ਤੋਂ ਸ਼ੁਰੂ ਹੋ ਕੇ 2 ਫਰਵਰੀ ਤੱਕ ਚੱਲੇਗੀ। ਪਹਿਲੀ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਦੀਆਂ ਮਾਤਾਵਾਂ ਨੂੰ ਪ੍ਰੀ ਪ੍ਰਾਇਮਰੀ, ਪਹਿਲੀ ਅਤੇ ਦੂਜੀ ਜਮਾਤ ਦੀਆਂ ਕਿਤਾਬਾਂ ਅਤੇ ਸਟੱਡੀ ਮੈਟੀਰੀਅਲ ਨਾਲ ਜਾਣ-ਪਛਾਣ ਕਰਵਾਈ ਜਾਵੇਗੀ ਅਤੇ ਦੱਸਿਆ ਜਾਵੇਗਾ ਕਿ ਉਨ੍ਹਾਂ ਦੇ ਬੱਚਿਆਂ ਨੂੰ ਕਿਹੜਾ ਸਿਲੇਬਸ ਕਿਹੜੇ-ਕਿਹੜੇ ਕੁਆਟਰਜ਼ ਵਿਚ ਪੜ੍ਹਾਇਆ ਜਾਵੇਗਾ। ਦੂਜੀ ਟ੍ਰੇਨਿੰਗ ਵਰਕਸ਼ਾਪ ਦੌਰਾਨ ਮਾਤਾਵਾਂ ਨੂੰ ਉਨ੍ਹਾਂ ਵਿਦਿਅਕ ਸਰਗਰਮੀਆਂ ਤੋਂ ਜਾਣੂ ਕਰਵਾਇਆ ਜਾਵੇਗਾ, ਜੋ ਕਿ ਉਹ ਵਿਦਿਆਰਥੀਆਂ ਨਾਲ ਘਰ ਵਿਚ ਖੇਡ-ਖੇਡ ਵਿਚ ਕਰ ਸਕਣਗੀਆਂ। ਨਾਲ ਹੀ ਵਿਦਿਆਰਥੀਆਂ ਦੀ ਪੜ੍ਹਾਈ ਨਾਲ ਸਬੰਧਤ ਵਰਕਸ਼ੀਟਾਂ ਬਾਰੇ ਵੀ ਪੂਰੀ ਜਾਣਕਾਰੀ ਦਿੱਤੀ ਜਾਵੇਗੀ ਤਾਂ ਕਿ ਉਹ ਹੋਮਵਰਕ ਦੌਰਾਨ ਵਿਦਿਆਰਥੀਆਂ ਦੀ ਨਿਗਰਾਨੀ ਕਰ ਸਕਣ। ਟ੍ਰੇਨਿੰਗ ਦੇ ਤੀਜੇ ਹਿੱਸੇ ਦੌਰਾਨ ਪ੍ਰੀ ਪ੍ਰਾਇਮਰੀ ਵਿਦਿਆਰਥੀਆਂ ਦੇ ਪਹਿਲੀ ਜਮਾਤ ਵਿਚ ਪ੍ਰਵੇਸ਼ ਦੀ ਤਿਆਰੀ ਕਰਵਾਈ ਜਾਵੇਗੀ, ਜਿਸ ਵਿਚ ਉਨ੍ਹਾਂ ਦੇ ਵਰਦੀ ਪਹਿਨਣ, ਨੋਟਬੁਕਸ ਨੂੰ ਮੈਨਟੇਨ ਕਰਨ ਵਰਗੀਆਂ ਚੀਜ਼ਾਂ ਬਾਰੇ ਦੱਸਿਆ ਜਾਵੇਗਾ ਅਤੇ ਟ੍ਰੇਨਿੰਗ ਦੇ ਚੌਥੇ ਹਿੱਸੇ ਦੌਰਾਨ ਮਦਰਜ਼ ਨੂੰ ਸਕੂਲ ਵਿਚ ਸਿੱਖਿਆ ਦੌਰਾਨ ਅਧਿਆਪਕਾਂ ਵਲੋਂ ਇਸਤੇਮਾਲ ਕੀਤੇ ਜਾਣ ਵਾਲੇ ਟੀਚਿੰਗ ਐਂਡ ਲਰਨਿੰਗ ਮੈਟੀਰਿਅਲ (ਟੀ.ਐੱਲ. ਐੱਮ.) ਬਾਰੇ ਪੂਰਾ ਬਿਓਰਾ ਦਿੱਤਾ ਜਾਵੇਗਾ ਅਤੇ ਪ੍ਰੇਰਿਤ ਕੀਤਾ ਜਾਵੇਗਾ ਕਿ ਉਹ ਘਰ ਵਿਚ ਵੀ ਬੱਚਿਆਂ ਲਈ ਅਜਿਹਾ ਕੁਝ ਮੈਟੀਰੀਅਲ ਤਿਆਰ ਕਰਨ ਜਿਸ ਨਾਲ ਉਨ੍ਹਾਂ ਦੀ ਸਿੱਖਣ ਦੀ ਸਮਰੱਥਾ ਲਗਾਤਾਰ ਵਧਦੀ ਅਤੇ ਤ੍ਰਿਪਤ ਹੁੰਦੀ ਰਹੇ। 4 ਹਿੱਸਿਆਂ ਵਿਚ ਦਿੱਤੀ ਜਾਣ ਵਾਲੀ ਇਸ ਮਦਰਜ਼ ਟ੍ਰੇਨਿੰਗ ਦੌਰਾਨ ਹੀ ਵਿਦਿਆਰਥੀਆਂ ਦੀਆਂ ਮਾਤਾਵਾਂ ਨੂੰ ਅਧਿਆਪਕਾਂ ਵਲੋਂ ਉਨ੍ਹਾਂ ਨੂੰ ਨਾ ਸਿਰਫ ਮੁੱਢਲੀ ਡਾਕਟਰੀ ਇਲਾਜ ਬਾਰੇ ਦੱਸਿਆ ਜਾਵੇਗਾ, ਸਗੋਂ ਬੱਚਿਆਂ ਦੇ ਟੀਕਾਕਰਣ ਕਰਵਾਉਣ ਅਤੇ ਰਿਕਾਰਡ ਰੱਖਣ, ਡੀ-ਵਾਰਮਿੰਗ ਕਰਨ ਅਤੇ ਬੱਚਿਆਂ ਨੂੰ ਹੋਣ ਵਾਲੀ ਆਮ ਬੀਮਾਰੀਆਂ ਬਾਰੇ ਵੀ ਚਰਚਾ ਕੀਤੀ ਜਾਵੇਗੀ। ਨਾਲ ਹੀ ਬੱਚਿਆਂ ਦੀ ਸੁਰੱਖਿਆ ਲਈ ਪੋਕਸੋ ਐਕਟ ਬਾਰੇ ਵੀ ਦੱਸਿਆ ਜਾਵੇਗਾ ਅਤੇ ਇੰਟਰਨੈੱਟ ਕਾਰਨ ਬੱਚਿਆਂ ਦੀ ਵਿਦਿਆ 'ਤੇ ਪੈ ਰਹੇ ਪ੍ਰਭਾਵਾਂ ਦੀ ਵੀ ਚਰਚਾ ਕੀਤੀ ਜਾਵੇਗੀ। ਵਿਭਾਗ ਵਲੋਂ ਪ੍ਰੀ-ਪ੍ਰਾਇਮਰੀ ਅਤੇ ਪ੍ਰਾਇਮਰੀ ਜਮਾਤਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਮਦਰਜ਼ ਵਰਕਸ਼ਾਪਸ ਦੇ ਮਕਸਦ ਨੂੰ ਹਾਸਲ ਕਰਨ ਲਈ ਇਹ ਜਰੂਰੀ ਹੈ ਕਿ ਇਹ ਵਰਕਸ਼ਾਪ ਪੇਰੈਂਟਜ਼-ਟੀਚਰਜ਼ ਮੀਟਿੰਗ ਤੋਂ ਵੱਖ ਹੋਣ। ਮਦਰਜ਼ ਵਰਕਸ਼ਾਪਸ ਲਈ ਅਧਿਆਪਕ ਮੈਨੇਜਮੈਂਟ ਕਮੇਟੀ ਨਾਲ ਚਰਚਾ ਕਰ ਕੇ ਅਜਿਹਾ ਦਿਨ ਤੈਅ ਕਰਨ, ਜਿਸ ਦਿਨ ਸਾਰੇ ਬੱਚਿਆਂ ਦੀਆਂ ਮਾਵਾਂ ਹਿੱਸਾ ਲੈ ਸਕਣ ਅਤੇ ਅਧਿਆਪਕ ਇਹ ਤੈਅ ਕਰਨਗੇ ਕਿ ਸਾਰੇ ਬੱਚਿਆਂ ਦੀਆਂ ਮਾਤਾਵਾਂ ਨੂੰ ਮਦਰਜ਼ ਵਰਕਸ਼ਾਪ ਦਾ ਬਿਓਰਾ ਦਿੰਦਿਆਂ ਉਨ੍ਹਾਂ ਨੂੰ ਸੱਦਾ ਦਿੱਤਾ ਜਾਵੇ। ਇਹ ਸੱਦਾ ਫ਼ੋਨ 'ਤੇ ਅਤੇ ਖੁਦ ਮਿਲ ਕੇ ਵੀ ਦਿੱਤਾ ਜਾ ਸਕਦਾ ਹੈ। ਉਥੇ ਹੀ, ਵਰਕਸ਼ਾਪ ਲਈ ਵੀ ਪੈਨਸਿਲ-ਕਲਰਜ਼ ਅਤੇ ਹੋਰ ਸਟੇਸ਼ਨਰੀ ਦਾ ਪੂਰਾ ਇੰਤਜ਼ਾਮ ਪਹਿਲਾਂ ਤੋਂ ਕਰ ਕੇ ਰੱਖਣ ਨੂੰ ਕਿਹਾ ਗਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦਾ ਉਦੇਸ਼ ਸਾਰੇ ਬੱਚਿਆਂ ਨੂੰ ਬਿਹਤਰ ਸਿੱਖਿਆ ਅਤੇ ਉਨ੍ਹਾਂ ਨੂੰ ਸਿੱਖਿਆ ਦਾ ਚੰਗਾ ਮਾਹੌਲ ਦੇਣਾ ਹੈ। ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਦੇ ਸਿੱਖਿਆ ਮਾਡਲ ਦੀ ਜਿਵੇਂ ਹਰ ਪਾਸੇ ਤਾਰੀਫ਼ ਹੁੰਦੀ ਹੈ, ਉਝ ਹੀ ਤਾਰੀਫ਼ ਪੰਜਾਬ ਦੀ ਵੀ ਹੋਵੇਗੀ। ਬੱਚੇ ਸਕੂਲ ਤੋਂ ਜ਼ਿਆਦਾ ਸਮਾਂ ਘਰ 'ਤੇ ਗੁਜ਼ਾਰਦੇ ਹਨ ਅਤੇ ਉਥੇ ਵੀ ਜੇਕਰ ਉਨ੍ਹਾਂ ਨੂੰ ਐਕਟੀਵਿਟੀਜ਼ ਰਾਹੀਂ ਸਿੱਖਿਆ ਨਾਲ ਜੋੜੇ ਰੱਖਿਆ ਜਾ ਸਕੇ ਤਾਂ ਇਹ ਬਹੁਤ ਬਿਹਤਰ ਹੋਵੇਗਾ। ਮਜਬੂਤ ਨੀਂਹ 'ਤੇ ਜਿੰਨੀ ਵੀ ਵੱਡੀ ਇਮਾਰਤ ਖੜ੍ਹੀ ਹੋ ਜਾਵੇ, ਉਹ ਮਜਬੂਤੀ ਨਾਲ ਖੜ੍ਹੀ ਰਹੇਗੀ ਅਤੇ ਅੱਜ ਪੰਜਾਬ ਨੂੰ ਇਹੀ ਚਾਹੀਦੀ ਹੈ।



## ਹੈਰੀਟੇਜ ਸਟਰੀਟ 'ਚ ਹੋਏ ਦੋ ਧਮਾਕਿਆਂ ਦੀ ਜਾਂਚ ਪੁਲਸ ਨੇ ਹੁਣ ਹਾਈਟੈੱਕ ਤਰੀਕੇ ਨਾਲ ਕੀਤੀ ਸ਼ੁਰੂ

ਅੰਮ੍ਰਿਤਸਰ 21 ਮਾਰਚ। ਸ੍ਰੀ ਹਰਿਮੰਦਰ ਸਾਹਿਬ ਨੇੜੇ ਹੈਰੀਟੇਜ ਸਟਰੀਟ 'ਚ ਹੋਏ ਦੋ ਬੰਬ ਧਮਾਕਿਆਂ ਦੀ ਜਾਂਚ ਪੰਜਾਬ ਪੁਲਸ ਨੇ ਹੁਣ ਹਾਈਟੈੱਕ ਤਰੀਕੇ ਨਾਲ ਸ਼ੁਰੂ ਕਰ ਦਿੱਤੀ ਹੈ। ਹੁਣ ਪੁਲਸ ਉੱਚ ਤਕਨੀਕ ਰਾਹੀਂ ਸਾਰੀ ਘਟਨਾ ਦੀ ਜਾਂਚ ਕਰੇਗੀ ਕਿ ਇਨ੍ਹਾਂ ਬੰਬਾਂ ਨੂੰ ਉੱਥੇ ਕਿਸ ਨੇ ਇੰਪਲਾਂਟ ਕੀਤਾ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੁਲਸ ਨੇ ਉਕਤ ਇਲਾਕੇ ਦੇ ਮੋਬਾਇਲ ਟਾਵਰਾਂ ਨੂੰ ਨਿਗਰਾਨੀ ਹੇਠ ਲੈ ਲਿਆ ਹੈ। ਹੁਣ ਪੁਲਸ ਉਕਤ ਮੋਬਾਈਲ ਟਾਵਰਾਂ ਤੋਂ ਮਿਲੇ ਪੂਰੇ ਅੰਕੜਿਆਂ ਦਾ ਵਿਸਲੇਸਣ ਕਰਨ ਜਾ ਰਹੀ ਹੈ ਕਿ ਸਨੀਵਾਰ ਤੇ ਸੋਮਵਾਰ ਨੂੰ ਹੋਏ ਧਮਾਕਿਆਂ ਵਾਲੀ ਥਾਂ 'ਤੇ ਕੌਣ-ਕੌਣ ਮੌਜੂਦ ਸੀ ਅਤੇ ਕਿੰਨੀ ਦੇਰ ਤੱਕ ਅਤੇ ਕਿਸ ਨਾਲ ਸਭ ਤੋਂ ਜਿ਼ਆਦਾ ਗੱਲਬਾਤ ਹੋਈ। ਜਾਣਕਾਰੀ ਅਨੁਸਾਰ ਮੌਕੇ 'ਤੇ ਪੁਲਸ ਨੂੰ 4-5 ਸੱਕੀ ਪਦਾਰਥ ਮਿਲੇ ਸਨ, ਜਿਨ੍ਹਾਂ ਦੀ ਫੋਰੈਂਸਿਕ ਜਾਂਚ ਰਿਪੋਰਟ ਅਜੇ ਤੱਕ ਨਹੀਂ ਆਈ ਹੈ . ਦੂਜੇ ਪਾਸੇ ਐੱਨ. ਆਈ. ਏ. ਤੇ ਐੱਨ. ਐੱਸ. ਜੀ. ਅਧਿਕਾਰੀਆਂ ਦੀਆਂ ਟੀਮਾਂ ਵੀ ਦਹਿਸਤੀ ਮਾਡਿਊਲ ਸਬੰਧੀ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਵਿਚ ਜੁਟੀਆਂ ਹੋਈਆਂ ਹਨ। ਉਕਤ ਕੇਂਦਰੀ ਸੁਰੱਖਿਆ ਏਜੰਸੀਆਂ ਦੇ ਅਧਿਕਾਰੀ ਫਿਲਹਾਲ ਆਪਣੇ ਪੱਧਰ 'ਤੇ ਕੀਤੀ ਜਾ ਰਹੀ ਜਾਂਚ ਬਾਰੇ ਕੁਝ ਵੀ ਬੋਲਣ ਤੋਂ ਗੁਰੇਜ ਕਰ ਰਹੇ ਹਨ ਪਰ ਸੂਤਰ ਦੱਸਦੇ ਹਨ ਕਿ ਜਾਂਚ ਟੀਮਾਂ ਘਟਨਾ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੀਆਂ ਉੱਚੀਆਂ ਇਮਾਰਤਾਂ ਦਾ ਮੁਕੰਮਲ ਖਾਕਾ ਤਿਆਰ ਕਰ ਰਹੀਆਂ ਹਨ। ਦੱਸ ਦੇਈਏ ਕਿ ਪੰਜਾਬ ਪੁਲਸ ਨੇ ਜਿਸ ਹਾਈਟੈੱਕ ਤਰੀਕੇ ਦੀ ਜਾਂਚ ਸ਼ੁਰੂ ਕੀਤੀ ਹੈ, ਉਸ ਨੂੰ ਅਪਣਾ ਕੇ ਪੁਲਸ ਨੇ ਪਿਛਲੇ ਸਮੇਂ ਵਿਚ ਵੀ ਕਈ ਵੱਡੇ ਮਾਮਲੇ ਸੁਲਝਾ ਲਏ ਸਨ। ਇਨ੍ਹਾਂ ਵਿਚ ਸੀ. ਆਈ. ਏ. ਸਟਾਫ ਅਫਸਰ ਏ. ਐੱਸ. ਆਈ. ਦਿਲਬਾਗ ਸਿੰਘ ਦੀ ਕਾਰ ਵਿਚ ਬੰਬ ਰੱਖਣ ਦਾ ਮਾਮਲਾ ਪ੍ਰਮੁੱਖ ਹੈ। ਮੋਬਾਈਲ ਟਾਵਰ ਨੂੰ ਨਿਗਰਾਨੀ ਹੇਠ ਲੈ ਕੇ ਉਕਤ ਮਾਮਲੇ ਨੂੰ ਸੁਲਝਾਉਣ 'ਚ ਜੇਕਰ ਪੁਲਸ ਨੇ ਥੋੜ੍ਹੀ ਵੀ ਦੇਰੀ ਕੀਤੀ ਹੁੰਦੀ ਤਾਂ ਉਕਤ ਮਾਮਲੇ ਦੇ ਦੋਸੀ ਦੇਸ ਛੱਡ ਕੇ ਵਿਦੇਸ ਚਲੇ ਗਏ ਹੁੰਦੇ ਅਤੇ ਫਿਰ ਇਹ ਮਾਮਲਾ ਰਹੱਸ ਬਣਿਆ ਰਹਿੰਦਾ । ਉਕਤ ਮਾਮਲੇ ਦੇ ਮੁਲਜਮ ਗੈਂਗਸਟਰ ਲੰਡਾ ਦੇ ਕਾਫੀ ਕਰੀਬੀ ਸਨ ਅਤੇ ਬੰਬ ਰੱਖਣ ਵਾਲੇ ਦੋਵਾਂ ਮੁਲਜਮਾਂ ਨੂੰ ਵਿਦੇਸ ਜਾਣ ਤੋਂ ਪਹਿਲਾਂ ਹੀ ਦਿੱਲੀ ਏਅਰਪੋਰਟ ਤੋਂ ਪੁਲਸ ਟੀਮ ਨੇ ਕਾਬੂ ਕਰ ਲਿਆ ਸੀ। ਦੂਜੇ ਪਾਸੇ ਇਸ ਵਿਸਵ ਪ੍ਰਸਿੱਧ ਵਿਰਾਸਤੀ ਗਲੀ ਦੀ ਮਹੱਤਤਾ ਨੂੰ ਦੇਖਦੇ ਹੋਏ ਪੁਲਸ ਟੀਮ ਇਸ ਮਾਮਲੇ ਦੀ ਦਹਿਸਤੀ ਕੋਣ, ਸਰਾਰਤੀ ਅਨਸਰਾਂ ਅਤੇ ਨਿੱਜੀ ਕਾਰਨਾਂ ਤਹਿਤ ਵੀ ਜਾਂਚ ਕਰ ਰਹੀ ਹੈ। ਡੀ. ਸੀ. ਪੀ. ਪਰਮਿੰਦਰ ਸਿੰਘ ਭੰਡਾਲ ਦਾ ਕਹਿਣਾ ਹੈ ਕਿ ਇਸ ਘਟਨਾ ਤੋਂ ਬਾਅਦ ਪੁਲਸ ਦੇ ਉੱਚ ਅਧਿਕਾਰੀਆਂ ਨੇ ਸਹਿਰ ਦੀ ਸਮੁੱਚੀ ਪੁਲਸ ਫੋਰਸ ਨੂੰ ਹਾਈ ਅਲਰਟ 'ਤੇ ਰੱਖ ਦਿੱਤਾ ਹੈ ਤੇ ਪੂਰੇ ਸਹਿਰ ਦੇ ਐਂਟਰੀ ਅਤੇ ਐਗਜਿ਼ਟ ਪੁਆਇੰਟਾਂ 'ਤੇ ਚੈਕਿੰਗ ਦੇ ਨਾਲ-ਨਾਲ ਸੱਕੀ ਵਿਅਕਤੀਆਂ ਨੂੰ ਪੁਲਸ ਰਾਊਂਡਅੱਪ ਵੀ ਕਰ ਰਹੀ ਹੈ।

## ਘਰ ਤੋਂ ਹਸਪਤਾਲ ਜਾਣ-ਆਉਣ ਲਈ 7 ਕਿਲੋਮੀਟਰ ਪੈਦਲ ਤੁਰੀ ਗਰਭਵਤੀ ਔਰਤ, ਲੂ ਲੱਗਣ ਨਾਲ ਹੋਈ ਮੌਤ

ਪਾਲਘਰ 21 ਮਾਰਚ। ਮਹਾਰਾਸ਼ਟਰ ਦੇ ਪਾਲਘਰ ਜਿ਼ਲ੍ਹੇ 'ਚ ਸੋਮਵਾਰ ਨੂੰ ਪ੍ਰਾਇਮਰੀ ਸਿਹਤ ਕੇਂਦਰ (ਪੀ.ਐੱਚ.ਸੀ.) ਜਾਣ ਅਤੇ ਫਿਰ ਘਰ ਪਰਤਣ ਲਈ ਪਿੰਡ ਤੋਂ 7 ਕਿਲੋਮੀਟਰ ਪੈਦਲ ਤੁਰਨ ਤੋਂ ਬਾਅਦ ਲੂ ਲੱਗਣ ਨਾਲ 21 ਸਾਲਾ ਇਕ ਗਰਭਵਤੀ ਆਦਿਵਾਸੀ ਔਰਤ ਦੀ ਮੌਤ ਹੋ ਗਈ। ਪਾਲਘਰ ਜਿ਼ਲ੍ਹੇ ਦੇ ਸਿਵਲ ਸਰਜਨ ਡਾ. ਸੰਜੇ ਬੋਡਾਡੇ ਨੇ ਦੱਸਿਆ,"ਇਹ ਘਟਨਾ ਸ਼ੁੱਕਰਵਾਰ ਨੂੰ ਉਸ ਸਮੇਂ ਹੋਈ, ਜਦੋਂ ਦਹਾਨੂੰ ਤਾਲੁਕਾ ਦੇ ਓਸਰ ਵੀਰਾ ਪਿੰਡ ਦੀ ਸੋਨਾਲੀ ਵਾਘਾਟ ਧੁੱਪ 'ਚ 3.5 ਕਿਲੋਮੀਟਰ ਪੈਦਲ ਤੁਰ ਕੇ ਕੋਲ ਦੇ ਇਕ ਰਾਜਮਾਰਗ ਪਹੁੰਚੀ, ਜਿੱਥੋਂ ਉਹ ਤਵਾ ਪੀ.ਐੱਚ.ਸੀ. ਲਈ ਇਕ ਆਟੋ-ਰਿਕਸ਼ਾ ਲੈ ਗਈ, ਕਿਉਂਕਿ ਉਸ ਦੀ ਸਿਹਤ ਠੀਕ ਨਹੀਂ ਸੀ।" 9 ਮਹੀਨੇ ਦੀ ਗਰਭਵਤੀ ਔਰਤ ਦਾ ਪੀ.ਐੱਚ.ਸੀ. 'ਚ ਇਲਾਜ ਕਰ ਕੇ ਘਰ ਭੇਜ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਤੇਜ ਗਰਮੀ ਦਰਮਿਆਨ ਉਹ ਫਿਰ ਤੋਂ ਹਾਈਵੇਅ ਤੋਂ 3.5 ਕਿਲੋਮੀਟਰ ਪੈਦਲ ਤੁਰ ਕੇ ਘਰ ਵਾਪਸ ਆਈ। ਅਧਿਕਾਰੀ ਨੇ ਕਿਹਾ ਕਿ ਬਾਅਦ 'ਚ ਸ਼ਾਮ ਨੂੰ, ਉਸ ਨੂੰ ਸਿਹਤ ਸੰਬੰਧੀ ਜਟਿਲਤਾਵਾਂ ਹੋਈਆਂ ਅਤੇ ਉਹ ਧੁੰਦਲਵਾੜੀ ਪੀ.ਐੱਚ.ਸੀ. ਗਈ, ਜਿੱਥੋਂ ਉਸ ਨੂੰ ਕਾਸਾ ਸਬ ਡਿਵੀਜਨਲ ਹਸਪਤਾਲ (ਐੱਸ.ਡੀ.ਐੱਚ.) ਰੈਫਰ ਕਰ ਦਿੱਤਾ ਗਿਆ। ਡਾਕਟਰਾਂ ਨੇ ਉਸ ਨੂੰ ਦਹਾਨੂੰ ਦੇ ਧੁੰਦਲਵਾੜੀ ਦੇ ਇਕ ਵਿਸ਼ੇਸ਼ ਹਸਪਤਾਲ 'ਚ ਰੈਫਰ ਕਰ ਦਿੱਤਾ। ਡਾਕਟਰਾਂ ਨੇ ਕਿਹਾ ਕਿ ਰਸਤੇ 'ਚ ਐਂਬੂਲੈਂਸ 'ਚ ਹੀ ਉਸ ਦੀ ਮੌਤ ਹੋ ਗਈ। ਅਧਿਕਾਰੀ ਨੇ ਕਿਹਾ ਕਿ ਔਰਤ ਗਰਮੀ 'ਚ 7 ਕਿਲੋਮੀਟਰ ਤੱਕ ਤੁਰੀ, ਇਸ ਨਾਲ ਉਸ ਦੀ ਹਾਲਤ ਵਿਗੜ ਗਈ ਅਤੇ ਬਾਅਦ 'ਚ ਲੂ ਲੱਗਣ ਕਾਰਨ ਉਸ ਦੀ ਮੌਤ ਹੋ ਗਈ।



## ਮਲਕੋ ਨੇੜੇ ਮੋਟਰਸਾਈਕਲ ਸਵਾਰ ਨੌਜਵਾਨਾਂ ਨਾਲ ਨਕਾਬਪੋਸ਼ਾਂ ਨੇ ਕੀਤੀ ਹੱਥੋਪਾਈ, 1 ਨੂੰ ਮਾਰਿਆ ਦਾਤਰ

ਲਾਂਬੜਾ 21 ਮਾਰਚ। ਲਾਂਬੜਾ ਥਾਣੇ ਅਧੀਨ ਪੈਂਦੇ ਪਿੰਡ ਮਲਕੋ ਨੇੜੇ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨਾਲ 6-7 ਨੌਜਵਾਨਾਂ ਨੇ ਹੱਥੋਪਾਈ ਕੀਤੀ ਅਤੇ ਜਾਂਦੇ ਹੋਏ ਇਕ ਨੌਜਵਾਨ ਨੂੰ ਦਾਤਰ ਮਾਰ ਕੇ ਗੰਭੀਰ ਜਖਮੀ ਕਰ ਦਿੱਤਾ। ਜਖਮੀਆਂ ਨੂੰ ਇਲਾਜ ਲਈ ਜਲੰਧਰ ਦੇ ਸਿਵਲ ਹਸਪਤਾਲ ਲਿਜਾਇਆ ਗਿਆ। ਜਾਣਕਾਰੀ ਦਿੰਦਿਆਂ ਜਖਮੀ ਜਸਪ੍ਰੀਤ ਦੇ ਪਿਤਾ ਰਾਜ ਕੁਮਾਰ ਵਾਸੀ ਵਿਰਕ ਐਨਕਲੇਵ ਨਜਦੀਪ ਵਡਾਲਾ ਚੌਂਕ ਨੇ ਦੱਸਿਆ ਕਿ ਜਸਪ੍ਰੀਤ ਆਪਣੇ ਦੋਸਤ ਨਾਲ ਪਿੰਡ ਮਲਕੋ ਨੇੜੇ ਕਿਸੇ ਕੰਮ ਲਈ ਗਿਆ ਹੋਇਆ ਸੀ। ਜਦੋਂ ਉਹ ਪਿੰਡ ਮਲਕੋ ਨੇੜੇ ਪਹੁੰਚਿਆ ਤਾਂ ਪਿੱਛਿਓਂ 6-7 ਮੋਟਰਸਾਈਕਲ ਸਵਾਰ ਨੌਜਵਾਨ ਆਏ ਅਤੇ ਉਨ੍ਹਾਂ ਨੇ ਆਉਂਦੇ ਹੀ ਜਸਪ੍ਰੀਤ ਅਤੇ ਉਸ ਦੇ ਦੋਸਤ ਨਾਲ ਹੱਥੋਪਾਈ ਸ਼ੁਰੂ ਕਰ ਦਿੱਤੀ ਅਤੇ ਜਾਂਦੇ ਹੋਏ ਜਸਪ੍ਰੀਤ ਨੂੰ ਦਾਤਰ ਮਾਰ ਕੇ ਜਖਮੀ ਕਰ ਦਿੱਤਾ। ਰਾਜ ਕੁਮਾਰ ਨੇ ਦੱਸਿਆ ਕਿ ਜਿਹੜੇ ਹਮਲਾਵਰਾਂ ਨੇ ਜਸਪ੍ਰੀਤ ਨੂੰ ਦਾਤਰ ਮਾਰ ਕੇ ਜਖਮੀ ਕੀਤਾ, ਉਨ੍ਹਾਂ ਸਭ ਨੇ ਆਪਣੇ ਮੂੰਹ ਕੱਪੜੇ ਨਾਲ ਢਕੇ ਹੋਏ ਸਨ ਅਤੇ ਵਾਰਦਾਤ ਨੂੰ ਅੰਜਾਮ ਦੇਣ ਦੇ ਬਾਅਦ ਹਮਲਾਵਰ ਮੋਟਰਸਾਈਕਲਾਂ 'ਤੇ ਮੌਕੇ ਤੋਂ ਫਰਾਰ ਹੋ ਗਏ। ਜਸਪ੍ਰੀਤ ਨੇ ਇਸ ਦੀ ਸੂਚਨਾ ਆਪਣੇ ਪਿਤਾ ਰਾਜ ਕੁਮਾਰ ਨੂੰ ਦਿੱਤੀ, ਜੋ ਖ਼ੂਨ ਵਿਚ ਲਥਪਥ ਜਸਪ੍ਰੀਤ ਨੂੰ ਇਲਾਜ ਲਈ ਸਿਵਲ ਹਸਪਤਾਲ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਸ ਦਾ ਇਲਾਜ ਕੀਤਾ ਅਤੇ ਐੱਮ. ਐੱਲ. ਆਰ. ਕੱਟ ਦਿੱਤੀ। ਰਾਜ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਇਸ ਸਬੰਧੀ ਥਾਣਾ ਲਾਂਬੜਾ ਦੀ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਥਾਣਾ ਲਾਂਬੜਾ ਦੇ ਐੱਸ. ਐੱਚ. ਓ. ਹਰੀਸ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਸਬੰਧੀ ਕੋਈ ਸੂਚਨਾ ਨਹੀਂ ਮਿਲੀ।

## ਅਫਗਾਨਿਸਤਾਨ ਤੋਂ ਆਈ ਝਾੜੂ ਦੀ ਖੇਪ 'ਚ 38 ਕਰੋੜ ਦੀ ਹੈਰੋਇਨ ਜਬਤ, ਜੋੜਾ ਗ੍ਰਿਫਤਾਰ

ਅੰਮ੍ਰਿਤਸਰ 21 ਮਾਰਚ। ਆਈ. ਸੀ. ਪੀ. ਅਟਾਰੀ ਸਰਹੱਦ 'ਤੇ ਇਕ ਵਾਰ ਫਿ਼ਰ ਹੈਰੋਇਨ ਸਮੱਗਲਰਾਂ ਦੇ ਇਰਾਦਿਆਂ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਡੀ. ਆਰ. ਆਈ. ਅਤੇ ਕਸਟਮ ਵਿਭਾਗ ਦੀ ਟੀਮ ਨੇ ਅਫਗਾਨਿਸਤਾਨ ਤੋਂ ਆਯਾਤ ਕੀਤੀ ਗਈ ਝਾੜੂ ਦੀ ਖੇਪ ਵਿੱਚੋਂ 5 ਕਿਲੋ 480 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦੀ ਅੰਤਰਰਾਸਟਰੀ ਬਾਜਾਰ ਵਿਚ ਕੀਮਤ 38 ਕਰੋੜ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ। ਇਸ ਮਾਮਲੇ ਵਿਚ ਡੀ. ਆਰ. ਆਈ. ਦੀ ਟੀਮ ਨੇ ਝਾੜੂ ਆਯਾਤ ਕਰਨ ਵਾਲੇ ਜੋੜੇ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ ਅਤੇ ਉਨ੍ਹਾਂ ਦੇ ਨੈੱਟਵਰਕ ਨੂੰ ਟਰੇਸ ਕਰਨ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਗੱਲ ਕਰੀਏ ਤਾਂ ਝਾੜੂਆਂ ਦੀ ਖੇਪ ਪਹਿਲੀ ਵਾਰ ਆਈ. ਸੀ .ਪੀ. ਅਟਾਰੀ ਬਾਰਡਰ 'ਤੇ ਆਯਾਤ ਕੀਤਾ ਗਿਆ ਸੀ ਪਰ ਖੇਪ ਦੀ ਆਯਾਤ ਕਰਨ ਵਾਲੇ ਜੋੜੇ 'ਤੇ ਪਹਿਲਾਂ ਵੀ ਦਿੱਲੀ ਦੇ ਲਾਜਪਤ



ਨਗਰ ਵਿਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਕੇਸ ਦਰਜ ਸੀ ਅਤੇ ਡੀ .ਆਰ. ਆਈ ਦੀ ਟੀਮ ਲੰਮੇ ਸਮੇਂ ਤੋਂ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਫਿ਼ਲਹਾਲ ਲੰਮੇ ਸਮੇਂ ਬਾਅਦ ਡੀ. ਆਰ. ਆਈ ਅਤੇ ਕਸਟਮ ਵਿਭਾਗ ਦੀ ਟੀਮ ਨੇ ਇਸ ਤਰ੍ਹਾਂ ਦਾ ਕੇਸ ਬਣਾਇਆ ਹੈ। ਇਸ ਤੋਂ ਪਹਿਲਾਂ ਕਸਟਮ ਵਿਭਾਗ ਦੀ ਟੀਮ ਨੇ ਪਾਕਿਸਤਾਨ ਤੋਂ ਆਯਾਤ ਕੀਤੇ ਨਮਕ ਦੀ ਖੇਪ ਵਿਚੋਂ 532 ਕਿਲੋ ਹੈਰੋਇਨ ਅਤੇ 52 ਕਿਲੋ ਮਿਕਸਡ ਨਸੀਲੇ ਪਦਾਰਥ ਜਬਤ ਕੀਤੇ ਸਨ, ਜਿਸ ਤੋਂ ਬਾਅਦ ਅਫਗਾਨਿਸਤਾਨ ਤੋਂ ਮਲੱਠੀ ਤੋਂ 105 ਕਿਲੋ ਹੈਰੋਇਨ ਜਬਤ ਕੀਤੀ ਗਈ ਸੀ। ਜਾਣਕਾਰੀ ਅਨੁਸਾਰ 40 ਬੈਗਾਂ 'ਚ 4000 ਝਾੜੂ ਸਨ, ਜਿਨ੍ਹਾਂ 'ਚ ਹੈਰੋਇਨ ਨੂੰ ਬਾਂਸ ਦੇ 442 ਖੋਖਲੇ ਛੋਟੇ ਟੁੱਕੜਿਆਂ ਜਾਂ ਡੰਡਿਆਂ 'ਚ ਲੁਕੋ ਕੇ ਭਰਿਆ ਗਿਆ ਸੀ। ਇਨ੍ਹਾਂ ਡੰਡਿਆਂ ਨੂੰ 3 ਬੈਗਾਂ 'ਚ ਭਰਿਆ ਗਿਆ ਸੀ, ਜਿਨ੍ਹਾਂ ਦੇ ਸਿਰੇ ਨੂੰ ਮੁੜ ਤੋਂ ਸੀਲ ਕਰ ਦਿੱਤਾ ਗਿਆ ਸੀ ਅਤੇ ਅਜਿਹੀਆਂ ਛੜੀਆਂ ਨੂੰ ਅੱਗੇ ਅਫਗਾਨ ਝਾੜੂ ਦੇ ਅੰਦਰ ਲੁਕੋ ਕੇ ਪੈਕ ਕਰ ਦਿੱਤਾ ਗਿਆ ਸੀ

## 'ਭ੍ਰਿਸ਼ਟ ਅਤੇ ਲਾਪ੍ਰਵਾਹ ਸਰਕਾਰੀ ਕਰਮਚਾਰੀਆਂ ਵਿਰੁੱਧ' 'ਕਾਰਵਾਈ 'ਚ ਤੇਜੀ ਅਤੇ ਸਖਤੀ ਲਿਆਂਦੀ ਜਾਵੇ'

ਸਰਕਾਰ ਵਲੋਂ ਨਿਸ਼ਠਾਪੂਰਵਕ ਡਿਊਟੀ ਨਿਭਾਉਣ ਦੇ ਨਿਰਦੇਸ਼ ਦੇਣ ਦੇ ਬਾਵਜੂਦ ਕਈ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਡਿਊਟੀ 'ਚ ਲਾਪ੍ਰਵਾਹੀ ਵਰਤਣ, ਬਿਨਾਂ ਛੁੱਟੀ ਲਏ ਡਿਊਟੀ ਤੋਂ ਗੈਰ-ਹਾਜਰ ਰਹਿਣ ਆਦਿ ਦੀਆਂ ਸ਼ਿਕਾਇਤਾਂ ਲਗਾਤਾਰ ਮਿਲਦੀਆਂ ਰਹਿੰਦੀਆਂ ਹਨ, ਜਿਸ ਨਾਲ ਸਰਕਾਰੀ ਕੰਮਕਾਜ ਪ੍ਰਭਾਵਿਤ ਹੋਣ ਨਾਲ ਆਮ ਜਨਤਾ ਨੂੰ ਭਾਰੀ ਪ੍ਰੇਸ਼ਾਨੀ ਹੁੰਦੀ ਹੈ। ਇਸ ਬੁਰਾਈ ਨੂੰ ਰੋਕਣ ਲਈ ਕੁਝ ਸੂਬਾ ਸਰਕਾਰਾਂ ਨੇ ਲਾਪ੍ਰਵਾਹ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਇਸੇ ਸਿਲਸਿਲੇ 'ਚ 11 ਮਈ ਨੂੰ ਪੰਜਾਬ ਅਤੇ ਹਰਿਆਣਾ 'ਚ ਲਾਪ੍ਰਵਾਹ ਕਰਮਚਾਰੀਆਂ ਨੂੰ ਮੁਅੱਤਲ ਕੀਤੇ ਜਾਣ ਦੇ ਕੁਝ ਮਾਮਲੇ ਸਾਹਮਣੇ ਆਏ ਹਨ। ਪਹਿਲੇ ਮਾਮਲੇ 'ਚ ਪੰਜਾਬ ਦੇ ਊਰਜਾ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੇ ਨਿਰਦੇਸ਼ਾਂ 'ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਵ੍ਹਟਸਐਪ ਰਾਹੀਂ ਮਿਲੀ ਸ਼ਿਕਾਇਤ ਦੇ ਆਧਾਰ 'ਤੇ ਡਿਸਟ੍ਰੀਬਿਊਸ਼ਨ ਡਵੀਜਨ ਬਠਿੰਡਾ ਦੇ ਅਧੀਨ ਤਾਇਨਾਤ ਜੂਨੀਅਰ ਇੰਜੀਨੀਅਰ ਗੁਰਵਿੰਦਰ ਸਿੰਘ ਨੂੰ ਸਰਕਾਰੀ ਡਿਊਟੀ ਦੌਰਾਨ ਬੇਨਿਯਮੀਆਂ, ਬਿਜਲੀ ਕੁਨੈਕਸ਼ਨ ਲਈ ਰਿਸ਼ਵਤ ਮੰਗਣ ਅਤੇ ਲਾਪ੍ਰਵਾਹੀ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਹੈ। ਦੂਜੇ ਮਾਮਲੇ 'ਚ ਹਰਿਆਣਾ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਅਨਿਲ ਵਿਜ ਨੇ ਮੁਲਾਣਾ ਸਥਿਤ ਭਾਈਚਾਰਕ ਸਿਹਤ ਕੇਂਦਰ ਦੇ ਦੌਰੇ ਦੌਰਾਨ ਡਾਕਟਰਾਂ ਸਮੇਤ ਡਿਊਟੀ ਤੋਂ ਗੈਰ-ਹਾਜਰ ਪਾਏ ਗਏ 5 ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਅਤੇ ਹੋਰ ਸਟਾਫ ਨੂੰ ਵੀ ਅਜਿਹੀਆਂ ਹਰਕਤਾਂ ਤੋਂ ਬਾਜ ਆਉਣ ਲਈ ਕਿਹਾ ਹੈ। ਸਾਡੇ ਦੇਸ਼ 'ਚ ਆਮ ਤੌਰ 'ਤੇ ਸਰਕਾਰੀ ਕਰਮਚਾਰੀਆਂ ਨੂੰ ਫਰਜਾਂ ਦੀ ਪਾਲਣਾ 'ਚ ਲਾਪ੍ਰਵਾਹੀ ਵਰਤਣ ਦਾ ਦੋਸ਼ੀ ਪਾਏ ਜਾਣ 'ਤੇ ਮੁਅੱਤਲ ਹੀ ਕੀਤਾ ਜਾਂਦਾ ਹੈ ਪਰ ਵਧੇਰੇ ਮਾਮਲਿਆਂ 'ਚ ਉਹ ਅਕਸਰ ਮੁਅੱਤਲੀ ਰੱਦ ਕਰਵਾ ਕੇ ਬਹਾਲ ਹੋ ਜਾਂਦੇ ਹਨ। ਇਸ ਲਈ ਲਾਪ੍ਰਵਾਹ ਕਰਮਚਾਰੀਆਂ ਵਿਰੁੱਧ ਛੇਤੀ ਜਾਂਚ ਕਰ ਕੇ ਦੋਸ਼ ਸਿੱਧ ਹੋਣ 'ਤੇ ਉਨ੍ਹਾਂ ਨੂੰ ਭਾਰੀ ਜੁਰਮਾਨਾ ਜਾਂ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਹੀ ਦੂਜਿਆਂ ਨੂੰ ਨਸੀਹਤ ਮਿਲੇਗੀ। ਸਾਰੇ ਸੂਬਿਆਂ ਦੇ ਸਬੰਧਤ ਵਿਭਾਗਾਂ 'ਚ ਅਜਿਹੀਆਂ ਕਾਰਵਾਈਆਂ ਸ਼ੁਰੂ ਕਰਨ ਦੀ ਤੁਰੰਤ ਲੋੜ ਹੈ।



## ਬਠਿੰਡਾ ਦੀ ਹਾਈ ਸਕਿਓਰਿਟੀ ਜੇਲ 'ਚ ਕੈਦੀਆਂ ਨੇ ਕੀਤੀ ਭੁੱਖ ਹੜਤਾਲ, ਜੇਲ ਪ੍ਰਸਾਸਨ ਤੋਂ ਕੀਤੀ ਇਹ ਮੰਗ

ਬਠਿੰਡਾ 21 ਮਾਰਚ। ਬਠਿੰਡਾ ਦੀ ਹਾਈ ਸਕਿਓਰਿਟੀ ਜੇਲ 'ਚ ਬੰਦ 50 ਦੇ ਕਰੀਬ ਕੈਦੀ ਭੁੱਖ ਹੜਤਾਲ 'ਤੇ ਹਨ। ਇਨ੍ਹਾਂ 'ਚ ਨਾਭਾ ਜੇਲ ਬ੍ਰੇਕ ਕਾਂਡ 'ਚ ਨਾਮਜਦ ਮੁਲਜਮਾਂ ਸਮੇਤ ਹੋਰ ਕੈਦੀ ਵੀ ਸਾਮਲ ਹਨ। ਇਨ੍ਹਾਂ ਕੈਦੀਆਂ ਨੇ ਪਿਛਲੇ ਤਿੰਨ ਦਿਨਾਂ ਤੋਂ ਕੁਝ ਨਹੀਂ ਖਾਧਾ। ਇਸ ਦਾ ਕਾਰਨ ਜੇਲ ਪ੍ਰਸਾਸਨ ਵੱਲੋਂ ਕੈਦੀਆਂ ਦੀਆਂ ਮੰਗਾਂ ਨੂੰ ਪੂਰਾ ਨਾ ਕਰਨਾ ਹੈ। ਦਰਅਸਲ ਨਾਭਾ ਜੇਲ ਬ੍ਰੇਕ ਕਾਂਡ ਦੇ ਦੋਸੀ ਗੁਰਪ੍ਰੀਤ ਸਿੰਘ ਅਤੇ ਹੋਰ ਕੈਦੀਆਂ ਨੇ ਜੇਲ ਪ੍ਰਸਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀਆਂ ਬੈਰਕਾਂ 'ਚ ਟੀ. ਵੀ. ਲਗਾਏ ਜਾਣ ਪਰ ਜੇਲ ਦੀ ਸੁਰੱਖਿਆ ਜਿ਼ਆਦਾ ਹੋਣ ਕਾਰਨ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ। ਕੈਦੀਆਂ ਨੇ ਜੇਲ ਪ੍ਰਸਾਸਨ ਤੋਂ ਆਪਣੇ ਖਰਚੇ 'ਤੇ ਟੀ. ਵੀ. ਸੈੱਟ ਲਗਾਉਣ ਦੀ ਇਜਾਜਤ ਮੰਗੀ ਹੈ। ਇਹ ਵੀ ਕਿਹਾ ਗਿਆ ਕਿ ਜੇਕਰ ਕੋਈ ਕੈਦੀ ਇਸ ਸਹੂਲਤ ਦੀ ਦੁਰਵਰਤੋਂ ਕਰਦਾ ਹੈ ਤਾਂ ਉਸ ਤੋਂ ਇਹ ਸਹੂਲਤ ਵਾਪਸ ਲੈ ਲਈ ਜਾਵੇ

## ਅਧਿਆਪਕ ਭਰਤੀ ਰਿਕਾਰਡ 'ਚ ਗੜਬੜੀ ਕਰਨ ਦੇ ਦੋਸ਼ ਹੇਠ ਸਿੱਖਿਆ ਵਿਭਾਗ ਦੇ 5 ਮੁਲਾਜ਼ਮ ਗ੍ਰਿਫਤਾਰ

ਚੰਡੀਗੜ੍ਹ/ਗੁਰਦਾਸਪੁਰ 21 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਸਿੱਖਿਆ ਵਿਭਾਗ ਦੇ 5 ਮੁਲਾਜ਼ਮਾਂ ਨੂੰ 2007 ਵਿਚ ਈ. ਟੀ. ਟੀ./ਜੇ. ਬੀ. ਟੀ./ਟੀਚਿੰਗ ਫੈਲੋਜ ਦੀਆਂ ਲਗਭਗ 9998 ਅਸਾਮੀਆਂ ਦੀ ਪੰਜਾਬ ਪੱਧਰ 'ਤੇ ਭਰਤੀ ਕਰਨ ਸਬੰਧੀ ਸਰਕਾਰੀ ਰਿਕਾਰਡ ਵਿਚ ਬੇਨਿਯਮੀਆਂ ਅਤੇ ਗੜਬੜੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮੋਹਾਲੀ ਦੀ ਸਮਰੱਥ ਅਦਾਲਤ ਵਲੋਂ ਵਿਜੀਲੈਂਸ ਬਿਊਰੋ ਨੂੰ ਇਨ੍ਹਾਂ ਮੁਲਜ਼ਮਾਂ ਦਾ ਤਿੰਨ ਦਿਨ ਦਾ ਪੁਲਸ ਰਿਮਾਂਡ ਦੇ ਦਿੱਤਾ ਗਿਆ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਦੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਵਿਜੀਲੈਂਸ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੇ ਥਾਣਾ, ਉਡਣ ਦਸਤਾ-1, ਪੰਜਾਬ, ਵਿਚ 08 ਮਈ 2023 ਨੂੰ ਆਈ. ਪੀ. ਸੀ. ਦੀ ਧਾਰਾ 409, 420, 465, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 (13) (1) (ਏ), 13 (2) ਤਹਿਤ ਸ਼ਿਕਾਇਤ ਦਰਜ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਮੁਕੱਦਮੇ ਵਿਚ ਸ਼ਾਮਲ ਮੁਲਜ਼ਮਾਂ, ਜ਼ਿਲਾ ਸਿੱਖਿਆ ਦਫਤਰ (ਡੀ. ਈ. ਓ.) ਐਲੀਮੈਂਟਰੀ, ਲੁਧਿਆਣਾ ਦੇ ਕਰਮਚਾਰੀ ਮਨਜੀਤ ਸਿੰਘ ਜੂਨੀਅਰ ਸਹਾਇਕ, ਮਹਿੰਦਰ ਸਿੰਘ ਸੀਨੀਅਰ ਸਹਾਇਕ, (ਦੋਵੇਂ ਸੇਵਾਮੁਕਤ) ਅਤੇ ਡੀ. ਈ. ਓ. (ਐਲੀਮੈਂਟਰੀ), ਗੁਰਦਾਸਪੁਰ ਦੇ ਧਰਮਪਾਲ, ਸੀਨੀਅਰ ਸਹਾਇਕ, ਨਰਿੰਦਰ ਕੁਮਾਰ, ਜੂਨੀਅਰ ਸਹਾਇਕ, ਅਤੇ ਮਿਤਰ ਵਾਸੂ, ਸੀਨੀਅਰ ਸਹਾਇਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੜਤਾਲ ਦੌਰਾਨ ਲੁਧਿਆਣਾ ਅਤੇ ਗੁਰਦਾਸਪੁਰ ਵਿਖੇ ਤਾਇਨਾਤ ਰਹੇ ਸਨ ਅਤੇ ਸਾਲ 2007 ਵਿਚ ਈ.ਟੀ.ਟੀ./ਜੇ.ਬੀ.ਟੀ./ਟੀਚਿੰਗ ਫੈਲੋਜ ਦੀਆਂ ਪੰਜਾਬ ਪੱਧਰ 'ਤੇ ਲਗਭਗ 9998 ਅਸਾਮੀਆਂ ਲਈ ਬਿਨੈ ਕਰਨ ਵਾਲੇ ਹਜ਼ਾਰਾਂ ਉਮੀਦਵਾਰਾਂ ਦਾ ਭਰਤੀ ਰਿਕਾਰਡ ਸੁਰੱਖਿਅਤ ਰੱਖਣ ਲਈ ਜ਼ਿੰਮੇਵਾਰ ਸਨ।




## ਚਾਹ ਪੀ ਕੇ ਦੁਕਾਨ 'ਚੋਂ ਨਿਕਲੇ ਬਜੁਰਗ ਚੌਕੀਦਾਰ ਨੂੰ ਟਰੱਕ ਨੇ ਕੁਚਲਿਆ

ਜਲੰਧਰ 21 ਮਾਰਚ। ਟਰਾਂਸਪੋਰਟ ਨਗਰ ਵਿਚ ਜਾਂਦੀ ਰੋਡ 'ਤੇ ਇਕ ਟਰੱਕ ਨੇ ਬਜੁਰਗ ਚੌਕੀਦਾਰ ਨੂੰ ਕੁਚਲ ਦਿੱਤਾ। ਮੌਕੇ 'ਤੇ ਹੀ ਚੌਕੀਦਾਰ ਦੀ ਮੌਤ ਹੋ ਗਈ, ਜਦਕਿ ਟਰੱਕ ਡਰਾਈਵਰ ਟਰੱਕ ਨੂੰ ਉਥੇ ਹੀ ਛੱਡ ਕੇ ਫਰਾਰ ਹੋ ਗਿਆ। ਮ੍ਰਿਤਕ ਦੀ ਪਛਾਣ ਲਾਲ ਬਹਾਦੁਰ (65) ਪੁੱਤਰ ਗੌਂਕੇ ਬਹਾਦਰ ਮੂਲ ਵਾਸੀ ਨੇਪਾਲ, ਹਾਲ ਵਾਸੀ ਨਿਊ ਹਰਗੋਬਿੰਦ ਨਗਰ ਵਜੋਂ ਹੋਈ। ਥਾਣਾ ਨੰਬਰ 8 ਦੇ ਐੱਸ. ਆਈ. ਬਲਜੀਤ ਸਿੰਘ ਨੇ ਦੱਸਿਆ ਕਿ ਲਾਲ ਬਹਾਦੁਰ ਉਥੇ ਹੀ ਚੌਂਕੀਦਾਰੀ ਕਰਦਾ ਸੀ। ਬੁੱਧਵਾਰ ਸ਼ਾਮ ਲਗਭਗ ਸਾਢੇ 5 ਵਜੇ ਉਹ ਟਰਾਂਸਪੋਰਟ ਨਗਰ ਵਿਚ ਸਥਿਤ ਕਾਕਾ ਟੀ ਸਟਾਲ ਤੋਂ ਚਾਹ ਪੀ ਕੇ ਬਾਹਰ ਨਿਕਲਿਆ ਸੀ। ਜਿਵੇਂ ਹੀ ਉਹ ਰੋਡ 'ਤੇ ਆਇਆ ਤਾਂ ਇਕ ਤੇਜ ਰਫਤਾਰ ਟਰੱਕ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਜਿਵੇਂ ਹੀ ਪੁਲਸ ਨੂੰ ਸੂਚਨਾ ਮਿਲੀ ਤਾਂ ਐੱਸ. ਆਈ. ਬਲਜੀਤ ਸਿੰਘ ਸਮੇਤ ਥਾਣਾ ਨੰਬਰ 8 ਦੀ ਪੁਲਸ ਟੀਮ ਮੌਕੇ 'ਤੇ ਪਹੁੰਚੀ। ਜਿਸ ਟਰੱਕ ਨੇ ਲਾਲ ਬਹਾਦੁਰ ਨੂੰ ਕੁਚਲਿਆ, ਉਹ ਖਾਲੀ ਸੀ, ਜਦਕਿ ਡਰਾਈਵਰ ਭੱਜ ਚੁੱਕਾ ਸੀ। ਪੁਲਸ ਨੇ ਟਰੱਕ ਨੂੰ ਕਬਜੇ ਵਿਚ ਲੈ ਲਿਆ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿਚ ਰਖਵਾ ਦਿੱਤਾ ਹੈ। ਪੁਲਸ ਨੇ ਮ੍ਰਿਤਕ ਦੇ ਬੇਟੇ ਵਿਕਰਮ ਦੇ ਬਿਆਨਾਂ 'ਤੇ ਟਰੱਕ ਚਾਲਕ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਦਾ ਕਹਿਣਾ ਹੈ ਕਿ ਜਲਦ ਹੀ ਟਰੱਕ ਚਾਲਕ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਡਰੋਨ ਰਾਹੀਂ ਭਾਰਤ ਪੁੱਜੀ 15 ਕਰੋੜ ਦੀ ਹੈਰੋਇਨ ਬਰਾਮਦ

ਤਰਨਤਾਰਨ 21 ਮਾਰਚ। ਤਰਨਤਾਰਨ ਅਧੀਨ ਆਉਂਦੀ ਭਾਰਤ-ਪਾਕਿਸਤਾਨ ਸਰਹੱਦ ਨੂੰ ਪਾਰ ਕਰ ਡਰੋਨ ਰਾਹੀਂ ਭੇਜੀ ਗਈ 3 ਕਿੱਲੋ ਹੈਰੋਇਨ ਨੂੰ ਸੂਚਨਾ ਦੇ ਆਧਾਰ 'ਤੇ ਥਾਣਾ ਖੇਮਕਰਨ ਦੀ ਪੁਲਸ ਅਤੇ ਬੀ. ਐੱਸ. ਐੱਫ. ਵੱਲੋਂ ਬਰਾਮਦ ਕਰ ਲਿਆ ਗਿਆ ਹੈ। ਜਾਣਕਾਰੀ ਦਿੰਦੇ ਹੋਏ ਸਬ ਡਿਵੀਜਨ ਭਿੱਖੀਵਿੰਡ ਦੇ ਡੀ. ਐੱਸ. ਪੀ. ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਪਾਕਿਸਤਾਨ ਵੱਲੋਂ ਸਰਹੱਦੀ ਇਲਾਕਾ ਖੇਮਕਰਨ ਅਧੀਨ ਆਉਂਦੇ ਬੀ. ਓ. ਪੀ. ਟੀ-ਬੰਦ ਰਾਹੀਂ ਡਰੋਨ ਦਾਖਲ ਹੋਣ ਦੀ ਸੂਚਨਾ ਪ੍ਰਾਪਤ ਹੋਈ ਸੀ।

## ਸੋਸ਼ਲ ਮੀਡੀਆ 'ਤੇ ਹੋਈ ਦੋਸਤੀ ਪਈ ਮਹਿੰਗੀ, ਹਨੀ ਟ੍ਰੈਪ 'ਚ ਫਸਾ ਕੇ ਪਹਿਲਾਂ ਕਮਰੇ 'ਚ ਬੁਲਾਇਆ ਤੇ ਫਿਰ...

ਸਾਹਨੇਵਾਲ/ਮਾਛੀਵਾੜਾ ਸਾਹਿਬ 21 ਮਾਰਚ। ਸੋਸਲ ਮੀਡੀਆ ਰਾਹੀਂ ਬਣੀ ਮਹਿਲਾ ਦੋਸਤ ਨੇ ਆਪਣੇ ਪੁਰਸ ਦੋਸਤ ਨੂੰ ਝਾਂਸੇ 'ਚ ਫਸਾ ਕੇ ਕਮਰੇ 'ਚ ਬੁਲਾ ਕੇ ਆਪਣੇ ਦੋ ਹੋਰ ਸਾਥੀਆਂ ਦੀ ਮਦਦ ਨਾਲ ਠੱਗਣ ਦੀ ਕੋਸਿ਼ਸ ਕਰਦੇ ਹੋਏ ਉਸ ਦੀ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ . ਹਨੀ ਟ੍ਰੈਪ ਵਰਗੇ ਇਸ ਮਾਮਲੇ 'ਚ ਪੀੜਤ ਦੋਸਤ ਨੇ ਤੁਰੰਤ ਸਥਾਨਕ ਪੁਲਸ ਨੂੰ ਇਸ ਦੀ ਸਿ਼ਕਾਇਤ ਦਿੱਤੀ, ਜਿਸ ਤੋਂ ਬਾਅਦ ਹਰਕਤ 'ਚ ਆਈ ਥਾਣਾ ਕੂੰਮਕਲਾਂ ਦੀ ਪੁਲਸ ਨੇ ਤੁਰੰਤ ਮਹਿਲਾ ਮਿੱਤਰ ਅਤੇ ਉਸ ਦੇ 2 ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ। ਥਾਣਾ ਮੁਖੀ ਸਬ-ਇੰਸਪੈਕਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਪੀੜਤ ਸਨੀ ਕੁਮਾਰ ਪੁੱਤਰ ਹੇਮਰਾਜ ਵਾਸੀ ਪਿੰਡ ਭੱਟਾ, ਜਿ਼ਲਾ ਹਮੀਰਪੁਰ, (ਹਿਮਾਚਲ ਪ੍ਰਦੇਸ' ਹਾਲ ਵਾਸੀ ਭੋਲਾ ਕਾਲੋਨੀ, ਤਾਜਪੁਰ ਰੋਡ, ਲੁਧਿਆਣਾ ਨੇ ਬੀਤੀ 9 ਮਈ ਨੂੰ ਚੌਂਕੀ ਕਟਾਣੀ ਕਲਾਂ 'ਚ ਪਹੁੰਚ ਕੇ ਦੱਸਿਆ ਕਿ ਉਹ ਕੋਹਾੜਾ 'ਚ ਇਕ ਆਯੁਰਵੈਦਿਕ ਹੈਲਥ ਪ੍ਰੋਡਕਸ ਕੰਪਨੀ 'ਚ ਕੰਮ ਕਰਦਾ ਹੈ, ਜਿਸ ਦੀ ਇਕ ਸੋਸਲ ਮੀਡੀਆ ਸਾਈਟ ਉੱਪਰ 'ਤੇ ਡਿੰਪਲ ਉਰਫ ਪੂਜਾ ਨਾਂ ਦੀ ਔਰਤ ਨਾਲ ਜਾਣ-ਪਛਾਣ ਹੋ ਗਈ। ਜਿਸ ਨੇ ਖੁਦ ਨੂੰ ਤਲਾਕਸੁਦਾ ਦੱਸਦੇ ਹੋਇਆ ਕਿਹਾ ਕਿ ਉਹ ਕੁਹਾੜਾ 'ਚ ਹੀ ਆਪਣੇ ਬੱਚਿਆਂ ਨਾਲ ਕਿਰਾਏ ਦੇ ਮਕਾਨ 'ਚ ਰਹਿੰਦੀ ਹੈ, ਜਿਸ ਤੋਂ ਬਾਅਦ ਉਨ੍ਹਾਂ ਦੀ ਫੋਨ 'ਤੇ ਗੱਲਬਾਤ ਹੋਣੀ ਸੁਰੂ ਹੋ ਗਈ . ਇਸ ਤੋਂ ਬਾਅਦ ਬੀਤੀ 4 ਮਈ ਨੂੰ ਡਿੰਪਲ ਉਰਫ ਪੂਜਾ ਨੇ ਸਨੀ ਨੂੰ ਆਪਣੇ ਕਮਰੇ 'ਚ ਬੁਲਾਇਆ ਅਤੇ ਸਾਮ ਕਰੀਬ 4 ਵਜੇ ਸਨੀ ਡਿੰਪਲ ਦੇ ਕਮਰੇ 'ਚ ਪਹੁੰਚ ਗਿਆ . ਕਮਰੇ ਅੰਦਰ ਦਾਖਲ ਹੁੰਦੇ ਹੀ ਡਿੰਪਲ ਉਰਫ ਪੂਜਾ ਨੇ ਕਮਰੇ ਦਾ ਦਰਵਾਜਾ ਬੰਦ ਕਰ ਲਿਆ। ਜਦੋਂ ਸਨੀ ਨੇ ਡਿੰਪਲ ਨੂੰ ਬੁਲਾਉਣ ਦਾ ਕਾਰਨ ਪੁੱਛਿਆ ਤਾਂ ਅਚਾਨਕ ਹੀ ਪਹਿਲਾਂ ਤੋਂ ਕਮਰੇ ਅੰਦਰ ਮੌਜੂਦ 2 ਨੌਜਵਾਨ ਬਾਹਰ ਨਿਕਲ ਆਏ, ਜਿਨ੍ਹਾਂ 'ਚੋਂ ਇਕ ਜਿਸ ਨੂੰ ਡਿੰਪਲ ਗੌਰਵ ਨਾਂ ਲੈ ਕੇ ਬੁਲਾ ਰਹੀ ਸੀ, ਨੇ ਸਨੀ ਦੇ ਗਲ 'ਤੇ ਲੋਹੇ ਦਾ ਦਾਤਰ ਰੱਖ ਦਿੱਤਾ ਅਤੇ ਉਸ ਕੋਲੋਂ ਕਰੀਬ 1500 ਦੀ ਨਕਦੀ, ਉਸ ਦਾ ਓਪੋ ਕੰਪਨੀ ਦਾ ਮੋਬਾਇਲ ਸਮੇਤ ਸਿਮ ਕਾਰਡ ਖੋਹ ਲਏ। ਇਸ ਤੋਂ ਬਾਅਦ ਦਾਤਰ ਦੀ ਨੋਕ 'ਤੇ ਹੀ ਫੋਨ 'ਤੇ ਸਨੀ ਦੀ ਵੀਡਿਓ ਬਣਾਈ ਗਈ, ਜਿਸ 'ਚ ਸਨੀ ਤੋਂ ਅਖਵਾਇਆ ਗਿਆ ਕਿ ਉਹ ਕਮਰੇ 'ਚ ਲੜਕੀ ਦਾ ਰੇਪ ਕਰਨ ਆਇਆ ਸੀ ਅਤੇ ਉਸ ਕੋਲੋਂ ਗਲਤੀ ਹੋਈ ਹੈ, ਉਸ ਨੂੰ ਮੁਆਫ ਕੀਤਾ ਜਾਵੇ . ਇਹ ਵੀਡਿਓ ਬਣਾਉਣ ਤੋਂ ਬਾਅਦ ਉਕਤ ਲੜਕਿਆਂ ਨੇ ਜਬਰਦਸਤੀ ਸਨੀ ਦੇ ਮੋਟਰਸਾਈਕਲ ਨੰਬਰ ਪੀ. ਬੀ.-10-ਸੀ. ਈ.-5281 ਸੀ. ਡੀ. ਡੀਲਕਸ ਖੋਹ ਲਿਆ ਅਤੇ ਉਸ ਨੂੰ 35000 ਰੁਪਏ ਹੋਰ ਲਿਆਉਣ ਲਈ ਕਿਹਾ। ਅਜਿਹਾ ਨਾ ਕਰਨ 'ਤੇ ਵੀਡਿਓ ਨੂੰ ਵਾਇਰਲ ਕਰਨ ਦੀ ਧਮਕੀ ਦਿੱਤੀ। ਸਨੀ ਨੇ ਪੁਲਸ ਨੂੰ ਦੱਸਿਆ ਕਿ ਉਹ ਕਿਸੇ ਤਰ੍ਹਾਂ ਉਨ੍ਹਾਂ ਦੇ ਚੁੰਗਲ 'ਚੋਂ ਬਚ ਕੇ ਵਾਪਸ ਆ ਗਿਆ ਅਤੇ ਇਸ ਬਾਰੇ ਸਿ਼ਕਾਇਤ ਪੁਲਸ ਨੂੰ ਕੀਤੀ। ਥਾਣਾ ਮੁਖੀ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਹਰਕਤ 'ਚ ਆਉਂਦਿਆਂ ਡਿੰਪਲ ਕੁਮਾਰੀ ਉਰਫ ਪੂਜਾ ਪੁੱਤਰੀ ਨਿਸਾਨ ਸਿੰਘ ਵਾਸੀ ਪਿੰਡ ਫਰਾਏਮਲ, ਜਿ਼ਲਾ ਫਿਰੋਜਪੁਰ, ਗੌਰਵ ਪੁੱਤਰ ਦੇਸ ਰਾਜ ਵਾਸੀ ਫਿਰੋਜਪੁਰ ਕੈਂਟ ਅਤੇ ਇਕ ਅਣਪਛਾਤੇ ਖਿ਼ਲਾਫ ਕੇਸ ਦਰਜ ਕੀ ਤਾ ਹੈ, ਜਿਨ੍ਹਾਂ 'ਚੋਂ ਪੁਲਸ ਨੇ ਡਿੰਪਲ ਅਤੇ ਗੌਰਵ ਨੂੰ ਗ੍ਰਿਫਤਾਰ ਕਰਦੇ ਹੋਏ ਸਨੀ ਦਾ ਮੋਟਰਸਾਈਕਲ, ਮੋਬਾਇਲ ਫੋਨ ਅਤੇ ਲੋਹੇ ਦਾ ਇਕ ਦਾਤਰ ਬਰਾਮਦ ਕਰ ਲਿਆ . ਇਨ੍ਹਾਂ ਦੇ ਤੀਜੇ ਸਾਥੀ ਦੀ ਤਲਾਸ ਕੀਤੀ ਜਾ ਰਹੀ ਹੈ।




ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689
011-23315814
Mob. : 9971359517
9312262300
E-mail address:
qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸਿਕਲੀਗਰ ਸਿੱਖਾਂ ਦੀ ਕੁੱਟਮਾਰ ਤੇ ਕਤਲ ਦਾ ਮਾਮਲਾ: ਅਕਾਲੀ ਦਲ ਨੇ ਪੀੜਤ ਪਰਿਵਾਰ ਦੀ ਕੀਤੀ ਵਿੱਤੀ ਮਦਦ

ਚੰਡੀਗੜ੍ਹ 21 ਮਾਰਚ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਮਹਾਰਾਸਟਰ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ਸੂਬੇ 'ਚ ਲੋਕਾਂ ਵਿੱਚ ਵਧੇਰੇ ਆਪਸੀ ਸਮਝ ਪੈਦਾ ਕਰਨ ਤੇ ਫਿਰਕੂ ਸਦਭਾਵਨਾ ਕਾਇਮ ਕਰਨ ਵਾਸਤੇ ਜਾਗਰੂਕਤਾ ਲਿਆਉਣ ਲਈ ਵਿਸੇਸ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਦੇਸ ਭਰ ਵਿੱਚ ਮਹਾਨ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਕੌਮ ਦੀ ਭੂਮਿਕਾ ਬਾਰੇ ਜਾਗਰੂਕਤਾ ਲਹਿਰ ਆਰੰਭੀ ਜਾਵੇ। ਉਨ੍ਹਾਂ ਕਿਹਾ ਕਿ ਮਹਾਰਾਸਟਰ 'ਚ 3 ਸਿਕਗਲੀਗਰ ਸਿੱਖਾਂ ਨਾਲ ਕੁੱਟਮਾਰ ਤੇ ਕਤਲ ਦੇ ਮੱਦੇਨਜਰ ਅਜਿਹਾ ਕਰਨਾ ਲਾਜਮੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਹੈ ਕਿਉਂਕਿ ਇਕ ਸੂਬਾ ਜੋ ਤਖਤ ਸ੍ਰੀ ਹਜੂਰ ਸਾਹਿਬ ਨਾਂਦੇੜ ਸਾਹਿਬ ਕਾਰਨ ਦੁਨੀਆ ਭਰ ਵਿੱਚ ਪ੍ਰਸਿੱਧ ਹੈ ਅਤੇ ਜੋ ਦਸਮ ਪਾਤਸਾਹ ਸ੍ਰੀਗੁਰੂ ਗੋਬਿੰਦ ਸਿੰਘ ਜੀ ਨਾਲ ਇਤਿਹਾਸਕ ਤੌਰ 'ਤੇ ਜੁੜੇ ਹੋਣ ਕਾਰਨ ਪ੍ਰਸਿੱਧ ਹੈ, 'ਚ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਬਾਦਲ ਨੇ ਮੁੱਖ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਪੀੜਤਾਂ ਦੇ ਪਰਿਵਾਰਾਂ 'ਚੋਂ ਇਕ-ਇਕ ਯੋਗ ਵਿਅਕਤੀ ਨੂੰ ਸਰਕਾਰੀ ਨੌਕਰੀ ਅਤੇ ਐਕਸਗ੍ਰੇਸੀਆ ਗ੍ਰਾਂਟ ਪ੍ਰਦਾਨ ਕਰਨ। ਬਾਦਲ ਨੇ ਗੁਰਿੰਦਰ ਸਿੰਘ ਬਾਜਵਾ ਦੀ ਡਿਊਟੀ ਲਗਾਈ ਕਿ ਉਹ ਪ੍ਰਭਾਵਿਤ ਪਰਿਵਾਰਾਂ ਨੂੰ ਨਿੱਜੀ ਤੌਰ 'ਤੇ ਜਾ ਕੇ ਮਿਲਣ ਅਤੇ ਪੀੜਤ ਕ੍ਰਿਪਾਲ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਅਤੇ ਜਖਮੀ ਅਰੁਣ ਸਿੰਘ ਤਾਕ ਤੇ ਗੋਰਾ ਸਿੰਘ ਢੁਡਾਨੀ ਦੇ ਪਰਿਵਾਰ ਨੂੰ 1-1 ਲੱਖ ਰੁਪਏ ਦੀ ਸਹਾਇਤਾ ਪ੍ਰਦਾਨ ਕਰਨ ਤੇ ਇਹ ਦੱਸਣ ਕਿ ਸ਼੍ਰੋਮਣੀ ਅਕਾਲੀ ਦਲ ਰਾਹੀਂ ਸਾਰੀ ਦੁਨੀਆ ਤੋਂ ਸਿੱਖ ਕੌਮ ਉਨ੍ਹਾਂ ਦੇ ਨਾਲ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੁਨੀਆ ਭਰ ਵਿੱਚ ਸਿੱਖ ਕੌਮ ਦੇ ਹਰ ਮੈਂਬਰ ਦੇ ਹਿੱਤਾਂ ਦੀ ਰਖਵਾਲੀ ਯਕੀਨੀ ਬਣਾਏਗਾ।

# ਸੁਰਖੀਆਂ 'ਚ ਫਿਰੋਜਪੁਰ ਦੀ ਕੇਂਦਰੀ ਜੇਲ੍ਹ, ਵਧਾਈ ਗਈ ਸੁਰੱਖਿਆ

ਫਿਰੋਜ਼ਪੁਰ 21 ਮਾਰਚ। ਸ਼ਰਾਰਤੀ ਅਨਸਰਾਂ ਵੱਲੋਂ ਬਾਹਰੋਂ ਪੈਕਟਾਂ ਵਿੱਚ ਬੰਦ ਕਰਕੇ ਮੋਬਾਈਲ ਅਤੇ ਨਸ਼ੀਲੇ ਪਦਾਰਥ ਜੇਲ੍ਹ ਅੰਦਰ ਸੁੱਟਣ ਦਾ ਸਿਲਸਿਲਾ ਪਿਛਲੇ ਲੰਮੇ ਸਮੇਂ ਤੋਂ ਜਾਰੀ ਹੈ। ਜੇਲ੍ਹ ਦੀਆਂ ਦੋ ਸਾਈਡ ਦੀਆਂ ਕੰਧਾਂ ਖਾਲੀ ਏਰੀਆ ਨਾਲ ਲੱਗਦੀਆਂ ਹਨ ਅਤੇ ਇੱਕ ਪਾਸੇ ਮਾਡਲ ਟਾਊਨ ਦਾ ਰਿਹਾਇਸ਼ੀ ਇਲਾਕਾ ਲੱਗਦਾ ਹੈ, ਜਿੱਥੋਂ ਸ਼ਰਾਰਤੀ ਅਨਸਰ ਅਕਸਰ ਹੀ ਜੇਲ੍ਹ ਦੇ ਅੰਦਰ ਮੋਬਾਈਲ ਅਤੇ ਨਸ਼ੀਲੇ ਪਦਾਰਥ ਟੇਪ ਨਾਲ ਲਪੇਟ ਕੇ ਪੈਕਟ ਬਣਾ ਕੇ ਸੁੱਟ ਦਿੰਦੇ ਹਨ। ਜੇਲ੍ਹ ਪ੍ਰਸ਼ਾਸਨ ਵੱਲੋਂ ਕੰਧਾਂ 'ਤੇ ਬਿਜਲੀ ਦੀਆਂ ਤਾਰਾਂ ਵੀ ਲਗਾਈਆਂ ਗਈਆਂ ਹਨ ਪਰ ਇਸ ਦੇ ਬਾਵਜੂਦ ਵੀ ਸ਼ਰਾਰਤੀ ਅਨਸਰ ਵੱਲੋਂ ਜੇਲ੍ਹ ਦੇ ਅੰਦਰ ਥਰੋ ਕਰਨ ਦਾ ਲਗਾਤਾਰ ਸਿਲਸਿਲਾ ਜਾਰੀ ਹੈ। ਜੇਲ੍ਹ ਸੁਪਰਡੈਂਟ ਗੁਰਨਾਮ ਲਾਲ ਦੀ ਅਗਵਾਈ ਹੇਠ ਜੇਲ੍ਹ ਸਟਾਫ਼ ਨੇ ਅਜਿਹੇ ਥਰੋ ਹੋਏ ਪੈਕਟ ਬਰਾਮਦ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ ਅਤੇ ਅਜਿਹੇ ਸ਼ਰਾਰਤੀ ਅਨਸਰਾਂ ਦੇ ਨਾਪਾਕ ਇਰਾਦਿਆਂ ਨੂੰ ਨਾਕਾਮ ਕੀਤਾ ਗਿਆ ਹੈ। ਕੁਝ ਦਿਨ ਪਹਿਲਾਂ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਜੇਲ੍ਹ ਅੰਦਰੋਂ ਇੱਕ ਗੇਂਦ ਵਿੱਚ ਨਸ਼ੀਲਾ ਪਦਾਰਥ ਪਾ ਕੇ ਅੰਦਰ ਸੁੱਟਣ ਦੀ ਕੋਸਿਸ਼ ਕਰਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਸੀ। ਸ਼ਰਾਰਤੀ ਅਨਸਰਾਂ ਦੇ ਅਜਿਹੇ ਮਨਸੂਬਿਆਂ ਨੂੰ



ਦੇਖਦਿਆਂ ਜੇਲ੍ਹ ਦੇ ਅੰਦਰ ਅਤੇ ਜੇਲ੍ਹ ਦੇ ਬਾਹਰ ਵੀ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਜੇਲ੍ਹ ਪ੍ਰਸ਼ਾਸਨ ਦੀ ਚੌਕਸੀ ਸਦਕਾ ਸ਼ਰਾਰਤੀ ਅਨਸਰਾਂ ਵੱਲੋਂ ਜੇਲ੍ਹ ਅੰਦਰ ਸੁੱਟੇ ਗਏ 3 ਪੈਕਟ ਬਰਾਮਦ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 11 ਮੋਬਾਈਲ ਫੋਨ, 3 ਅਡਾਪਟਰ, ਇੱਕ ਚਾਰਜਰ, 71 ਗ੍ਰਾਮ ਕਾਲੇ ਰੰਗ ਦਾ ਨਸ਼ੀਲਾ ਪਦਾਰਥ ਅਤੇ 58 ਤੰਬਾਕੂ ਜ਼ਰਦਾ ਦੀਆਂ ਪੁੜੀਆਂ ਬਰਾਮਦ ਹੋਈਆਂ ਹਨ। ਜੇਲ ਪ੍ਰਸ਼ਾਸਨ ਵੱਲੋਂ ਚਲਾਏ ਗਏ ਸਰਚ ਆਪਰੇਸ਼ਨ ਦੌਰਾਨ ਜੇਲ੍ਹ ਦੇ ਦੋ ਹਵਾਲਾਤੀਆਂ ਤੋਂ ਇਕ ਮੋਬਾਇਲ ਫੋਨ ਅਤੇ ਇਕ ਛੋਟੀ ਬੈਟਰੀ ਵੀ ਬਰਾਮਦ ਹੋਈ ਹੈ। ਇਨ੍ਹਾਂ ਬਰਾਮਦਗੀਆਂ ਸਬੰਧੀ ਜੇਲ੍ਹ ਦੇ ਸਹਾਇਕ ਸੁਪਰਡੈਂਟ ਜਸਵੀਰ ਸਿੰਘ ਵੱਲੋਂ ਪੁਲਸ ਨੂੰ ਦਿੱਤੇ ਲਿਖਤੀ ਪੱਤਰ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਅਤੇ ਹਵਾਲਾਤੀ ਹਰਪਿੰਦਰ ਸਿੰਘ ਅਤੇ ਹਵਾਲਾਤੀ ਬਿੰਦਰ ਸਿੰਘ ਖ?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫਿਰੋਜ਼ਪੁਰ ਦੇ ਏ.ਐਸ.ਆਈ ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਪੁਲਸ ਨੂੰ ਦੱਸਿਆ ਗਿਆ ਹੈ ਕਿ ਜੇਲ੍ਹ ਦੇ ਬਲਾਕ ਨੰਬਰ 3 ਦੇ ਵਰਾਂਡੇ ਵਿੱਚ ਬਣੇ ਬਾਥਰੂਮਾਂ ਦੇ ਨੇੜੇ ਭੂਰੇ ਰੰਗ ਦੀ ਟੇਪ ਨਾਲ ਲਪੇਟੇ 3 ਪੈਕਟ ਬਾਹਰੋਂ ਸੁੱਟੇ ਗਏ ਸਨ, ਜਿਨ੍ਹਾਂ ਨੂੰ ਖੋਲ੍ਹਣ 'ਤੇ ਉਨ੍ਹਾਂ ਵਿਚੋਂ 3 ਬਿਨਾਂ ਸਿਮ ਦੇ ਓਪੋ ਟੱਚ ਸਕਰੀਨ ਮੋਬਾਈਲ, 8 ਬਿਨਾਂ ਸਿਮ ਦੇ ਸੈਮਸੰਗ ਕੀਪੈਡ ਮੋਬਾਈਲ, ਲਿਫਾਫੇ 'ਚ ਲਪੇਟਿਆ 71 ਗ੍ਰਾਮ ਕਾਲੇ ਰੰਗ ਦਾ ਨਸ਼ੀਲਾ ਪਾਊਡਰ, 3 ਚਿੱਟੇ ਰੰਗ ਦੇ ਅਡੈਪਟਰ, ਇਕ ਚਾਰਜਰ ਅਤੇ 58 ਤੰਬਾਕੂ ਜਰਦੇ ਦੀਆਂ ਪੁੜੀਆਂ ਨਿਕਲੀਆਂ ਹਨ। ਉਨ੍ਹਾਂ ਦੱਸਿਆ ਕਿ ਜੇਲ੍ਹ ਅੰਦਰ ਗੁਪਤ ਸੂਚਨਾ ਦੇ ਆਧਾਰ 'ਤੇ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਹਵਾਲਾਤੀ ਹਰਪਿੰਦਰ ਸਿੰਘ ਪਾਸੋਂ ਸੈਮਸੰਗ ਕੀਪੈਡ ਮੋਬਾਈਲ ਫ਼ੋਨ ਸਮੇਤ ਸਿਮ ਕਾਰਡ ਅਤੇ ਬੈਟਰੀ ਅਤੇ ਹਵਾਲਾਤੀ ਬਿੰਦਰ ਸਿੰਘ ਪਾਸੋਂ ਮੋਬਾਈਲ ਦੀ ਛੋਟੀ ਸੈਮਸੰਗ ਕੰਪਨੀ ਦੀ ਬੈਟਰੀ ਬਰਾਮਦ ਹੋਈ।

### ਮੁਕੇਰੀਆਂ ਤੋਂ ਚੋਰੀ ਹੋਈ ਕਾਰ ਜਲੰਧਰ ਟਰੈਫਿਕ ਪੁਲਸ ਨੇ ਰਵਿਦਾਸ ਚੌਂਕ ਤੋਂ ਕੀਤੀ ਕਾਬੂ

ਜਲੰਧਰ 21 ਮਾਰਚ। ਜਲੰਧਰ ਸ਼ਹਿਰ ਵਿਚ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਅਤੇ ਏ. ਡੀ. ਸੀ. ਪੀ. ਟਰੈਫਿਕ ਕੰਵਲਪ੍ਰੀਤ ਸਿੰਘ ਚਾਹਲ ਵੱਲੋਂ ਮਾੜੇ ਅਨਸਰਾਂ ਅਤੇ ਸ਼ੱਕੀ ਵਾਹਨਾਂ ਦੀ ਚੈਕਿੰਗ ਸਬੰਧੀ ਚਲਾਈ ਗਈ ਮੁਹਿੰਮ ਨੂੰ ਉਦੋਂ ਸਫਲਤਾ ਮਿਲੀ ਜਦੋਂ ਮੁਕੇਰੀਆਂ ਤੋਂ ਚੋਰੀ ਕੀਤੀ ਗਈ ਕਾਰ ਜਲੰਧਰ ਤੋਂ ਬਰਾਮਦ ਕੀਤੀ ਗਈ। ਮਿਲੀ ਜਾਣਕਾਰੀ ਮੁਤਾਬਕ ਬੀਤੇ ਕੱਲ੍ਹ ਮੁਕੇਰੀਆਂ ਦੇ ਕਾਰ ਸਟੈਂਡ ਤੋਂ ਉਕਤ ਕਾਰ ਚੋਰੀ ਕੀਤੀ ਗਈ ਸੀ। ਉਕਤ ਕਾਰ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਕੀਤੀ ਗਈ। ਕਾਰ ਦਾ ਨੰਬਰ ਵਾਇਰਲ ਹੋਣ ਮਗਰੋਂ ਅੱਜ ਜਲੰਧਰ ਦੀ ਟਰੈਫਿਕ ਪੁਲਸ ਏ. ਐੱਸ. ਆਈ. ਕੁਲਵਿੰਦਰ ਕੁਮਾਰ, ਹਰਬਿਲਾਸ ਸਿੰਘ ਵੱਲੋਂ ਰਵਿਦਾਸ ਚੌਂਕ ਤੋਂ ਕਾਰ ਫੜੀ ਗਈ ਹੈ। ਉਥੇ ਹੀ ਫੜੀ ਗਈ ਕਾਰ ਨੂੰ ਲੈ ਕੇ ਪੁਲਸ ਵੱਲੋਂ ਅਗੇਲਰੀ ਜਾਂਚ ਕੀਤੀ ਜਾ ਰਹੀ ਹੈ।

# ਪੁਲਸ ਸਿਪਾਹੀ ਖਾਤਰ 2 ਲੱਖ ਦੀ ਰਿਸਵਤ ਲੈਂਦਾ ਦੁਕਾਨਦਾਰ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ 21 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਗਾਂਧੀ ਚੌਂਕ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜਿੰਮ ਸਪਲੀਮੈਂਟ ਦੀ ਦੁਕਾਨ



ਚਲਾਉਣ ਵਾਲੇ ਅਮਨ ਨਾਂ ਦੇ ਇੱਕ ਪ੍ਰਾਈਵੇਟ ਵਿਅਕਤੀ ਨੂੰ ਪੁਲਸ ਸਿਪਾਹੀ ਦੇ ਖਾਤਰ 2 ਲੱਖ ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਕੇਸ 'ਚ ਮੁਲਜਮ ਸਿਪਾਹੀ ਦੀ ਪਛਾਣ ਮੋਹਿਤ ਬੇਦੀ ਵਜੋਂ ਹੋਈ ਹੈ, ਜੋ ਸਪੈਸਲ ਟਾਸਕ ਫੋਰਸ (ਐੱਸ. ਟੀ. ਐੱਫ.) ਬਟਾਲਾ ਦੀ ਟੀਮ 'ਚ ਤਾਇਨਾਤ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇੱਕ ਸ਼ਿਕਾਇਤਕਰਤਾ ਮਹਿਲਾ ਨੇ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਾਇਆ ਕਿ ਐੱਸ. ਟੀ. ਐੱਫ. ਬਟਾਲਾ ਦੀ ਪੁਲਸ ਟੀਮ ਨੇ ਸੋਮਵਾਰ ਨੂੰ ਉਕਤ ਜਿੰਮ 'ਚ ਛਾਪਾ ਮਾਰਿਆ ਅਤੇ ਉਸ ਦੇ ਪਤੀ ਨੂੰ ਜਿੰਮ ਵਿੱਚੋਂ ਗ੍ਰਿਫ਼ਤਾਰ ਕਰ ਲਿਆ। ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਐੱਸ. ਟੀ. ਐੱਫ. ਦੀ ਟੀਮ ਨੇ ਉਨ੍ਹਾਂ ਦੇ ਘਰ ਦੀ ਵੀ ਬਾਰੀਕੀ ਨਾਲ ਤਲਾਸੀ ਲਈ ਪਰ ਕੋਈ ਵੀ ਨਸੀਲਾ ਪਦਾਰਥ ਬਰਾਮਦ ਨਹੀਂ ਹੋਇਆ। ਮਹਿਲਾ ਨੇ ਦੋਸ਼ ਲਾਇਆ ਕਿ ਉਸਦੇ ਪਤੀ ਨੂੰ ਗ੍ਰਿਫ਼ਤਾਰ ਕਰਨ ਦੇ ਕਾਰਨ ਬਾਰੇ ਪੁੱਛੇ ਜਾਣ 'ਤੇ ਸਿਪਾਹੀ ਮੋਹਿਤ ਨੇ ਉਸ ਨੂੰ ਉਕਤ ਦੁਕਾਨਦਾਰ ਅਮਨ, ਜੋ ਕਿ ਉਸਦੇ ਪਤੀ ਦਾ ਦੋਸਤ ਵੀ ਹੈ, ਨੂੰ ਮਿਲਣ ਲਈ ਕਿਹਾ ਤਾਂ ਜੋ ਉਸਦੇ ਪਤੀ ਨੂੰ ਬਿਨਾਂ ਕਿਸੇ ਅਪਰਾਧਿਕ ਮੁਕੱਦਮਾ ਦਰਜ ਕੀਤਿਆਂ ਰਿਹਾਅ ਕਰਾਇਆ ਜਾ ਸਕੇ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਉਕਤ ਦੁਕਾਨਦਾਰ ਅਮਨ ਨੇ ਉਸ ਨੂੰ 10 ਲੱਖ ਰੁਪਏ ਰਿਸਵਤ ਦਾ ਪ੍ਰਬੰਧ ਕਰਨ ਅਤੇ ਰਿਸਵਤ ਦੀ ਪਹਿਲੀ ਕਿਸਤ ਵਜੋਂ 2 ਲੱਖ ਰੁਪਏ ਪੁਲਸ ਮੁਲਾਜਮ ਮੋਹਿਤ ਨੂੰ ਦੇਣ ਲਈ ਕਿਹਾ। ਬੁਲਾਰੇ ਨੇ ਦੱਸਿਆ ਕਿ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਨੇ ਜਾਲ ਵਿਛਾ ਕੇ ਦੋਸੀ ਦੁਕਾਨਦਾਰ ਅਮਨ ਨੂੰ ਦੋ ਸਰਕਾਰੀ ਅਧਿਕਾਰੀਆਂ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 2 ਲੱਖ ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਕਿਹਾ ਕਿ ਮੁਲਜਮ ਸਿਪਾਹੀ ਦੀ ਗ੍ਰਿਫਤਾਰੀ ਲਈ ਪੁਲਸ ਟੀਮਾਂ ਵੱਲੋਂ ਛਾਪੇਮਾਰੀ ਜਾਰੀ ਹੈ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਤਰਨਤਾਰਨ 'ਚ ਲੁਟੇਰਿਆਂ ਦੀ ਦਹਿਸ਼ਤ, ਬੈਂਕ ਮੁਲਾਜ਼ਮ ਕੋਲੋਂ ਨਕਦੀ ਤੇ ਖੋਹਿਆ ਮੋਬਾਇਲ

ਝਬਾਲ 21 ਮਾਰਚ। ਇਲਾਕਾ ਝਬਾਲ ਵਿਖੇ ਲੁੱਟ-ਖੋਹ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਅਤੇ ਨਿੱਤ ਦਿਨ ਕੋਈ ਨਾ ਕੋਈ ਘਟਨਾ ਲਗਾਤਾਰ ਵਾਪਰ ਰਹੀ ਹੈ। ਬੀਤੀ ਰਾਤ ਇਕ ਝਬਾਲ ਦਾ ਵਸਨੀਕ ਨੌਜਵਾਨ ਜੋ ਪ੍ਰਾਈਵੇਟ ਬੈਂਕ 'ਚ ਸਰਵਿਸ ਕਰਦਾ, ਘਰ ਨੂੰ ਪਰਤਦਿਆਂ ਇਨ੍ਹਾਂ ਹਥਿਆਰਬੰਦ ਨੌਜਵਾਨਾਂ ਦਾ ਸ਼ਿਕਾਰ ਹੋ ਗਿਆ। ਥਾਣਾ ਝਬਾਲ ਵਿਖੇ ਦਿੱਤੀ ਲਿਖਤੀ ਸ਼ਿਕਾਇਤ 'ਚ ਲਖਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਝਬਾਲ ਜੋ ਕਿ ਇਕ ਪ੍ਰਾਈਵੇਟ ਬੈਂਕ 'ਚ ਨੌਕਰੀ ਕਰਦਾ ਨੇ ਦੱਸਿਆ ਕਿ ਰਾਤ ਤਕਰੀਬਨ 10.30 ਵਜੇ ਉਹ ਮੋਟਰਸਾਈਕਲ 'ਤੇ ਤਰਨਤਾਰਨ ਤੋਂ ਝਬਾਲ ਆਪਣੇ ਘਰ ਨੂੰ ਆ ਰਿਹਾ ਸੀ ਕਿ ਝਬਾਲ ਤੋਂ ਪਿੱਛੇ ਮੋੜ ਬਾਬਾ ਸਿਧਾਨਾ ਨੇੜੇ ਉਸ ਨੂੰ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਜਿਨ੍ਹਾਂ ਕੋਲ ਪਿਸਤੌਲ ਸਨ ਨੇ ਜ਼ਬਰਦਸਤੀ ਰੋਕ ਕੇ ਉਸ ਕੋਲੋਂ ਪਿਸਤੌਲ ਦੀ ਨੋਕ 'ਤੇ 1800 ਰੁਪੈ ਨਕਦ ਅਤੇ ਇਕ ਮੋਬਾਇਲ ਖੋਹ ਲਿਆ ਤੇ ਮੋਟਰਸਾਈਕਲ 'ਤੇ ਫਰਾਰ ਹੋ ਗਏ। ਜਿਸ ਸਬੰਧੀ ਉਸ ਨੇ ਥਾਣਾ ਝਬਾਲ ਵਿਖੇ ਦਰਖਾਸਤ ਦੇ ਦਿੱਤੀ ਹੈ, ਜਿਸ ਦੇ ਆਧਾਰ 'ਤੇ ਪੁਲਸ ਕਾਰਵਾਈ ਕਰ ਰਹੀ ਹੈ। ਇਲਾਕੇ ਦੇ ਲੋਕਾਂ ਵਲੋਂ ਐੱਸ. ਐੱਸ. ਪੀ. ਤਰਨਤਾਰਨ ਕੋਲੋਂ ਪੁਰਜ਼ੋਰ ਮੰਗ ਹੈ ਕਿ ਇਲਾਕੇ 'ਚ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਅਤੇ ਲੁੱਟਾਂ-ਖੋਹਾਂ ਨੂੰ ਰੋਕਿਆ ਜਾਵੇ ਤਾਂ ਕਿ ਲੋਕਾਂ 'ਚ ਫੈਲੀ ਦਹਿਸ਼ਤ ਖਤਮ ਹੋਵੇ।

## ਜਰਨੈਲ ਸਿੰਘ ਕਤਲਕਾਂਡ : ਬੰਬੀਹਾ ਗੈਂਗ ਦਾ ਕਾਰਕੁੰਨ ਗੁਰਵੀਰ ਗੁਰੀ ਗ੍ਰਿਫ਼ਤਾਰ, ਪਿਸਤੌਲ ਬਰਾਮਦ

ਚੰਡੀਗੜ੍ਹ 21 ਮਾਰਚ। ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਨੇ ਪਿੰਡ ਸਠਿਆਲਾ ਵਿਖੇ ਹੋਏ ਜਰਨੈਲ ਸਿੰਘ ਦੇ ਕਤਲ 'ਚ ਸ਼ਾਮਲ ਮੁਲਜ਼ਮ ਗੁਰਵੀਰ ਸਿੰਘ ਉਰਫ਼ ਗੁਰੀ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਪੁਲਸ ਟੀਮਾਂ ਵੱਲੋਂ ਉਸ ਕੋਲੋਂ 7 ਜ਼ਿੰਦਾ ਕਾਰਤੂਸਾਂ ਸਮੇਤ 32 ਬੋਰ ਦਾ ਪਿਸਤੌਲ ਬਰਾਮਦ ਕੀਤਾ ਗਿਆ। ਪੰਜਾਬ ਪੁਲਸ ਨੂੰ ਇਹ ਸਫ਼ਲਤਾ ਜਰਨੈਲ ਸਿੰਘ ਦੇ ਕਤਲ ਪਿੱਛੇ ਬੰਬੀਹਾ ਗੈਂਗ ਦੀ ਭੂਮਿਕਾ ਦਾ ਪਤਾ ਲਗਾਉਣ ਅਤੇ ਕਤਲ 'ਚ ਸ਼ਾਮਲ ਬੰਬੀਹਾ ਗੈਂਗ ਦੇ 10 ਮੈਂਬਰਾਂ ਦੀਆਂ ਤਸਵੀਰਾਂ ਜਾਰੀ ਕਰਨ ਤੋਂ ਇਕ ਦਿਨ ਬਾਅਦ ਪ੍ਰਾਪਤ ਹੋਈ। ਦੱਸਣਯੋਗ ਹੈ ਕਿ ਜਰਨੈਲ ਸਿੰਘ ਨੂੰ 24 ਮਈ ਨੂੰ 4 ਹਥਿਆਰਬੰਦ ਵਿਅਕਤੀਆਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਏਡੀਜੀਪੀ ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏਆਈਜੀ ਏਜੀਟੀਐੱਫ ਸੰਦੀਪ ਗੋਇਲ ਦੀ ਅਗਵਾਈ 'ਚ ਏਜੀਟੀਐੱਫ ਦੀ ਟੀਮ ਵੱਲੋਂ ਗੁਰਵੀਰ ਉਰਫ਼ ਗੁਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਬੰਬੀਹਾ ਗੈਂਗ ਦਾ ਇਕ ਸ਼ੂਟਰ ਹੈ ਅਤੇ ਅਪਰਾਧਿਕ ਪਿਛੋਕੜ ਵਾਲਾ ਹੈ, ਜਿਸ ਵਿਰੁੱਧ ਕਤਲ, ਇਰਾਦਾ ਕਤਲ, ਲੁੱਟ-ਖੋਹ, ਐੱਨਡੀਪੀਐੱਸ ਐਕਟ ਤੇ ਅਸਲਾ ਐਕਟ ਦੇ ਕਈ ਅਪਰਾਧਿਕ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮ ਨੂੰ ਭਗੌੜਾ ਵੀ ਐਲਾਨਿਆ ਗਿਆ ਸੀ। ਇਹ ਆਪ੍ਰੇਸ਼ਨ ਡੀਐੱਸਪੀ ਰਾਜਨ ਪਰਮਿੰਦਰ ਅਤੇ ਡੀਐੱਸਪੀ ਬਿਕਰਮ ਬਰਾੜ ਦੀ ਨਿਗਰਾਨੀ ਹੇਠ ਚਲਾਇਆ ਗਿਆ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਦੋਸ਼ੀ ਗੁਰਵੀਰ ਨੇ ਮਨਪ੍ਰੀਤ ਸਿੰਘ ਉਰਫ ਮੁੰਨ ਜੋ ਮੌਜੂਦਾ ਸਮੇਂ ਪੁਰਤਗਾਲ 'ਚ ਰਹਿ ਰਿਹਾ ਹੈ ਅਤੇ ਬਲਵਿੰਦਰ ਸਿੰਘ ਉਰਫ਼ ਡੋਨੀ ਨਾਲ ਮਿਲ ਕੇ ਜਰਨੈਲ ਸਿੰਘ ਦੇ ਕਤਲ ਦੀ ਸਾਜਸ਼ਿ ਰਚੀ ਸੀ। ਗੁਰੀ ਨੇ ਕਤਲ ਵਿੱਚ ਸ਼ਾਮਲ ਸ਼ੂਟਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਕਤਲ ਨੂੰ ਅੰਜਾਮ ਦੇਣ ਲਈ ਹਥਿਆਰ ਮੁਹੱਈਆ ਕਰਵਾਏ। ਮਨਪ੍ਰੀਤ ਮੁੰਨ ਫਰਾਰ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ਼ ਗੋਪੀ ਘਣਸ਼ਾਮਪੁਰੀਆ ਦਾ ਭਰਾ ਹੈ। ਡੀਜੀਪੀ ਨੇ ਦੱਸਿਆ ਕਿ ਮੁਲਜ਼ਮ ਗੁਰਵੀਰ ਗੁਰੀ ਨੇ ਜਰਨੈਲ ਸਿੰਘ ਦੇ ਕਤਲ 'ਚ ਗਗਨਦੀਪ ਸਿੰਘ ਉਰਫ਼ ਦੱਦੀ, ਜੋਬਨਜੀਤ ਸਿੰਘ ਉਰਫ਼ ਬਿੱਲਾ, ਜੋਬਨ, ਗੁਰਮੇਜ ਸਿੰਘ, ਮਨਜੀਤ ਮਾਹਲ ਅਤੇ 2 ਹੋਰ ਅਣਪਛਾਤੇ ਅਪਰਾਧੀਆਂ ਦੇ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ ਹੈ।

### ਦੁਬਈ ਤੋਂ ਆਈ ਪੋਜੇਵਾਲ ਦੇ ਵਿਅਕਤੀ ਦੀ ਮ੍ਰਿਤਕ ਦੇਹ, ਗਮਗੀਨ ਮਾਹੌਲ 'ਚ ਕੀਤਾ ਗਿਆ ਸਸਕਾਰ

ਬਲਾਚੌਰ/ਪੋਜੇਵਾਲ 21 ਮਾਰਚ। ਸੜੋਆ ਦੇ ਰਹਿਣ ਵਾਲੇ ਬਲਵੀਰ ਦਾ ਬੀਤੇ ਦਿਨੀਂ ਦੁਬਈ ਵਿਖੇ ਅਚਾਨਕ ਦਿਹਾਂਤ ਹੋ ਗਿਆ ਸੀ। ਮਿਲੀ ਜਾਣਕਾਰੀ ਮੁਤਾਬਕ ਸੜੋਆ ਦੇ ਪਿੰਡ ਪੋਜੇਵਾਲ ਦੇ ਵਿਅਕਤੀ ਬਲਵੀਰ ਆਪਣੀ ਰੋਜੀ ਰੋਟੀ ਕਮਾਉਣ ਲਈ ਸਾਲਾ ਤੋਂ ਦੁਬਈ ਵਿਖੇ ਕੰਮ ਕਰ ਰਿਹਾ ਸੀ। ਕੰਮ ਦੌਰਾਨ ਦੁਬਈ ਵਿਖੇ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਬੀਤੇ ਦਿਨ ਉਸ ਦੀ ਮ੍ਰਿਤਕ ਦੇਹ ਪਿੰਡ ਪਹੁੰਚੀ ਜਿੱਥੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਜਿਵੇਂ ਹੀ ਬਲਵੀਰ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਸਕੇ ਸਬੰਧੀਆਂ ਵੱਲੋਂ ਦੁਬਈ ਤੋਂ ਪਿੰਡ ਪੋਜੇਵਾਲ ਲਿਆਂਦਾ ਗਿਆ ਤਾਂ ਪਿੰਡ 'ਚ ਗਮ ਦਾ ਮਾਹੌਲ ਛਾ ਗਿਆ। ਅਤਿ ਗਮਗੀਨ ਮਾਹੌਲ ਵਿਚ ਮ੍ਰਿਤਕ ਬਲਵੀਰ ਦਾ ਅੰਤਿਮ ਸੰਸਕਾਰ ਪਿੰਡ ਦੇ ਸਮਸਾਨਘਾਟ ਵਿਖੇ ਕਰ ਦਿੱਤਾ ਗਿਆ।

### ਗੈਂਗਸਟਰ ਜੱਗੂ ਭਗਵਾਨਪੁਰੀਆ ਗਰੁੱਪ ਦਾ ਸ਼ੂਟਰ ਪਿਆਰਾ ਮਸੀਹ 3 ਸਾਥੀਆਂ ਤੇ ਅਸਲੇ ਸਣੇ ਕਾਬੂ

ਬਟਾਲਾ 21 ਮਾਰਚ। ਸੀ. ਆਈ. ਏ. ਸਟਾਫ ਬਟਾਲਾ ਅਤੇ ਥਾਣਾ ਕੋਟਲੀ ਸੂਰਤ ਮੱਲ੍ਹੀ ਦੀ ਪੁਲਸ ਦੇ ਹੱਥ ਉਸ ਵੇਲੇ ਸਾਂਝੇ ਆਪ੍ਰੇਸ਼ਨ ਤਹਿਤ ਵੱਡੀ ਸਫਲਤਾ ਹੱਥ ਲੱਗੀ, ਜਦੋਂ ਜੱਗੂ ਭਗਵਾਨਪੁਰੀਆ ਗਰੁੱਪ ਦੇ ਸਰਗਰਮ ਮੈਂਬਰ ਪਿਆਰਾ ਸ਼ੂਟਰ ਨੂੰ ਉਸਦੇ ਤਿੰਨ ਸਾਥੀਆਂ ਤੇ ਨਾਜਾਇਜ਼ ਅਸਲੇ ਸਮੇਤ ਕਾਬੂ ਕਰ ਲਿਆ ਗਿਆ। ਇਸ ਸਬੰਧੀ ਐੱਸ. ਪੀ. ਡੀ. ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਉਨ੍ਹਾਂ ਦੀ ਨਿਗਰਾਨੀ ਹੇਠ ਡੀ. ਐੱਸ. ਪੀ. ਡੀ. ਬਟਾਲਾ ਰਵਿੰਦਰ ਸਿੰਘ, ਡੀ. ਐੱਸ. ਪੀ. ਫਤਿਹਗੜ੍ਹ



ਚੂੜੀਆਂ ਸਵਰਨਜੀਤ ਸਿੰਘ, ਇੰਚਾਰਜ ਸੀ. ਆਈ. ਏ. ਸਟਾਫ ਬਟਾਲਾ ਦਲਜੀਤ ਸਿੰਘ ਪੱਡਾ, ਥਾਣਾ ਫਤਿਹਗੜ੍ਹ ਚੂੜੀਆਂ ਦੇ ਐੱਸ. ਐੱਚ. ਓ. ਸੁਖਵਿੰਦਰ ਸਿੰਘ ਅਤੇ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਐੱਸ. ਐੱਚ. ਓ. ਮਨਜੀਤ ਸਿੰਘ 'ਤੇ ਆਧਾਰਿਤ ਵੱਖ-ਵੱਖ ਪੁਲਸ ਟੀਮਾਂ ਨੇ ਇਕ ਸਾਂਝਾ ਆਪ੍ਰੇਸ਼ਨ ਚਲਾਇਆ। ਇਸ ਆਪ੍ਰੇਸ਼ਨ ਤਹਿਤ ਜੱਗੂ ਭਗਵਾਨਪੁਰੀਆ ਗਰੁੱਪ ਦੇ ਸਰਗਰਮ ਮੈਂਬਰ ਪਿਆਰਾ ਮਸੀਹ ਉਰਫ ਪਿਆਰਾ ਸ਼ੂਟਰ ਪੁੱਤਰ ਸਵ. ਪਾਲ ਮਸੀਹ ਵਾਸੀ ਕਾਲਾ ਅਫਗਾਨਾ ਪੱਤੀ ਚੰਡੀਗੜ੍ਹ ਨੂੰ ਇਸਦੇ ਤਿੰਨ ਸਾਥੀਆਂ ਲਵ ਮਸੀਹ ਪੁੱਤਰ ਰਿੰਪੀ ਮਸੀਹ ਵਾਸੀ ਮਾਨੇਪੁਰ ਥਾਣਾ ਭਿਖਾਰੀਵਾਲ, ਸਾਜਨ ਮਸੀਹ ਉਰਫ ਲਾਡਾ ਮਸੀਹ ਵਾਸੀ ਡਾਲੇਚੱਕ, ਗੁਰਮੀਤ ਸਿੰਘ ਉਰਫ ਗੋਪੀ ਪੁੱਤਰ ਸਤਨਾਮ ਸਿੰਘ ਵਾਸੀ ਹੁਸ਼ਿਆਰ ਨਗਰ ਅੰਮ੍ਰਿਤਸਰ ਸਮੇਤ ਨਾਜਾਇਜ਼ ਅਸਲੇ ਤੇ ਸਵਿਫਟ ਕਾਰ ਸਮੇਤ ਕਾਬੂ ਕੀਤਾ ਹੈ। ਐੱਸ. ਪੀ. ਗਿੱਲ ਨੇ ਦੱਸਿਆ ਕਿ ਉਕਤ ਮੁਲਜਮਾਂ ਦੇ ਖ਼ਿਲਾਫ ਇਰਾਦਾ ਕਤਲ ਦੇ ਚਾਰ ਮੁਕੱਦਮੇ ਦਰਜ ਹਨ ਅਤੇ ਉਕਤ ਗ੍ਰਿਫਤਾਰ ਕੀਤੇ ਕਥਿਤ ਦੋਸ਼ੀ ਕਈ ਮੁਕੱਦਮਿਆਂ ਵਿਚ ਪੁਲਸ ਨੂੰ ਲੋੜੀਂਦੇ ਸਨ। ਉਨ੍ਹਾਂ ਨੇ ਦੱਸਿਆ ਕਿ ਫੜੇ ਗਏ ਕਥਿਤ ਦੋਸ਼ੀਆਂ ਕੋਲੋਂ ਇਕ ਪਿਸਤੌਲ 32 ਬੋਰ ਸਮੇਤ ਮੈਗਜ਼ੀਨ ਤੇ 5 ਰੌਂਦ, ਇਕ ਦੇਸੀ ਕੱਟਾ 12 ਬੋਰ ਸਮੇਤ 5 ਰੌਂਦ, ਇਕ ਕਾਰ ਸਵਿਫਟ ਜੋ ਵਾਰਦਾਤਾਂ ਵਿਚ ਵਰਤੀ ਜਾਂਦੀ ਸੀ, ਵਾਰਦਾਤਾਂ ਵਿਚ ਵਰਤੇ ਜਾਂਦੇ 2 ਦਾਤਰ ਅਤੇ ਵਾਰਦਾਤ ਸਮੇਂ ਮੌਕੇ ਤੋਂ ਚੋਰੀ ਕੀਤੇ 2 ਮੋਬਾਇਲ ਫੋਨ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਿਆਰਾ ਸ਼ੂਟਰ ਖ਼ਿਲਾਫ ਪੁਲਸ ਜ਼ਿਲ੍ਹਾ ਬਟਾਲਾ ਵਿਚ 5 ਵੱਖ-ਵੱਖ ਮੁਕੱਦਮੇ ਦਰਜ ਹਨ, ਜਿਨ੍ਹਾਂ ਵਿਚ 2 ਕੋਟਲੀ ਸੂਰਤ ਮੱਲ੍ਹੀ ਅਤੇ 3 ਫਤਿਹਗੜ੍ਹ ਚੂੜੀਆਂ ਥਾਣੇ ਵਿਚ ਦਰਜ ਹਨ।

### ਪਤਨੀ ਤੇ ਦੋ ਧੀਆਂ ਦੇ ਕਤਲ ਕਰਨ ਵਾਲੇ ਦੋਸ਼ੀ ਨੂੰ ਪਾਕਿ ਅਦਾਲਤ ਨੇ ਸੁਣਾਈ ਫਾਂਸੀ ਦੀ ਸਜ਼ਾ

ਗੁਰਦਾਸਪੁਰ/ਮਿਰਜਾਪੁਰ 21 ਮਾਰਚ। ਜੁਲਾਈ 2021 'ਚ ਪਾਕਿਸਤਾਨ ਦੇ ਸ਼ਿਕਾਰਪੁਰ ਜ਼ਿਲ੍ਹੇ 'ਚ ਗੜ੍ਹੀ ਯਾਮੀਨ ਤਾਤੁਲਾ ਦੇ ਮਿਰਜ਼ਾਪੁਰ ਇਲਾਕੇ ਦੇ ਨਜ਼ਦੀਕ ਪਿੰਡ ਫਕੀਰ 'ਚ ਇਕ ਵਿਅਕਤੀ ਨੂੰ ਆਪਣੀ ਪਤਨੀ, ਦੋ ਕੁੜੀਆਂ, ਸਾਲੀ ਅਤੇ ਸਾਲੇ ਦੇ ਕਤਲ ਕਰਨ ਦੇ ਦੋਸ਼ 'ਚ ਅਦਾਲਤ ਨੇ ਦੋਸ਼ੀ ਮੰਨ ਕੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ। ਜਾਣਕਾਰੀ ਮੁਤਾਬਕ ਸ਼ਿਕਾਰਪੁਰ ਵਿਚ ਮਾਡਲ ਕ੍ਰਿਮੀਨਲ ਟਰਾਇਲ ਕੋਰਟ ਦੀ ਪ੍ਰਧਾਨਗੀ ਕਰ ਰਹੇ ਵਧੀਕ ਜ਼ਿਲ੍ਹਾ ਤੇ ਸ਼ੈਸਨ ਜੱਜ ਤਾਰਿਕ ਭੱਟੀ ਨੇ ਦੋਸ਼ੀ ਗੁਲਾਮ ਅਸਗਰ ਪੁੱਤਰ ਗੁਲਾਮ ਰਸੂਲ ਜੁਨੇਜੋ ਨੂੰ ਦੋਸ਼ੀ ਮੰਨਦੇ ਹੋਏ ਫਾਂਸੀ ਦੀ ਸਜ਼ਾ ਅਤੇ 25 ਲੱਖ ਰੁਪਏ ਜੁਰਮਾਨੇ ਦਾ ਆਦੇਸ਼ ਸੁਣਾਇਆ ਹੈ। ਮ੍ਰਿਤਕ ਮਹਿਲਾ ਦੇ ਨਜ਼ਦੀਕ ਰਿਸ਼ਤੇਦਾਰ ਅਬਦੁੱਲ ਗਨੀ ਜੁਨੇਜੋ ਦੀ ਸ਼ਿਕਾਇਤ 'ਤੇ 9 ਜੁਲਾਈ 2021 ਨੂੰ ਮੀਲਪੁਰ ਪੁਲਸ ਸਟੇਸ਼ਨ ਵਿਚ ਦੋਸ਼ੀ ਦੇ ਵਿਰੁੱਧ ਇਨ੍ਹਾਂ ਕਤਲ ਸਬੰਧੀ ਕੇਸ ਦਰਜ ਕੀਤਾ ਗਿਆ ਸੀ। ਦਰਜ ਕੇਸ ਅਨੁਸਾਰ ਦੋਸ਼ੀ ਗੁਲਾਮ ਅਸਗਰ ਨੇ ਗੁੱਸੇ ਵਿਚ ਆ ਕੇ ਆਪਣੀ ਸਾਲੀ ਫਰਜਾਨਾ ਸਮੇਤ ਆਪਣੀ ਪਤਨੀ ਸਲਮਾ ਜੁਨੇਜੋ, ਕੁੜੀਆਂ ਕਬੀਰਾਨ (8) ਆਕਸ਼ਾ (7) ਸਾਲ ਅਤੇ ਸਾਲੇ ਰਮਜਾਨ 'ਤੇ ਅੰਨੇਵਾਹ ਫਾਇਰਿੰਗ ਕਰ ਕੇ ਸਾਰਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ

# ਕਣਕ ਤੇ ਚੌਲਾਂ ਦੀ ਖਰੀਦ 'ਚ ਪੰਜਾਬ ਸਣੇ ਇਨ੍ਹਾਂ ਸੂਬਿਆਂ ਨੇ ਪਾਇਆ ਵੱਡਾ ਯੋਗਦਾਨ, ਜਾਣੋ ਕਿੰਨਾ ਹੈ ਸੰਯੁਕਤ ਸਟਾਕ

ਜੈਤੋ 21 ਮਾਰਚ। ਖੁਰਾਕ ਅਤੇ ਜਨਤਕ ਵੰਡ ਮੰਤਰਾਲਾ ਨੇ ਵੀਰਵਾਰ ਨੂੰ ਕਿਹਾ ਕਿ ਮੌਜੂਦਾ ਹਾੜ੍ਹੀ ਦੇ ਮੰਡੀਕਰਨ ਸੀਜਨ



(ਆਰ. ਐੱਮ. ਐੱਸ.) 2023-24 ਦੌਰਾਨ ਕਣਕ ਦੀ ਖਰੀਦ ਨਿਰਵਿਘਨ ਚੱਲ ਰਹੀ ਹੈ। ਮੌਜੂਦਾ ਸੀਜਨ 'ਚ 30 ਮਈ ਤੱਕ ਕਣਕ ਦੀ ਪ੍ਰਗਤੀਸੀਲ ਖਰੀਦ 262 ਲੱਖ ਮੀਟ੍ਰਿਕ ਟਨ ਹੈ, ਜੋ ਪਿਛਲੇ ਸਾਲ ਦੀ ਕੁੱਲ ਖਰੀਦ 188 ਐੱਲ. ਐੱਮ. ਟੀ. ਨੂੰ 74 ਐੱਲ. ਐੱਮ. ਟੀ. ਤੋਂ ਪਹਿਲਾਂ ਹੀ ਪਾਰ ਕਰ ਚੁੱਕੀ ਹੈ। ਲਗਭਗ 21.27 ਲੱਖ ਕਿਸਾਨ ਪਹਿਲਾਂ ਹੀ ਚੱਲ ਰਹੇ ਕਣਕ ਦੀ ਖਰੀਦ ਕਾਰਜਾਂ ਤੋਂ ਲਾਭ ਲੈ ਚੁੱਕੇ ਹਨ ਤੇ ਲਗਭਗ 47,000 ਕਰੋੜ ਰੁਪਏ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਅਦਾਇਗੀ ਕੀਤੀ ਗਈ ਹੈ। ਖਰੀਦ 'ਚ ਵੱਡਾ ਯੋਗਦਾਨ ਤਿੰਨ ਖਰੀਦਦਾਰ ਸੂਬਿਆਂ ਪੰਜਾਬ, ਮੱਧ ਪ੍ਰਦੇਸ ਅਤੇ ਹਰਿਆਣਾ ਤੋਂ ਕ੍ਰਮਵਾਰ 121.27 ਐੱਲ. ਐੱਮ. ਟੀ., 70.98 ਐੱਲ. ਐੱਮ. ਟੀ. ਅਤੇ 63.17 ਐੱਲ. ਐੱਮ. ਟੀ. ਦੀ ਖਰੀਦ ਨਾਲ ਆਇਆ ਹੈ। ਸਾਉਣੀ ਦੇ ਮੰਡੀਕਰਨ ਸੀਜਨ (ਕੇ. ਐੱਮ. ਐੱਸ.) 2022-23 ਦੀ ਸਾਉਣੀ ਦੀ ਫਸਲ ਦੌਰਾਨ 30 ਮਈ 2023 ਤੱਕ 385 ਐੱਲ. ਐੱਮ. ਟੀ. ਚੌਲਾਂ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ 110 ਐੱਲ. ਐੱਮ. ਟੀ. ਦੀ ਖਰੀਦ ਅਜੇ ਬਾਕੀ ਹੈ। ਇਸ ਤੋਂ ਇਲਾਵਾ, ਕੇ. ਐੱਮ. ਐੱਸ. 2022-23 ਦੀ ਹਾੜ੍ਹੀ ਦੀ ਫਸਲ ਦੌਰਾਨ 106 ਐੱਲ. ਐੱਮ. ਟੀ. ਚੌਲਾਂ ਦੀ ਖਰੀਦ ਦਾ ਅਨੁਮਾਨ ਲਗਾਇਆ ਗਿਆ ਹੈ। ਕੇਂਦਰੀ ਪੂਲ 'ਚ ਕਣਕ ਅਤੇ ਚੌਲਾਂ ਦੀ ਸੰਯੁਕਤ ਸਟਾਕ ਸਥਿਤੀ 579 ਐੱਲ. ਐੱਮ. ਟੀ. (ਕਣਕ 312 ਐੱਲ. ਐੱਮ. ਟੀ. ਅਤੇ ਚੌਲ 267 ਐੱਲ. ਐੱਮ. ਟੀ.) ਤੋਂ ਵੱਧ ਹੈ, ਜਿਸ ਨੇ ਦੇਸ ਨੂੰ ਅਨਾਜ ਦੀਆਂ ਆਪਣੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਇਕ ਆਰਾਮਦਾਇਕ ਸਥਿਤੀ 'ਚ ਰੱਖਿਆ ਹੈ।

### ਔਰਤ ਦੀਆਂ ਵਾਲੀਆਂ ਖੋਹਣ ਵਾਲੇ ਲੁਟੇਰੇ ਪਿੰਡ ਵਾਲਿਆਂ ਦੇ ਆਏ ਅੜਿੱਕੇ

ਤਰਨਤਾਰਨ 21 ਮਾਰਚ। ਜ਼ਿਲ੍ਹੇ ਦੇ ਪਿੰਡ ਨੰਦਪੁਰ ਵਿਖੇ ਸੋਮਵਾਰ ਇੱਕ ਔਰਤ ਦੀਆਂ ਵਾਲੀਆਂ ਖੋਹ ਕੇ ਭੱਜਣ ਵਾਲੇ ਤਿੰਨ ਲੁਟੇਰੇ ਪਿੰਡ ਵਾਸੀਆਂ ਦੇ ਹੱਥੀ ਚੜ੍ਹ ਗਏ, ਜਿਸ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਤਿੰਨਾਂ ਲੁਟੇਰਿਆਂ ਦੀ ਰੱਜ ਕੇ ਛਿੱਤਰ ਪਰੇਡ ਕੀਤੀ ਗਈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਬੜੀ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਨੰਦਪੁਰ ਵਿਖੇ ਕਿਸੇ ਕੰਮ ਲਈ ਘਰੋਂ ਜਾ ਰਹੀ ਔਰਤ ਨੂੰ ਮੋਟਰਸਾਈਕਲ ਸਵਾਰ 3 ਲੁਟੇਰਿਆਂ ਨੇ ਆਪਣਾ ਨਿਸ਼ਾਨਾ ਬਣਾਉਂਦੇ ਹੋਏ ਉਸ ਦੀਆਂ ਸੋਨੇ ਦੀਆਂ ਵਾਲੀਆਂ ਖੋਹ ਲਈਆਂ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਜਦੋਂ ਲੁਟੇਰੇ ਬੜੀ ਤੇਜ਼ੀ ਨਾਲ ਫਰਾਰ ਹੋਣ ਲੱਗੇ ਤਾਂ ਔਰਤ ਵੱਲੋਂ ਪਾਏ ਗਏ ਰੌਲੇ ਦੌਰਾਨ ਆਸ-ਪਾਸ ਦੇ ਕੁਝ ਲੋਕਾਂ ਵੱਲੋਂ ਹਿੰਮਤ ਵਿਖਾਉਂਦੇ ਹੋਏ ਲੁਟੇਰਿਆਂ ਨੂੰ ਕਾਬੂ ਕਰ ਲਿਆ ਗਿਆ। ਕਾਬੂ ਕਰਨ ਤੋਂ ਬਾਅਦ ਪਿੰਡ ਵਾਲਿਆਂ ਵੱਲੋਂ ਲੁਟੇਰਿਆਂ ਦੀ ਰੱਜ ਕੇ ਛਿੱਤਰ ਪਰੇਡ ਕੀਤੀ ਗਈ, ਜਿਸ ਤੋਂ ਬਾਅਦ ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਅੱਗ ਵਾਂਗ ਵਾਇਰਲ ਹੋ ਗਈ। ਵੀਡੀਓ ਵਿੱਚ ਲੁਟੇਰੇ ਪਿੰਡ ਵਾਸੀਆਂ ਪਾਸੋਂ ਮੁਆਫੀ ਮੰਗਦੇ ਸਾਫ ਨਜ਼ਰ ਆ ਰਹੇ ਹਨ ਪਰੰਤੂ ਪਿੰਡ ਦੇ ਕੁਝ ਲੋਕ ਬੇਰਹਿਮੀ ਨਾਲ ਤਿੰਨਾਂ ਦੀ ਮਾਰਕੁੱਟ ਕਰਨੀ ਜਾਰੀ ਰੱਖਦੇ ਹਨ। ਇਸ ਵਾਰਦਾਤ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਤਿੰਨਾਂ ਨੂੰ ਥਾਣਾ ਸਰਹਾਲੀ ਦੀ ਪੁਲਸ ਹਵਾਲੇ ਕਰ ਦਿੱਤਾ ਗਿਆ।

### 22ਵੀਂ ਮੰਜਿਲ ਤੋਂ ਡਿੱਗਣ ਕਾਰਨ 7ਵੀਂ 'ਚ ਪੜ੍ਹਦੇ ਜਵਾਕ ਦੀ ਮੌਤ

ਨੋਇਡਾ (ਯੂ. ਪੀ.), 21 ਮਾਰਚ। ਨੋਇਡਾ ਦੇ ਬਿਸਰਖ ਥਾਣਾ ਖੇਤਰ 'ਚ ਬੁੱਧਵਾਰ ਨੂੰ ਸੋਸਾਇਟੀ ਦੀ ਇਮਾਰਤ ਦੀ 22ਵੀਂ ਮੰਜ਼ਿਲ ਤੋਂ ਕਥਿਤ ਤੌਰ 'ਤੇ ਡਿੱਗਣ ਨਾਲ 7ਵੀਂ ਜਮਾਤ ਦੇ 1 ਵਿਦਿਆਰਥੀ ਦੀ ਮੌਤ ਹੋ ਗਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੂੰ ਸੱਕ ਹੈ ਕਿ ਵਿਦਿਆਰਥੀ ਨੇ ਖੁਦਕੁਸੀ ਕੀਤੀ ਹੋ ਸਕਦੀ ਹੈ। ਥਾਣਾ ਬਿਸਰਖ ਦੇ ਇੰਚਾਰਜ ਇੰਸਪੈਕਟਰ ਅਰਵਿੰਦ ਕੁਮਾਰ ਨੇ ਦੱਸਿਆ ਕਿ 13 ਮਾਰਚ ਨੂੰ ਸਾਮ ਸਾਢੇ 5 ਵਜੇ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਈਕੋ ਵਿਲੇਜ 3 ਸਥਿਤ ਇਕ ਸੁਸਾਇਟੀ 'ਚ ਰਹਿਣ ਵਾਲੇ 7ਵੀਂ ਜਮਾਤ ਦੇ ਵਿਦਿਆਰਥੀ ਅੰਸ (14) 22ਵੀਂ ਮੰਜ਼ਿਲ 'ਤੇ ਸਥਿਤ ਆਪਣੇ ਫਲੈਟ ਤੋਂ ਡਿੱਗ ਗਿਆ ਹੈ।


**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, Tofik Ahmad S/o Shabir Ahmad R/o H. No. 2892, Kh. No.365, Gali No.23, Rajiv Gandhi Nagar, New Mustafabad, Delhi-110094, have changed my name to Tofik Ahmed for all future purposes.

**NAME CHANGE**
I, Ayoub Khan S/O Rafiq Ahmed R/O L-117 First Floor MCD Flats, Sunder Nagari, Nand Nagari Delhi -110093 have changed my name from Ayoub Khan to Ayub Khan for all future purpose

**NAME CHANGE**
I Solanki Bharatkumar Laxmanbhai S/o Solanki Laxmanbhai Meramanbhai R/o D-1601, Adani M2K Oyster Grande,Sector-102,gurgaon,Haryana-122001,Have Changed My Minor Son Name Dhruv Bharatkumar Solanki To Dhruv Solanki For All Purpose

**NAME CHANGE**
I, Pritees Singh S/o Devinder Singh R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Priteesh Singh for all purposes.

**NAME CHANGE**
I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**
I, Mohd Gulzar s/o Mohd Yasin R/o E-228/1, Shaheen Bagh, Jamia Nagar, Okhla, New Delhi-110025, have changed my name to Mohd Gulzar Saifi for all future purposes.

**PUBLIC NOTICE**
It is for general information that I Lalit Kumar S/o Rajesh Kumar residing at House No.320, Gali No.D-5, Batra Hospital, Sangam Vihar, Khanpur Delhi-110062 declare that name of my father has been wrongly written as Rajesh Kumar Sharma in my Education Documents, Aadhar Card, Pan Card and Driving License. The actual name of my father is Rajesh Kumar which may be amended accordingly.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**
I, Devinder Singh Bhui S/o Gurdit Singh Gyani R/o G-63, Oriental Villas, Sushant Lok-3, Near Ansal,s Boom Plaza, Sector-57, Wazirabad-75, Gurgaon Haryana-122003, have changed my name to Devinder Singh for all purposes.

**NAME CHANGE**
I, PREETI KUMARI CHHINCHANI D/O PRADEEP KUMAR residing at H NO-C-5 MANSHA BHAWAN WESTEND MARG SAKET DELHI-110030 have changed my name to PREETI CHHINCHANI for all future purpose.

**NAME CHANGE**
I, Amit Bansal S/O Naresh Nkumar Bansal R/O House Number 53 A Kamla Nagar, Malka Ganj North Delhi -110007 have changed my name from Amit Bansal to Amit Kumar Bansal for all future purpose.

**NAME CHANGE**
I, RAJU S/O JAGDISH PARASHAR R/O H.N0- A-27 BLOCK-A PURI PALAM SECTOR-85 BPTP PARK LAND FARIDABAD-121002 HAVE CHANGED MY NAME TO RAJU PARASHAR FOR ALL FUTURE PURPOSES

**PUBLIC NOTICE**
It is informed to the general public that my clients Vikram S/o Sh. Ramphal, Smt. Rani W/o Vikram R/o H. No. 50, G-9, Sangam Vihar, New Delhi, hereby disowned and debarred their son Arjun from their all movable and immovable properties and also severe all their relations from him. My clients shall not be responsible for any act of their son.
**GAJRAJ SINGH ADVOCATE**
CHAMBER NO. 640 LAWYERS CHAMBER BLOCK, SAKET COURT COMPLEX, NEW DELHI-110017

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

**PUBLIC NOTICE**
"It is to informed to the Public at large that my client Shri Ajay Gandhi S/o Shri Chander Prakash Gandhi R/o H. No. 316, Gali Mithu Lal, Chotti Bazaria, Ghaziabad, U.P.-201001; Purchasing a Property from Shri Om Prakash Arora, vide ATS dt.27.09.2022, Along with taking a Loan for Plot Purchase + Construction against property i.e. Portion of Residential Vacant Plot No. 74, area measuring 66.66 sq. yds., i.e. 55.74 sq. mtrs., Situated at Gupta Colony, Old Name Dharampura, Ghaziabad, Tehsil & Distt. Ghaziabad, U.P; being the Owner of said property by virtue of Sale Deed dt. 22.12.2021 executed by 1. Sh. Rachit Jain & 2. Smt. Meenu Jain in favour of Sh. Om Prakash Arora, w.r.t. said property Plot No.74, area 66.66 sq. yds., duly regd. As doc. No. 15719, Vol. 18742, on page 275-294, on dt. 22.12.2021, hereinafter referred to as " the said property " submitted the Papers regarding this property with Satin Housing Finance Limited, And Original Sale Deed dt. 27.03.1965 executed by Sh. Harkishan Dass & 2. Smt. Basant Kaur in favour of Smt. Kelawati, w.r.t. said property Plot No. 24 & 25, area 200 sq. yds., duly regd. As doc. No. 1708, Vol. No. 1201, on page 144-145, on dt. 27.03.1965 has been missing and Newspaper publication already done on dt. 14.04.2018 in Newspaper Manasvi Vani And Original Partition Deed executed by Naveen Jain (H.U.F), through karta Mr. Naveen Jain S/o late Mr. S. K. Jain, Mr. Ajay Gandhi S/o Late Mr. Chandra Prakash Gandhi, Mr. Rachit Jain also missing and is not traceable, If any Person Found the same, Kindly return it at the address mentioned below, Along with "the said property" Late Smt. Kaila Devi was the previous owner of said property and after his death leaving behind his legal heirs Mrs. Shashibala Goyal, Mr. Naveen Jain, Mr. Ajay Gandhi & Mr. Rachit Jain as only 4 legal heirs and no any other legal heirs of this property and Any person, who has got, rights, interest, title, claim, encumbrances, charges of any nature whatsoever in respect of the above said Property or any part thereof, can send their objections with their documentary evidence at below address within 7 days from the date of publication of this notice, failing which, it shall be presumed that the said Property in entirely is free from all such claims, interest, charges, encumbrances etc.
**Sahil Virmani**
(ADVOCATE)
Address G-721
Karkardooma Court, Delhi
8929535407, 9643394303

# ਸੰਤੁਲਿਤ ਭੋਜਨ ਸਰੀਰ ਲਈ ਫ਼ਾਇਦੇਮੰਦ

ਜਸਦੀਪ ਸਿੰਘ

ਮਨੁੱਖੀ ਸਰੀਰ ਇਕ ਮਸ਼ੀਨ ਦੇ ਵਾਂਗ ਕੰਮ ਕਰਦਾ ਹੈ ਜਿਵੇਂ ਕਿਸੇ ਮਸ਼ੀਨ ਨੂੰ ਚਲਾਉਣ ਲਈ ਊਰਜਾ ਜਾਂ ਸ਼ਕਤੀ ਦੀ ਲੋੜ ਪੈਂਦੀ ਹੈ। ਬਿਲਕੁਲ ਉਸੇ ਤਰ੍ਹਾਂ ਸਰੀਰ ਨੂੰ ਸਿਹਤਮੰਦ ਰੱਖਣ ਲਈ ਸੰਤੁਲਿਤ ਭੋਜਨ ਦੀ ਲੋੜ ਹੈ। ਸੰਤੁਲਿਤ ਭੋਜਨ 'ਚ ਉਹ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ। ਜੋ ਸਾਡੇ ਸਰੀਰ ਦੇ ਵਾਧੇ ਤੇ ਵਿਕਾਸ ਲਈ ਜ਼ਰੂਰੀ ਹੁੰਦੇ ਹਨ ਤੇ ਸਾਨੂੰ ਹਰ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਦੂਰ ਰੱਖਣ 'ਚ ਸਹਾਈ ਹੁੰਦੇ ਹਨ। ਇਸ ਦੇ ਨਾਲ ਹੀ ਸਾਨੂੰ ਰੋਜ਼ਾਨਾ ਕਸਰਤ ਤੇ ਸਹੀ ਆਰਾਮ ਦੀ ਵੀ ਬਹੁਤ ਲੋੜ ਹੈ। ਕਸਰਤ ਤੇ ਸੈਰ ਨਾਲ ਸਾਡੇ ਪੱਠੇ ਮਜ਼ਬੂਤ ਹੁੰਦੇ ਹਨ। ਇਸ ਤਰ੍ਹਾਂ ਸਾਡੇ ਸਰੀਰ ਨੂੰ ਆਕਸੀਜਨ ਵੀ ਵੱਧ ਮਾਤਰਾ 'ਚ ਮਿਲਦੀ ਹੈ। ਜਿਸ ਨਾਲ ਅਸੀਂ ਵੱਧ ਚੁਸਤ ਤੇ ਫੁਰਤੀਲੇ ਮਹਿਸੂਸ ਕਰਦੇ ਹਾਂ।

ਰੋਜ਼ਾਨਾ ਨਹਾਉਣਾ ਵੀ ਬੇਹੱਦ ਜ਼ਰੂਰੀ ਹੈ। ਸਵੇਰ ਦੇ ਸਮੇਂ ਤੇਜ਼ ਤੁਰਨਾ, ਸਾਈਕਲ ਚਲਾਉਣਾ ਤੇ ਸਰੀਰ ਚੋਂ ਗਰਮੀ ਕੱਢਣ ਦੇ ਨਾਲ ਸਰੀਰ ਦੇ ਰੋਮ ਖੁੱਲ੍ਹ ਜਾਂਦੇ ਹਨ। ਇਸ ਤਰ੍ਹਾਂ ਵੱਖ-ਵੱਖ ਢੰਗਾਂ ਨਾਲ ਅਸੀਂ ਸਰੀਰ ਨੂੰ ਚੁਸਤ ਦਰੁਸਤ ਰੱਖ ਸਕਦੇ ਹਾਂ। ਸਰੀਰ ਲਈ ਨਿਯਮਤ ਸੌਣਾ ਵੀ ਬਹੁਤ ਜ਼ਰੂਰੀ ਹੈ। ਇਸ ਨਾਲ ਪੱਠਿਆਂ ਨੂੰ ਆਰਾਮ ਮਿਲਦਾ ਹੈ। ਇਸ ਤੋਂ ਬਾਅਦ ਦੁਬਾਰਾ ਸਾਡਾ ਸਰੀਰ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਬੱਚਿਆਂ ਦੀ ਰੋਜ਼ਾਨਾ ਖ਼ੁਰਾਕ 'ਚ ਸਾਰੇ ਤਰ੍ਹਾਂ ਦੇ ਭੋਜਨ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਸਰੀਰ ਦੇ ਸਾਰੇ ਅੰਗਾਂ ਦਾ ਵਧੀਆ ਢੰਗ ਨਾਲ ਵਿਕਾਸ ਹੁੰਦਾ ਹੈ।

ਸਾਨੂੰ ਰੁੱਤਾਂ ਦੇ ਹਿਸਾਬ ਨਾਲ ਖ਼ੁਰਾਕ ਦੀ ਚੋਣ ਕਰਨੀ ਚਾਹੀਦੀ ਹੈ। ਸਿਆਲ ਦੀ ਰੱਤ 'ਚ ਹਰੇ ਪੱਤੇ ਵਾਲੀਆਂ ਸਬਜ਼ੀਆਂ ਜਿਵੇਂ ਸਾਗ, ਪਾਲਕ, ਮੇਥੇ, ਗਾਜਰ, ਮੂਲੀ, ਸ਼ਲਗਮ ਆਦਿ ਦੀ ਜ਼ਿਆਦਾ ਮਾਤਰਾ 'ਚ ਵਰਤੋਂ ਕਰਨੀ ਚਾਹੀਦੀ ਹੈ। ਰਾਤ ਸਮੇਂ ਰੋਟੀ ਨਾਲ ਸਲਾਦ ਦਾ ਇਸਤੇਮਾਲ ਕੀਤਾ ਜਾਵੇ। ਇਨ੍ਹਾਂ ਦੇ ਸੇਵਨ ਨਾਲ ਸਾਨੂੰ ਜ਼ਿਆਦਾ ਮਾਤਰਾ 'ਚ ਵਿਟਾਮਿਨ ਮਿਲਦੇ ਹਨ ਤੇ ਨਾਲ ਹੀ ਸਾਡੀਆਂ ਅੱਖਾਂ ਦੀ ਰੋਸ਼ਨੀ ਵੀ ਠੀਕ ਰਹਿੰਦੀ ਹੈ। ਅੱਜ ਕਾਫ਼ੀ ਸਾਰੇ ਬੱਚਿਆਂ 'ਚ ਖ਼ੂਨ ਦੀ ਘਾਟ ਹੈ। ਸਮੇਂ-ਸਮੇਂ 'ਤੇ ਬੱਚਿਆਂ ਦਾ ਡਾਕਟਰੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਬੱਚਿਆਂ ਨੂੰ ਬਚਪਨ 'ਚ ਸੰਤੁਲਿਤ ਭੋਜਨ ਦੇਣ। ਇਸ ਤਰ੍ਹਾਂ ਸਾਡਾ ਸਰੀਰ ਬਿਮਾਰੀਆਂ ਦਾ ਟਾਕਰਾ ਕਰੇਗਾ, ਸਰੀਰ ਨਿਰੋਗ ਰਹੇਗਾ ਤੇ ਅਸੀਂ ਹਰ ਕੰਮ ਵਧੀਆ ਤਰੀਕੇ ਨਾਲ ਥਕਾਵਟ ਰਹਿਤ ਤੇ ਮਨ ਲੱਗਾ ਕੇ ਕਰ ਸਕਾਂਗੇ।

94630-57786

**ਪਰਹੇਜ਼**

*ਜੇ ਅਸੀ ਤਲੀਆਂ ਚੀਜ਼ਾਂ ਤੇ ਫਾਸਟ ਫੂਡ ਖਾਣ ਤੋਂ ਪਰਹੇਜ਼ ਕਰਾਂਗੇ ਤਾਂ ਹੀ ਅਸੀ ਇਕ ਚੰਗੀ ਸਿਹਤ ਬਣਾ ਸਕਦੇ ਹਾਂ। ਹਰ ਰੋਜ਼ ਦਹੀ, ਦੁੱਧ, ਮੱਖਣ, ਲੱਸੀ, ਘਿਓ, ਆਦਿ ਦਾ ਸੇਵਨ ਕਰੋ ਤੇ ਇਸ ਦੇ ਨਾਲ ਹੀ ਰੋਜ਼ਾਨਾ ਕਸਰਤ ਕਰਨੀ ਚਾਹੀਦੀ*



# ਕੀ ਹੈ ਬਲੱਡ ਪ੍ਰੈਸ਼ਰ?

ਡਾ. ਅਨਿਲ ਕੁਮਾਰ



**35 ਸਾਲ ਦੀ ਉਮਰ ਤੋਂ ਬਾਅਦ ਬਲੱਡ ਪ੍ਰੈਸ਼ਰ ਦੀ ਜਾਂਚ ਪੜਤਾਲ ਜ਼ਰੂਰੀ ਹੈ ਤਾਂ ਜੋ ਇਸ ਤੋਂ ਬਚਿਆ ਜਾ ਸਕੇ। ਇਸ ਬਿਮਾਰੀ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ...**

ਬਲੱਡ-ਪ੍ਰੈਸ਼ਰ ਦਾ ਵਧਣਾ ਜਾਂ ਘਟਣਾ ਘਰ-ਘਰ ਦੀ ਕਹਾਣੀ ਹੈ। ਭਾਵੇਂ ਕੋਈ ਛੋਟਾ, ਵੱਡਾ ਜਾਂ ਕੋਈ ਬਜ਼ੁਰਗ ਸਭ ਇਸ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ 90 ਫ਼ੀਸਦੀ ਮਰੀਜ਼ਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੈ। 10 ਫ਼ੀਸਦੀ ਮਰੀਜ਼ਾਂ ਨੂੰ ਇਸ ਬਿਮਾਰੀ ਦੇ ਲੱਛਣ ਮਹਿਸੂਸ ਹੁੰਦੇ ਹਨ। ਸ਼ਾਇਦ ਇਸ ਕਰਕੇ ਡਾਕਟਰੀ ਸ਼ਬਦਾਵਲੀ 'ਚ ਇਸ ਨੂੰ ਚੁੱਪ ਚਪੀਤੇ ਸਰੀਰ 'ਚ ਦਾਖਲ ਹੋਣ ਵਾਲਾ ਰੋਗ ਕਿਹਾ ਜਾਂਦਾ ਹੈ। ਅਸੀਂ ਇਸ ਗੱਲ ਤੋਂ ਅਣਜਾਣ ਹਾਂ ਕਿ ਵੱਧ ਬਲੱਡ-ਪ੍ਰੈਸ਼ਰ ਕਈ ਰੋਗਾਂ ਲਈ ਰਾਹ ਪੱਧਰਾ ਕਰਦਾ ਹੈ। 35 ਸਾਲ ਦੀ ਉਮਰ ਤੋਂ ਬਾਅਦ ਇਸ ਦੀ ਜਾਂਚ ਪੜਤਾਲ ਜ਼ਰੂਰੀ ਹੈ। ਦਰਅਸਲ ਇਹ ਬਿਮਾਰੀ ਵੱਡੀ ਉਮਰ ਦੇ ਲੋਕਾਂ ਦੀ ਹੈ ਪਰ ਕੁਝ ਜਮਾਂਦਰੂ ਗੜਬੜੀਆਂ ਕਰ ਕੇ ਬੱਚੇ ਵੀ ਇਸ ਰੋਗ ਦੀ ਲਪੇਟ 'ਚ ਆ ਸਕਦੇ ਹਨ ਪਰ ਇਸ ਦੇ ਉਲਟ ਘੱਟ ਬਲੱਡ ਪ੍ਰੈਸ਼ਰ ਸਿਹਤ ਲਈ ਵਰਦਾਨ ਹੈ। ਉਹ ਮਰੀਜ਼ ਆਪਣੇ-ਆਪ ਨੂੰ ਖ਼ੁਸ਼ਨਸੀਬ ਸਮਝਣ ਜਿਨ੍ਹਾਂ ਦਾ ਖ਼ੂਨ ਦਾ ਦਬਾਅ ਉਪਰ ਵਾਲਾ 100 ਤੇ ਹੇਠਲਾ 80 ਹੁੰਦਾ ਹੈ। ਇਨ੍ਹਾਂ ਦੋਵਾਂ ਕਿਰਿਆਵਾਂ ਦਾ ਸੰਤੁਲਨ ਬਣਾ ਕੇ ਰੱਖਣ ਵਾਲੇ ਮਰੀਜ਼ ਆਪ ਸ਼ਾਂਤ ਰਹਿੰਦੇ ਹੋਏ ਸਮਾਜ 'ਚ ਖ਼ੁਸ਼ੀਆਂ ਵੰਡਦੇ ਹਨ। ਘੱਟੇ ਹੋਏ ਬਲੱਡ-ਪ੍ਰੈਸ਼ਰ ਦਾ ਇਹ ਵੀ ਮਤਲਬ ਨਹੀਂ ਕਿ ਇਸ ਨੂੰ ਪੂਰਾ ਕਰਨ ਲਈ ਲੂਣ ਦੇ ਫੱਕੇ ਮਾਰੇ ਜਾਣ ਕਿਉਂਕਿ ਜ਼ਿਆਦਾ ਲੂਣ ਦੀ ਵਰਤੋਂ ਨਾਲ ਸਰੀਰ 'ਚ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਵਧਦੇ ਖ਼ੂਨ ਦਾ ਦਬਾਅ ਗੁੱਸੇ ਤੇ ਚਿੜਚਿੜੇ ਸੁਭਾਅ ਦਾ ਪ੍ਰਤੀਕ ਹੈ। ਇਹ ਗੱਲ ਵੀ ਪੱਕੀ ਹੈ ਕਿ ਘੱਟ ਹੋਏ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਡਾਕਟਰਾਂ ਦੇ ਬਹੁਤੇ ਚੱਕਰ ਲਗਾਉਣ ਦੀ ਲੋੜ ਨਹੀਂ ਹੈ ਪਰ ਅਣਰਜਿਸਟਰਡ ਡਾਕਟਰਾਂ ਵੱਲੋਂ ਘਟੇ ਹੋਏ ਬਲੱਡ-ਪ੍ਰੈਸ਼ਰ ਨੂੰ ਗੋਲੀਆਂ, ਟੀਕਿਆਂ ਤੇ ਗਲੂਕੋਜ਼ ਦੀਆਂ ਬੋਤਲਾਂ ਨਾਲ ਪੂਰਾ ਕਰਨਾ ਵੀ ਮਾੜਾ ਰੁਝਾਨ ਹੈ। ਜਿੱਥੇ ਘੱਟ ਬਲੱਡ ਪ੍ਰੈਸ਼ਰ ਖਾਣ-ਪੀਣ ਦੀ ਮੌਜ ਲਗਾਉਂਦਾ ਹੈ ਪਰ ਉਥੇ ਵੱਧ ਬਲੱਡ ਪ੍ਰੈਸ਼ਰ ਖਾਣ-ਪੀਣ 'ਤੇ ਕਈ ਪਾਬੰਦੀਆਂ ਲਗਾ ਦਿੰਦਾ ਹੈ। ਜਿਵੇਂ ਕਿ ਨਮਕ, ਅਚਾਰ, ਪਾਪੜ, ਸਨੈਕਸ, ਸ਼ਰਾਬ, ਸਿਗਰੇਟ, ਤਲੀਆਂ ਚੀਜ਼ਾਂ ਕਾਫ਼ੀ ਚਿਕਨਾਈ ਵਾਲੇ ਭੋਜਨ ਤੇ ਨਸ਼ੇ ਤੋਂ ਬਚਣ ਦਾ ਸੰਕੇਤ ਦਿੰਦਾ ਹੈ। ਜੇ ਅਸੀਂ ਇਸ ਦੇ ਲੱਛਣਾਂ ਨੂੰ ਅਣਗੌਲਿਆ ਕਰਦੇ ਹਾਂ ਤਾਂ ਦਿਲ ਦਾ ਦੌਰਾ, ਅਧਰੰਗ ਤੇ ਗੁਰਦੇ ਫੇਲ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਸ ਬਿਮਾਰੀ ਦੇ ਸੰਬੰਧ 'ਚ ਸਭ ਤੋ ਫ਼ਾਇਦੇ ਵਾਲੀ ਗੱਲ ਇਹ ਹੈ ਕਿ ਇਹ ਚੁੱਪ ਚਪੀਤੇ ਲੱਗਣ ਵਾਲੀ ਬਿਮਾਰੀ ਨੂੰ ਆਸਾਨੀ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਦਾ ਇਲਾਜ ਵੀ ਬਹੁਤਾ ਮਹਿੰਗਾ ਨਹੀਂ ਜਿਸ ਨਾਲ ਮਰੀਜ਼ ਦੀ ਜੇਬ 'ਤੇ ਭਾਰ ਪਵੇ। ਇਕ ਅਸਾਨ ਜਿਹੀ ਜਾਂਚ ਤੇ 40 ਪੈਸੇ ਦੀ ਇਕ ਗੋਲੀ ਨਾਲ ਤੁਸੀ ਲੰਬੀ ਉਮਰ ਜਿਉਣ ਦੇ ਕਾਬਲ ਬਣ ਸਕਦੇ ਹੋ। ਕਈ ਮਰੀਜ਼ ਇਹ ਗ਼ਲਤੀ ਕਰਦੇ ਹਨ ਕਿ ਇਹ ਬਿਮਾਰੀ ਕੰਟਰੋਲ ਹੋਣ 'ਤੇ ਉਹ ਦਵਾਈ ਛੱਡ ਦਿੰਦੇ ਹਨ ਉਹ ਇਹ ਨਹੀਂ ਸਮਝਦੇ ਕਿ ਇਹ ਉਮਰ ਭਰ ਦਾ ਰੋਗ ਹੈ ਜਿਸ ਦਾ ਕੋਈ ਪੱਕਾ ਇਲਾਜ ਨਹੀਂ ਹੈ। ਜੇ ਮਰੀਜ਼ਾਂ ਨੂੰ ਆਪਣੇ ਚਸ਼ਮੇ ਦਾ ਨੰਬਰ ਪਤਾ ਹੈ ਤਾਂ ਇਹ ਵੀ ਪਤਾ ਰੱਖਣ ਦੀ ਲੋੜ ਹੈ ਕਿ ਤੁਹਾਡਾ ਨਾਰਮਲ ਬਲੱਡ ਪ੍ਰੈਸ਼ਰ ਕਿੰਨਾ ਹੋਣਾ ਚਾਹੀਦਾ ਹੈ। ਬਲੱਡ-ਪ੍ਰੈਸ਼ਰ ਦੀ ਗਿਣਤੀ ਮਿਣਤੀ ਸਿੱਖਣ ਤੋਂ ਪਹਿਲਾਂ ਕਿਉਂ ਨਾ ਇਹ ਜਾਣ ਲਿਆ ਜਾਵੇ ਕਿ ਕਿੰਨਾ ਕਾਰਨਾਂ ਕਰ ਕੇ ਇਹ ਰੋਗ ਵਧਦਾ ਹੈ ਕਿਉਂਕਿ ਹਾਈ ਬਲੱਡ-ਪ੍ਰੈਸ਼ਰ ਨੂੰ ਕੰਟਰੋਲ 'ਚ ਲਿਆਉਣ ਤੋਂ ਪਹਿਲਾਂ ਇਸ ਦਾ ਮੂਲ ਕਾਰਨ ਲੱਭਣਾ ਵੀ ਜ਼ਰੂਰੀ ਹੈ-

### ਕਾਰਨ

- ਦਿਲ ਦੇ ਜਮਾਂਦਰੂ ਰੋਗ ਤੇ ਸ਼ੂਗਰ ਦਾ ਹੋਣਾ।
- ਗੁਰਦੇ ਦੀਆਂ ਬਿਮਾਰੀਆਂ
- ਖਾਣ-ਪੀਣ 'ਚ ਗੜਬੜੀ
- ਗਰਮੀਆਂ ਨਾਲੋਂ ਸਰਦੀਆਂ 'ਚ ਬਲੱਡ-ਪ੍ਰੈਸ਼ਰ ਵਧਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- ਇਹ ਰੋਗ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦਾ ਹੈ।
- ਤਲੀਆਂ ਚੀਜ਼ਾਂ ਬਲੱਡ ਪ੍ਰੈਸ਼ਰ ਰੋਗ ਪੈਦਾ ਕਰਦੀਆਂ ਹਨ।
- ਖ਼ੂਨ 'ਚ ਮਾੜੀ ਚਰਬੀ ਦਾ ਵਧਣਾ ਤੇ ਖ਼ੂਨ ਦਾ ਗਾੜ੍ਹਾ ਹੋਣਾ।
- ਮੋਟਾਪਾ ਤੇ ਜ਼ਿਆਦਾ ਦਵਾਈਆਂ ਦੀ ਵਰਤੋ।
- ਜ਼ਿਆਦਾ ਨਮਕ ਦੀ ਵਰਤੋ ਤੇ ਪਸੀਨਾ ਨਾ ਆਉਣਾ ਬਲੱਡ-ਪ੍ਰੈਸ਼ਰ ਵਧਾਉਂਦਾ ਹੈ।
- ਨਸ਼ੇ ਦੀ ਵਰਤੋਂ ਜਿਵੇਂ ਕਿ ਤੰਬਾਕੂਨੋਸ਼ੀ, ਸ਼ਰਾਬ, ਸਿਗਰੇਟ ਤੇ ਕੌਫ਼ੀ ਦੀ ਵਰਤੋ।
- ਵਿਟਾਮਿਨ ਡੀ ਦੀ ਘਾਟ ਕਰ ਕੇ ਵੀ ਬਲੱਡ-ਪ੍ਰੈਸ਼ਰ ਵੱਧ ਸਕਦਾ ਹੈ।
- ਨੀਂਦ 'ਚ ਸਾਹ ਰੁਕਣਾ।

### ਲੱਛਣ

- ਥਕਾਵਟ ਮਹਿਸੂਸ ਹੋਣਾ।
- ਸਿਰ ਭਾਰੀ ਤੇ ਚੱਕਰ ਆਉਣੇ।
- ਘਬਰਾਹਟ ਮਹਿਸੂਸ ਹੋਣੀ।
- ਗੁੱਸਾ ਆਉਣਾ ਤੇ ਮਰੀਜ਼ ਦਾ ਸੁਭਾਅ ਚਿੜਚਿੜਾ ਹੋ ਜਾਣਾ।
- ਸਾਹ ਫੁਲਣਾ ਤੇ ਖਾਣ 'ਚ ਪਰੇਸ਼ਾਨੀ।
- ਨੀਂਦ ਪੂਰੀ ਨਾ ਹੋਣੀ।
- ਦਿਲ ਦੀ ਧੜਕਣ ਦਾ ਵਧਣਾ।
- ਨੱਕ ਦੀ ਨਕਸੀਰ ਦਾ ਫੁੱਟਣਾ।
- ਛਾਤੀ 'ਚ ਦਰਦ ਹੋਣਾ।
- ਪਿਸ਼ਾਬ 'ਚ ਖ਼ੂਨ ਆਉਣਾ
- ਅੱਖਾਂ 'ਚ ਗੜਬੜੀ ਹੋਣੀ।
- ਮੂੰਹ ਲਾਲ ਹੋਣਾ।

### ਜਾਂਚ ਪੜਤਾਲ

- ਕਿਡਨੀ ਦੀ ਜਾਂਚ ਲਈ ਪੇਟ ਦਾ ਅਲਟਰਾਸਾਊਂਡ ਕਰਵਾਉਣਾ ਚਾਹੀਦਾ ਹੈ।
- ਪਿਸ਼ਾਬ ਦਾ ਟੈਸਟ।
- ਬਲੱਡ-ਪ੍ਰੈਸ਼ਰ ਚੈਕ ਕਰਨ ਵਾਲੀਆਂ ਡਿਜੀਟਲ ਮਸ਼ੀਨਾਂ ਨਾਲੋਂ ਪਾਰੇ ਵਾਲੀ ਮਸ਼ੀਨ ਦੀ ਪੜਤਾਲ ਜ਼ਿਆਦਾ ਠੀਕ ਹੈ।
- ਗੁਰਦਿਆਂ ਦੀ ਜਾਂਚ।

**ਇਲਾਜ-** ਅਸੀਂ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਤੇ ਰਹਿਣ ਸਹਿਣ 'ਚ ਤਬਦੀਲੀ ਕਰ ਕੇ ਇਸ 'ਤੇ ਕਾਬੂ ਪਾ ਸਕਦੇ ਹਾਂ। ਮੋਟਾਪਾ ਘਟਾਉਣਾ, ਸਿਗਰੇਟ, ਬੀੜੀ ਦਾ ਸੇਵਨ ਨਾ ਕਰਨ ਨਾਲ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਰੋਜ਼ਾਨਾ ਕਸਰਤ, ਯੋਗਾ, ਮੈਡੀਟੇਸ਼ਨ ਤੇ ਸਵੇਰ ਦੀ ਸੈਰ ਲਾਹੇਵੰਦ ਹੈ। ਆਪਣੇ ਭੋਜਨ 'ਚ ਦਹੀਂ, ਹਰੀਆਂ ਸਬਜ਼ੀਆਂ, ਮੌਸਮੀ ਫਲ, ਟਮਾਟਰ, ਖਰਬੂਜ਼ਾ, ਪਿਆਜ਼, ਮੱਛੀ ਸ਼ਾਮਿਲ ਕਰੋ। 779884393

## ਪੁਸਤਕ



| | |
|---|---|
| ਪੁਸਤਕ | : ਫਸਟ ਏਡ ਗਾਇਡ (ਮੁੱਢਲੀ ਸਹਾਇਤਾ ਤੇ ਇਲਾਜ) |
| ਲੇਖਕ | : ਵਿਸ਼ਾਲ ਭਾਰਤੀ |
| ਪੰਨੇ | : 128 ਮੁੱਲ : 140/- |
| ਪ੍ਰਕਾਸ਼ਨ | : ਤਰਕਭਾਰਤੀ |

ਇਸ ਪੁਸਤਕ 'ਚ ਲੇਖਕ ਨੇ ਸਰੀਰ ਪ੍ਰਤੀ ਆਉਣ ਵਾਲੀਆਂ ਪਰੇਸ਼ਾਨੀਆਂ ਬਾਰੇ ਗੱਲ ਕੀਤੀ ਹੈ ਕਿ ਅਸੀਂ ਇਨ੍ਹਾਂ ਬਿਮਾਰੀਆਂ ਦਾ ਕਿਸ ਤਰ੍ਹਾਂ ਇਲਾਜ ਕਰ ਸਕਦੇ ਹਾਂ ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਸਾਡੀ ਰੋਜ਼ ਦੀ ਭੱਜ-ਦੌੜ ਦੀ ਜ਼ਿੰਦਗੀ 'ਚ ਅਸੀਂ ਆਪਣੇ ਖਾਣ ਪੀਣ ਤੇ ਆਪਣੀ ਸਿਹਤ ਦਾ ਘੱਟ ਧਿਆਨ ਰੱਖਦੇ ਹਾਂ ਜਿਸ ਕਰਕੇ ਸਰੀਰ ਨੂੰ ਕਮਜ਼ੋਰੀ ਜਾਂ ਕਿਸੇ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਸੇ ਵੀ ਥਾਂ ਭਾਵ ਘਰ ਜਾਂ ਬਾਹਰ, ਕਿਸੇ ਵੀ ਸਮੇਂ ਕਿਸੇ ਵਿਅਕਤੀ ਨਾਲ ਕੁੱਝ ਵੀ ਹੋ ਸਕਦਾ ਹੈ ਕਈ ਛੋਟੀਆਂ-ਮੋਟੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਵੇਂ-ਸਿਰ ਦਰਦ, ਬੁਖ਼ਾਰ, ਜ਼ੁਕਾਮ, ਹੱਡੀ ਟੁੱਟ ਜਾਣਾ, ਸਾਹ ਪ੍ਰਣਾਲੀ 'ਚ ਸਮੱਸਿਆ, ਜੀ ਘਬਰਾਉਣਾ, ਕੁੱਝ ਹਜ਼ਮ ਨਾ ਹੋਣਾ, ਚੱਕਰ ਆਉਣੇ ਆਦਿ ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਲੇਖਕ ਨੇ ਇਸ ਕਿਤਾਬ 'ਚ ਇਹ ਸਮਝਾਉਣ ਦਾ ਕੋਸ਼ਿਸ਼ ਕੀਤੀ ਹੈ ਕਿ ਹਰ ਕਿਸੇ ਵਿਅਕਤੀ ਨੂੰ ਫਸਟ ਏਡ (ਮੁੱਢਲੀ ਸਹਾਇਤਾ) ਦੇ ਬਾਰੇ 'ਚ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਜੇ ਕੋਈ ਵਿਅਕਤੀ ਕਿਸੇ ਪਰੇਸ਼ਾਨੀ ਨਾਲ ਜੂਝ ਰਿਹਾ ਹੈ ਤਾਂ ਉਸ ਨੂੰ ਹਸਪਤਾਲ ਲੈ ਕੇ ਜਾਣ ਤੋਂ ਪਹਿਲਾਂ ਤੁਸੀ ਉਸ ਦੀ ਮੁੱਢਲੀ ਸਹਾਇਤਾ ਕਰੋ। ਕਈ ਵਾਰ ਇਸ ਤਰ੍ਹਾਂ ਦੇ ਕੇਸ ਵੀ ਦੇਖਣ ਨੂੰ ਮਿਲਦੇ ਹਨ ਕਿ ਕੋਈ ਵਿਅਕਤੀ ਸੜਕ ਹਾਦਸੇ 'ਚ ਪਿਆ ਹੋਇਆ ਹੈ ਤਾਂ ਉਸ ਦੀ ਸਹਾਇਤਾ ਲਈ ਕੋਈ ਅੱਗੇ ਨਹੀਂ ਆਉਂਦਾ, ਜੇ ਕੋਈ ਅੱਗੇ ਆਉਂਦਾ ਹੈ ਤਾਂ ਉਸ ਨੂੰ ਫਸਟ ਏਡ ਬਾਰੇ ਜਾਣਕਾਰੀ ਨਹੀਂ ਹੁੰਦੀ ਜਿਸ ਕਰਕੇ ਸੜਕ ਹਾਦਸੇ 'ਚ ਵਿਅਕਤੀ ਨੂੰ ਆਪਣੀ ਜਾਨ ਨਾਲ ਹੱਥ ਧੋਣੇ ਪੈਂਦੇ ਹਨ। ਇਸ ਲਈ ਮੁੱਢਲੀ ਜਾਣਕਾਰੀ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ ਤਾਂ ਹੀ ਇਕ ਪੀੜਤ ਨੂੰ ਮੌਤ ਦੇ ਮੂੰਹ 'ਚੋਂ ਕੱਢ ਕੇ ਉਸ ਨੂੰ ਨਵੀਂ ਜ਼ਿੰਦਗੀ ਦੇ ਸਕਦੇ ਹਾਂ ਨਾਲ ਹੀ ਵਿਸ਼ਾਲ ਭਾਰਤੀ ਨੇ ਘਰੇਲੂ ਨੁਸਖ਼ਿਆਂ ਬਾਰੇ ਵੀ ਚਾਨਣਾ ਪਾਇਆ ਹੈ ਕਿ ਅਸੀਂ ਛੋਟੀਆਂ ਬਿਮਾਰੀਆਂ ਦਾ ਘਰ ਬੈਠੇ ਵੀ ਇਲਾਜ ਕਰ ਸਕਦੇ ਹਾਂ। ਸਾਡੀਆਂ ਰੋਜ਼ਾਨਾ ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਸਹੀ ਤਰੀਕੇ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜਿਉਣਾ ਹੈ ਤਾਂ ਆਪਣੇ ਖਾਣ-ਪੀਣ 'ਤੇ ਬਹੁਤ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੀ ਤੇ ਕਿਸੇ ਹੋਰ ਦੀ ਜ਼ਿੰਦਗੀ ਬਚਾ ਸਕਦੇ ਹਾਂ।

• ਸਰਬ ਸਹੋਤਾ

# ਸੁੰਦਰਤਾ ਦਾ ਰਾਜ਼ ਕਾਲੇ ਅੰਗੂਰ



ਕਾਲੇ ਅੰਗੂਰ ਖਾਣ 'ਚ ਮਿੱਠੇ ਤੇ ਕਾਫ਼ੀ ਸੁਆਦ ਹੁੰਦੇ ਹਨ। ਇਸ 'ਚ ਵਿਟਾਮਿਨ ਸੀ, ਈ, ਫਾਇਬਰ, ਮੈਗਨੀਸ਼ੀਅਮ ਤੇ ਕੈਲੋਰੀ ਨਾਲ ਭਰਪੂਰ ਮਾਤਰਾ ਪਾਈ ਜਾਂਦੀ ਹੈ। ਕਾਲੇ ਅੰਗੂਰ ਹਾਰਟ ਅਟੈਕ ਤੇ ਡਾਇਬਟੀਜ਼ ਵਰਗੀਆਂ ਕਈ ਬਿਮਾਰੀਆਂ ਨਾਲ ਲੜਨ 'ਚ ਮਦਦ ਕਰਦੇ ਹਨ ਤੇ ਸਰੀਰ ਨੂੰ ਸਿਹਤਮੰਦ ਬਣਾਈ ਰੱਖਦੇ ਹਨ।

### ਡਾਇਬਟੀਜ਼

ਜੇ ਤੁਹਾਨੂੰ ਡਾਇਬਟੀਜ਼ ਦਾ ਰੋਗ ਹੈ ਤਾਂ ਕਾਲੇ ਅੰਗੂਰਾਂ ਦਾ ਸੇਵਨ ਬਹੁਤ ਹੀ ਲਾਭਕਾਰੀ ਹੈ। ਅੰਗੂਰ ਸਰੀਰ 'ਚ ਸ਼ੂਗਰ ਦੀ ਮਾਤਰਾ ਨੂੰ ਘੱਟ ਕਰਦ ਹਨ। ਜਿਸ ਨਾਲ ਤੁਸੀ ਆਪਣੀ ਡਾਇਬਟੀਜ਼ ਨੂੰ ਕੰਟਰੋਲ ਕਰ ਸਕਦੇ ਹੋ।

### ਹਾਰਟ ਅਟੈਕ

ਹਾਰਟ ਅਟੈਕ ਦੇ ਰੋਗ ਤੋਂ ਛੁਟਕਾਰਾ ਪਾਉਣ ਲਈ ਅੰਗੂਰ ਦਾ ਜੂਸ ਬਹੁਤ ਹੀ ਵਧੀਆ ਹੈ ਕਿਉਂਕਿ ਕਾਲੇ ਅੰਗੂਰਾਂ ਦਾ ਰਸ ਖ਼ੂਨ ਦੀ ਗਤੀ ਨੂੰ ਸਹੀ ਰੱਖਣ 'ਚ ਮਦਦ ਕਰਦਾ ਹੈ।

### ਖ਼ੂਨ ਦੀ ਘਾਟ

ਕਾਲੇ ਅੰਗੂਰ ਸਰੀਰ 'ਚ ਖ਼ੂਨ ਦੀ ਘਾਟ ਨੂੰ ਪੂਰਾ ਕਰਦੇ ਹਨ। ਰੋਜ਼ ਅੰਗੂਰ ਦੇ ਜੂਸ 'ਚ 2 ਚਮਚ ਸ਼ਹਿਦ ਮਿਲਾ ਕੇ ਇਸ ਦਾ ਸੇਵਨ ਕਰਨਾ ਚਾਹੀਦਾ ਹੈ।

### ਦਾਗ਼ ਤੇ ਝੁਰੜੀਆਂ

ਜੇ ਤੁਸੀ ਆਪਣੇ ਚਿਹਰੇ ਦੀਆਂ ਝੁਰੜੀਆਂ ਤੇ ਦਾਗ਼ਾਂ ਤੋਂ ਪਰੇਸ਼ਾਨ ਹੋ ਤਾਂ ਹਰ ਰੋਜ਼ ਕਾਲੇ ਅੰਗੂਰਾਂ ਦਾ ਸੇਵਨ ਕਰਨਾ ਚਾਹੀਦਾ ਹੈ।

### ਚਮਕਦਾਰ ਚਮੜੀ

ਇਸ ਦੇ ਸੇਵਨ ਨਾਲ ਚਮੜੀ ਜਵਾਨ ਤੇ ਨਿਖ਼ਰੀ ਹੋਈ ਲੱਗਦੀ ਹੈ ਕਿਉਂਕਿ ਇਸ 'ਚ ਮੌਜੂਦ ਵਿਟਾਮਿਨ ਸੀ ਤੱਤ ਹੁੰਦੇ ਹਨ। ਜੋ ਚਮੜੀ ਲਈ ਲਾਭਕਾਰੀ ਹੁੰਦੇ ਹਨ।

# ਧਨੀਆਂ ਸਿਹਤ ਲਈ ਗੁਣਕਾਰੀ

ਹਰੀਆਂ ਸਬਜ਼ੀਆਂ ਸਿਹਤ ਨੂੰ ਤੰਦਰੁਸਤ ਰੱਖਦੀਆਂ ਹਨ। ਧਨੀਏ ਨੂੰ ਦਾਲਾਂ ਜਾਂ ਸਬਜ਼ੀਆਂ 'ਚ ਇਸਤੇਮਾਲ ਕੀਤਾ ਜਾਂਦਾ ਹੈ। ਵਿਟਾਮਿਨ ਏ ਤੇ ਵਿਟਾਮਿਨ ਸੀ ਵਰਗੇ ਬਹੁਤ ਸਾਰੇ ਤੱਤ ਇਸ 'ਚ ਪਾਏ ਜਾਂਦੇ ਹਨ। ਜੋ ਸਿਹਤ ਲਈ ਬਹੁਤ ਫ਼ਾਇਦੇਮੰਦ ਹਨ। ਧਨੀਏ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਆਓ ਜਾਣਦੇ ਹਾਂ ਇਸ ਦੇ ਗੁਣ

### ਗੈਸ ਤੋਂ ਛੁਟਕਾਰਾ

ਬਹੁਤ ਸਾਰੇ ਲੋਕਾਂ ਨੂੰ ਪਾਚਨ ਕਿਰਿਆ ਦੀ ਪਰੇਸ਼ਾਨੀ ਰਹਿੰਦੀ ਹੈ ਜਿਸ ਕਰਕੇ ਪੇਟ 'ਚ ਗੈਸ ਬਣਨਾ ਸ਼ੁਰੂ ਹੋ ਜਾਂਦੀ ਹੈ। ਇਸ ਤੋਂ ਰਾਹਤ ਪਾਉਣ ਲਈ ਧਨੀਏ ਦਾ ਸੇਵਨ ਕਰਨਾ ਚਾਹੀਦਾ ਹੈ। ਗੈਸ ਲਈ ਧਨੀਏ ਦੇ ਪੱਤੇ ਬਹੁਤ ਲਾਭਕਾਰੀ ਹਨ।

**ਨਹੀਂ ਹੋਣਗੇ ਦਸਤ**

*ਕਈ ਵਾਰ ਖਾਣ-ਪੀਣ 'ਚ ਗੜਬੜੀ ਹੋਣਾ ਦੇ ਕਾਰਨ ਦਸਤ ਦੀ ਸਮੱਸਿਆ ਆ ਜਾਂਦੀ ਹੈ। ਜਿਸ ਕਰਕੇ ਸਰੀਰ ਕਮਜ਼ੋਰ ਹੋ ਜਾਂਦਾ ਹੈ। ਇਹ ਪਰੇਸ਼ਾਨੀ ਹੋਣ 'ਤੇ ਧਨੀਏ ਦੀ ਚਟਣੀ ਖਾਣਾ ਲਾਭਦਾਇਕ ਸਾਬਿਤ ਹੁੰਦੀ ਹੈ ਤੇ ਇਸ ਦਾ ਰੋਜ਼ਾਨਾ ਸੇਵਨ ਕਰਨਾ ਚਾਹੀਦਾ ਹੈ...*

### ਪਿਸ਼ਾਬ ਦੀ ਪਰੇਸ਼ਾਨੀ

ਕੁੱਝ ਲੋਕ ਪਾਣੀ ਦਾ ਸੇਵਨ ਬਹੁਤ ਘੱਟ ਮਾਤਰਾ 'ਚ ਕਰਦੇ ਹਨ, ਜਿਸ ਨਾਲ ਪਿਸ਼ਾਬ ਘੱਟ ਆਉਣ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਇਸ ਤਰ੍ਹਾਂ ਦੀ ਸਥਿਤੀ 'ਚ ਧਨੀਏ ਦੇ ਪੱਤੇ ਰਾਇਤੇ, ਸਲਾਦ, ਸਬਜ਼ੀ 'ਚ ਪਾ ਕੇ ਖਾਣੇ ਸ਼ੁਰੂ ਕਰੋ ਤੇ ਇਸ ਦੇ ਨਾਲ ਪਾਣੀ ਵੀ ਜ਼ਿਆਦਾ ਪੀਓ।

### ਡਾਇਬਟੀਜ਼

ਜੋ ਲੋਕ ਇਸ ਬਿਮਾਰੀ ਦਾ ਸਾਹਮਣਾ ਕਰ ਰਹੇ ਹਨ ਉਨ੍ਹਾਂ ਨੂੰ ਰੋਜ਼ ਕਿਸੇ ਨਾ ਕਿਸੇ ਤਰੀਕੇ ਨਾਲ ਇਸ ਦਾ ਸੇਵਨ ਕਰਨਾ ਚਾਹੀਦਾ ਹੈ। ਆਂਵਲੇ ਦੇ ਨਾਲ ਧਨੀਆਂ ਖਾਣ ਨਾਲ ਵੀ ਲਾਭ ਮਿਲਦਾ ਹੈ।



# ਰੋਗਾਂ ਵਿਚ ਲਾਹੇਵੰਦ ਹਲਦੀ



ਹਲਦੀ ਸਿਹਤ ਲਈ ਬਹੁਤ ਹੀ ਲਾਭਦਾਇਕ ਹੈ। ਇਸ ਨੂੰ ਹਰ ਰੋਜ਼ ਦਾਲ ਅਤੇ ਸਬਜ਼ੀ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਨਾ ਤਾਂ ਦਾਲ-ਸਬਜ਼ੀ ਦਾ ਰੰਗ ਵਧੀਆ ਬਣਦਾ ਹੈ ਅਤੇ ਨਾ ਹੀ ਸੁਆਦ। ਹਲਦੀ ਦੇ ਅਨੇਕਾਂ ਗੁਣ ਹਨ ਅਤੇ ਇਹ ਦਵਾਈ ਤੇ ਪ੍ਰਭਾਵਸ਼ਾਲੀ ਵਟਨਾ ਦੇ ਰੂਪ ਵਿਚ ਕੰਮ ਆ ਸਕਦੀ ਹੈ। ਇਹ ਖ਼ੂਨ ਨੂੰ ਸਾਫ਼ ਕਰਦੀ ਹੈ ਅਤੇ ਸਰੀਰ 'ਚੋਂ ਜ਼ਹਿਰੀਲੇ ਮਾਦੇ ਨੂੰ ਬਾਹਰ ਕੱਢਣ ਵਿਚ ਸਹਾਇਕ ਹੁੰਦੀ ਹੈ ਉਮਰ ਦੇ ਵਧਣ ਨਾਲ ਸਰੀਰ ਵਿਚ ਤੇਜ਼ਾਬੀ ਮਾਦਾ ਵੱਧ ਜਾਂਦਾ ਹੈ ਅਤੇ ਚਮੜੀ ਖ਼ੁਸ਼ਕ ਹੋਣੀ ਸ਼ੁਰੂ ਹੋ ਜਾਂਦੀ ਹੈ। ਹਲਦੀ ਦੇ ਉਪਯੋਗ ਨਾਲ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਹਲਦੀ ਦੇ ਨਿਰੰਤਰ ਉਪਯੋਗ ਨਾਲ ਗੁਰਦੇ, ਚਮੜੀ, ਫੇਫੜੇ ਆਦਿ ਅੰਗ ਸਹੀ ਤਰੀਕੇ ਨਾਲ ਕੰਮ ਕਰਦੇ ਹਨ।

### ਰੋਗਾਂ ਨੂੰ ਦੂਰ ਰੱਖਣ 'ਚ ਮਦਦਗਾਰ

ਰੋਗਾਂ ਨੂੰ ਦੂਰ ਰੱਖਣ ਵਿਚ ਸਹਾਈ ਹੋਣ ਵਾਲੇ ਖਾਧ ਪਦਾਰਥਾਂ ਦੀ ਸੂਚੀ ਵਿਚ ਹਲਦੀ ਦਾ ਸਥਾਨ ਸਭ ਤੋਂ ਉਪਰ ਹੈ ਅਤੇ ਇਹ ਸੇਬ ਨਾਲੋਂ ਵੀ ਲਾਹੇਵੰਦ ਹੈ। ਵਡੇਰੀ ਉਮਰ ਦੇ ਲੋਕਾਂ ਨੂੰ ਇਸ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

### ਖਾਂਸੀ ਅਤੇ ਗਲ਼ੇ ਦਾ ਦਰਦ

ਖਾਂਸੀ ਅਤੇ ਗਲ਼ੇ ਦੇ ਦਰਦ ਲਈ ਇਕ ਵੱਡਾ ਚਮਚ ਪੀਸੀ ਹੋਈ ਹਲਦੀ ਅਤੇ ਚੂੰਢੀ ਭਰ ਕਾਲੀ ਮਿਰਚ ਮਿਲਾ ਕੇ ਇਕ ਗਲਾਸ ਦੁੱਧ ਵਿਚ ਉਬਾਲੋ। ਇਹ ਖਾਂਸੀ ਅਤੇ ਗਲ਼ੇ ਦੇ ਦਰਦ ਲਈ ਢੁਕਵਾਂ ਇਲਾਜ ਹੈ।

### ਚਮੜੀ ਦੇ ਰੋਗਾਂ

ਅਜਵਾਇਣ ਦਾ ਪਾਊਡਰ ਅਤੇ ਪੀਸੀ ਹੋਈ ਹਲਦੀ 12-12 ਗ੍ਰਾਮ ਲੈ ਕੇ ਪਿਆਜ਼ ਦੇ ਰਸ ਵਿਚ ਮਿਲਾ ਕੇ ਇਸਤੇਮਾਲ ਕਰਨ ਨਾਲ ਚਮੜੀ ਰੋਗਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹ ਖ਼ੁਰਾਕ ਦਿਨ ਵਿਚ 'ਚ ਦੋ ਵਾਰ ਲਈ ਜਾਵੇ।

### ਦੰਦਾਂ ਦੀ ਮਜ਼ਬੂਤੀ

ਪੀਸੀ ਹੋਈ ਹਲਦੀ 'ਚ ਨਮਕ ਮਿਲਾ ਕੇ ਸਵੇਰੇ ਦੰਦਾਂ 'ਤੇ ਰਗੜੋ। ਇਸ ਨਾਲ ਦੰਦ ਵਧੀਆ ਅਤੇ ਮਜ਼ਬੂਤ ਹੋਣਗੇ। ਅਜਿਹਾ ਕਰਨ ਨਾਲ ਮੂੰਹ ਵਿਚਲੀ ਬਦਬੂ ਵੀ ਖ਼ਤਮ ਹੋਵੇਗੀ ਅਤੇ ਦਰਦ ਤੋਂ ਵੀ ਰਾਹਤ ਮਿਲੇਗੀ।

### ਜ਼ਖਮਾਂ ਤੋਂ ਰਾਹਤ

ਜੇ ਸਰੀਰ 'ਤੇ ਕਿਸੇ ਕਿਸਮ ਦਾ ਜ਼ਖਮ ਹੋਵੇ ਤਾਂ ਹਲਦੀ ਨੂੰ ਸਰ੍ਹੋਂ ਦੇ ਤੇਲ 'ਚ ਤਲਕੇ ਲਗਾਉਣ ਨਾਲ ਜਲਦੀ ਫ਼ਾਇਦਾ ਹੋਵੇਗਾ ਦਰਦ ਤੋਂ ਵੀ ਰਾਹਤ ਮਿਲੇਗੀ।

### ਚਿਹਰੇ ਦੀ ਸੁੰਦਰਤਾ

ਹਲਦੀ 'ਚ ਚਿਹਰੇ ਨੂੰ ਨਿਖ਼ਾਰਨ ਵਾਲੇ ਗੁਣ ਵੀ ਹਨ। ਇਕ ਛੋਟਾ ਚਮਚ ਪੀਸੀ ਹੋਈ ਹਲਦੀ ਅਤੇ ਵੇਸਣ ਜਾਂ ਚੰਦਨ ਦੇ ਪਾਊਡਰ ਨੂੰ ਮਿਲਾਈ ਵਿਚ ਮਿਲਾ ਕੇ ਦਸ ਤੋਂ ਬਾਰ੍ਹਾਂ ਦਿਨ ਚਿਹਰੇ 'ਤੇ ਲਗਾਉਣ ਨਾਲ ਚਿਹਰੇ ਦੀ ਸੁੰਦਰਤਾ ਵਿਚ ਚੋਖਾ ਨਿਖ਼ਾਰ ਆਵੇਗਾ ਅਤੇ ਚਮੜੀ ਨਰਮ ਹੋ ਜਾਵੇਗੀ।

### ਮੋਟਾਪੇ ਤੋਂ ਛੁਟਕਾਰਾ

ਹਲਦੀ ਵਾਲਾ ਦੁੱਧ ਪੀਣ ਨਾਲ ਸਰੀਰ ਵਿਚ ਜਮ੍ਹਾਂ ਹੋਈ ਚਰਬੀ ਦੀ ਮਾਤਰਾ ਘਟਦੀ ਹੈ। ਇਸ 'ਚ ਮੌਜੂਦ ਕੈਲਸ਼ੀਅਮ ਅਤੇ ਹੋਰ ਪੌਸ਼ਟਿਕ ਤੱਤ ਮੋਟਾਪਾ ਘਟਾਉਣ ਵਿਚ ਮਦਦਗਾਰ ਸਾਬਤ ਹੁੰਦੇ ਹਨ।

### ਸਾਹ ਦੀ ਪਰੇਸ਼ਾਨੀ ਕਰੇ ਦੂਰ

ਹਲਦੀ ਦੁੱਧ ਵਿਚ ਉਬਾਲ ਕੇ ਲੈਣ ਨਾਲ ਸਾਹ ਨਾਲ ਸਬੰਧਤ ਰੋਗਾਂ ਤੋਂ ਰਾਹਤ ਮਿਲਦੀ ਹੈ। ਇਹ ਸਰੀਰ 'ਚ ਗਰਮੀ ਲਿਆ ਕੇ ਕਫ਼ ਨੂੰ ਹਟਾਉਣ 'ਚ ਮਦਦ ਕਰਦੀ ਹੈ। ਇਹ ਬੈਕਟੀਰੀਆ ਵਿਰੁੱਧ ਲੜਨ 'ਚ ਵੀ ਸਹਾਇਕ ਹੁੰਦੀ ਹੈ।

### ਹੱਡੀਆਂ ਦੀ ਮਜ਼ਬੂਤੀ

ਹਲਦੀ ਨੂੰ ਦੁੱਧ 'ਚ ਚੰਗੀ ਤਰ੍ਹਾਂ ਉਬਾਲ ਕੇ ਪੀਣ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਜੋੜਾਂ ਦੇ ਦਰਦ ਤੋਂ ਵੀ ਰਾਹਤ ਮਿਲਦੀ ਹੈ ਅਤੇ ਗਠੀਆ ਵੀ ਦੂਰ ਹੁੰਦਾ ਹੈ। ਗਰਮ ਪਾਣੀ 'ਚ ਹਲਦੀ ਪਾਊਡਰ, ਸ਼ਹਿਦ ਅਤੇ ਨਿੰਬੂ ਮਿਲਾ ਕੇ ਖ਼ਾਲੀ ਪੇਟ ਪੀਣ ਨਾਲ ਸਰੀਰ ਦੀ ਗੰਦਗੀ ਬਾਹਰ ਨਿਕਲ ਜਾਂਦੀ ਹੈ।

• ਸੁਖਮੰਦਰ ਸਿੰਘ ਤੂਰ



**ਡੱਬਾ ਬੰਦ ਪਦਾਰਥਾਂ ਦੇ ਇਸਤੇਮਾਲ ਤੋਂ ਬਚਣਾ ਚਾਹੀਦਾ ਹੈ। ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਹਰੀਆਂ ਪੱਤੇਦਾਰ ਸਬਜ਼ੀਆਂ ਤੇ ਤਾਜ਼ੇ ਫਲ਼ਾਂ ਦਾ ਇਸਤੇਮਾਲ ਕਰਨ ਨਾਲ ਅਸੀਂ ਇਸ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹਾਂ...**

# ਗਦੂਦਾਂ ਦੇ ਕੈਂਸਰ ਦਾ ਕੁਦਰਤੀ ਇਲਾਜ

ਡਾ. ਹਰਿੰਦਰਪਾਲ ਸਿੰਘ

ਪ੍ਰੋਸਟੇਟ ਇਕ ਹਾਰਮੋਨ ਦਾ ਰਿਸਾਓ ਕਰਨ ਵਾਲੀ ਗ੍ਰੰਥੀ ਹੈ ਜੋ ਕਿ ਮਰਦਾਂ 'ਚ ਪਿਸ਼ਾਬ ਵਾਲੀ ਥੈਲੀ ਦੇ ਥੱਲੇ ਕਰ ਕੇ ਸਥਿਤ ਹੁੰਦੀ ਹੈ। ਇਸਨੂੰ ਗਦੂਦ ਵੀ ਕਿਹਾ ਜਾਂਦਾ ਹੈ। ਉਮਰ ਦੇ ਹਿਸਾਬ ਨਾਲ ਇਸ ਦੇ ਆਕਾਰ 'ਚ ਵਾਧਾ ਹੁੰਦਾ ਜਾਂਦਾ ਹੈ ਜਿਸ ਨਾਲ ਪਿਸ਼ਾਬ ਰੁਕ-ਰੁਕ ਕੇ ਆਉਣਾ ਜਾਂ ਦਰਦ ਦੇ ਨਾਲ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਆਕਾਰ ਦੇ ਵਧਣ ਦਾ ਇਸਦੇ ਕੈਂਸਰ ਨਾਲ ਕੋਈ ਸੰਬੰਧ ਨਹੀਂ ਹੈ। ਕੈਂਸਰ ਦੀ ਹਾਲਤ 'ਚ ਗਦੂਦ ਦੇ ਸੈੱਲ ਆਪਣੀ ਮਰਜ਼ੀ ਨਾਲ ਵਧਣਾ ਸ਼ੁਰੂ ਕਰ ਦਿੰਦੇ ਹਨ।

ਇਹ ਬਿਮਾਰੀ ਅੱਜਕੱਲ੍ਹ ਆਮ ਹੁੰਦੀ ਜਾ ਰਹੀ ਹੈ। ਵੱਡੀ ਉਮਰ ਦੇ ਬਜ਼ੁਰਗ ਲੋਕ ਜ਼ਿਆਦਾ ਇਸ ਦੀ ਲਪੇਟ 'ਚ ਆ ਰਹੇ ਹਨ। ਮੇਰੇ ਨਿੱਜੀ ਅਨੁਭਵ ਅਨੁਸਾਰ ਲੰਮੇ ਕੱਦ ਅਤੇ ਪਤਲੇ ਸਰੀਰ ਵਾਲੇ ਵਿਅਕਤੀ ਇਸ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਅਜਿਹੀ ਹਾਲਤ 'ਚ ਜ਼ਿਆਦਾ ਪ੍ਰਚੱਲਿਤ ਇਲਾਜ ਸਰਜਰੀ, ਰੇਡੀਏਸ਼ਨ ਜਾਂ ਕੀਮੋਥਰੈਪੀ ਹੀ ਹਨ ਪਰ ਇਨ੍ਹਾਂ ਦਾ ਬਹੁਤ ਜ਼ਿਆਦਾ ਦੁਰਪ੍ਰਭਾਵ ਸਰੀਰ ਉੱਤੇ ਪੈਂਦੇ ਹਨ। ਇਸ ਤੋਂ ਇਲਾਵਾ ਕੁੱਝ ਆਯੁਰਵੈਦਿਕ, ਹੋਮਿਓਪੈਥਿਕ ਦਵਾਈਆਂ ਵੀ ਇਸਦੇ ਇਲਾਜ 'ਚ ਕਾਰਗਰ ਸਾਬਤ ਹੋ ਰਹੀਆਂ ਹਨ ਪਰ ਇਹ ਸਭ ਕੁੱਝ ਕਿਸੇ ਯੋਗ ਡਾਕਟਰ ਦੇ ਤਜਰਬੇ ਤੇ ਹੀ ਨਿਰਭਰ ਕਰਦਾ ਹੈ। ਕੁਝ ਕੁਦਰਤੀ ਖਾਧ ਪਦਾਰਥਾਂ ਦਾ ਇਸਤੇਮਾਲ ਕਰ ਕੇ ਇਸ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

**ਅਦਰਕ -** ਅਦਰਕ 'ਚ ਐਂਟੀ ਮਾਈਕ੍ਰੋਬੀਅਲ ਅਤੇ ਐਂਟੀ ਇਨਫਲੇਮੇਟਰੀ ਗੁਣ ਹੁੰਦੇ ਹਨ। ਇਹ ਕੈਂਸਰ ਦੇ ਸੈੱਲਾਂ ਦੀ ਪੈਦਾਵਾਰ ਨੂੰ ਰੋਕਣ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਹ ਕੀਮੋਥਰੈਪੀ ਦੇ ਬੁਰੇ ਪ੍ਰਭਾਵ ਨੂੰ ਵੀ ਘੱਟ ਕਰਦਾ ਹੈ। ਅਦਰਕ ਦਾ ਜੂਸ ਇਕੱਲਾ ਜਾਂ ਫਿਰ ਸ਼ਹਿਦ 'ਚ ਮਿਲਾ ਕੇ ਵੀ ਲਿਆ ਜਾ ਸਕਦਾ ਹੈ।

**ਅਨਾਰ -** ਵਿਗਿਆਨਕ ਖੋਜਾਂ ਤੋਂ ਸਿੱਧ ਹੋ ਚੁੱਕਾ ਹੈ ਕਿ ਅਨਾਰ 'ਚ ਪਾਏ ਜਾਣ ਵਾਲੇ ਤੱਤ ਕੈਂਸਰ ਸੈੱਲਾਂ ਦੇ ਸਰੀਰ 'ਚ ਫੈਲਣ ਦੀ ਗਤੀ ਨੂੰ ਹੌਲੀ ਕਰ ਦਿੰਦੇ ਹਨ। ਇਸ ਤਰ੍ਹਾਂ ਕੈਂਸਰ ਨੂੰ ਰੋਕਣ 'ਚ ਸਹਾਈ ਹੁੰਦੇ ਹਨ। ਅਨਾਰ ਦਾ ਇਸਤੇਮਾਲ ਰੋਜ਼ਾਨਾ ਕਰਨਾ ਚਾਹੀਦਾ ਹੈ।



**ਟਮਾਟਰ :** ਟਮਾਟਰ 'ਚ ਇਕ ਸ਼ਕਤੀਸ਼ਾਲੀ ਐਂਟੀ ਆਕਸੀਡੈਂਟ ਲਿਕੋਪੀਨ ਪਾਇਆ ਜਾਂਦਾ ਹੈ। ਇਹ ਕੈਂਸਰ ਸੈੱਲਾਂ ਨੂੰ ਅੱਗੇ ਫੈਲਣ ਤੋਂ ਰੋਕਦਾ ਹੈ। ਟਮਾਟਰ ਨੂੰ ਸੂਪ , ਜੂਸ, ਚਟਣੀ ਦੇ ਰੂਪ 'ਚ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ ਜਾਂ ਕੱਚਾ ਖਾਇਆ ਜਾ ਸਕਦਾ ਹੈ। ਲਿਕੋਪੀਨ ਨੂੰ ਸਪਲੀਮੈਂਟ ਦੇ ਤੌਰ 'ਤੇ ਵੀ ਲਿਆ ਜਾ ਸਕਦਾ ਹੈ।

**ਕੱਦੂ ਦੇ ਬੀਜ**

*ਇਹ ਭਾਵੇਂ ਸਿੱਧੇ ਤੌਰ 'ਤੇ ਕੈਂਸਰ ਨੂੰ ਠੀਕ ਨਹੀਂ ਕਰਦੇ ਪਰ ਇਹ ਪ੍ਰੋਸਟੇਟ ਅਤੇ ਪਿਸ਼ਾਬ ਦੀ ਥੈਲੀ ਨਾਲ ਸੰਬੰਧਿਤ ਰੋਗਾਂ ਨੂੰ ਜ਼ਰੂਰ ਠੀਕ ਰੱਖਦੇ ਹਨ ਜਿਸ ਕਰਕੇ ਕੈਂਸਰ ਹੋਣ ਦਾ ਖ਼ਤਰਾ ਕਾਫ਼ੀ ਘੱਟ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹ ਬੀਜ ਜ਼ਿੰਕ ਭਰਪੂਰ ਹੋਣ ਕਰਕੇ ਸਰੀਰ ਦੀ ਰੋਗ ਨਿਰੋਧਕ ਸ਼ਕਤੀ 'ਚ ਵਾਧਾ ਕਰ ਕੇ ਸਰੀਰ ਦੀ ਸਫ਼ਾਈ ਕਰਦੇ ਹਨ। ਕੱਦੂ ਦੇ ਬੀਜਾਂ ਦੀ ਗਿਰੀ ਕੱਢ ਕੇ ਉਸਨੂੰ ਭੁੰਨ ਕੇ ਜਾਂ ਫਿਰ ਕਾੜ੍ਹਾ ਬਣਾ ਕੇ ਇਸਤੇਮਾਲ ਕੀਤਾ ਜਾ ਸਕਦਾ ਹੈ। ਪਹਿਲੇ ਸਮਿਆਂ 'ਚ ਕੱਦੂ ਦੇ ਬੀਜਾਂ ਨੂੰ ਭੁੰਨ ਕੇ ਖਾਣ ਦਾ ਪ੍ਰਚਲਨ ਰਿਹਾ ਹੈ।*



**ਸੋਇਆਬੀਨ**

ਇਸ 'ਚ ਇਕ ਕਿਰਿਆਸ਼ੀਲ ਤੱਤ ਫਾਈਟੋ ਐਸਟਰੋਜਨ ਪਾਇਆ ਜਾਂਦਾ ਹੈ। ਜੋ ਕਿ ਇਸ ਗ੍ਰੰਥੀ ਵਿਚਲੇ ਟੈਸਟਸਟਿਰੋਨ ਹਾਰਮੋਨ ਦੇ ਰਿਸਾਓ ਨੂੰ ਘੱਟ ਕਰ ਦਿੰਦਾ ਹੈ ਜਿਸ ਲਈ ਇਹ ਗ੍ਰੰਥੀ ਨੂੰ ਹੋਣ ਵਾਲੀ ਖ਼ੂਨ ਦੀ ਸਪਲਾਈ ਘੱਟ ਜਾਂਦੀ ਹੈ ਜੋ ਕਿ ਕੈਂਸਰ ਸੈੱਲਾਂ ਦੇ ਵਾਧੇ ਨੂੰ ਰੋਕਦੀ ਹੈ।

**ਵਿਟਾਮਿਨ ਡੀ-** ਸਰੀਰ 'ਚ ਵਿਟਾਮਿਨ ਡੀ ਦੀ ਮੌਜੂਦਗੀ ਗਦੂਦਾਂ ਦੇ ਕੈਂਸਰ ਨੂੰ ਖ਼ਤਮ ਕਰਕੇ ਠੀਕ ਕਰਨ 'ਚ ਸਹਾਈ ਹੁੰਦੀ ਹੈ। ਖਾਧ ਪਦਾਰਥਾਂ ਤੋਂ ਇਲਾਵਾ ਸਵੇਰ ਵੇਲੇ ਸੂਰਜ ਦੀ ਰੌਸ਼ਨੀ ਤੋਂ ਵੀ ਵਿਟਾਮਿਨ ਡੀ ਲਿਆ ਜਾ ਸਕਦਾ ਹੈ। ਇਸ ਲਈ ਸੂਰਜ ਨਿਕਲਣ ਤੋਂ ਲੈ ਕੇ ਅੱਧਾ ਘੰਟੇ ਤਕ ਧੁੱਪ 'ਚ ਬੈਠਣਾ ਚਾਹੀਦਾ ਹੈ। ਵਿਟਾਮਿਨ ਡੀ-3 ਹੀ





ਲੈਣਾ ਚਾਹੀਦਾ ਹੈ।

**ਗਰੀਨ-ਟੀ -** ਕੁਦਰਤੀ ਤੌਰ 'ਤੇ ਪੈਦਾ ਹੋਣ ਵਾਲੀ ਬਿਨਾਂ ਦੁੱਧ ਤੋਂ ਬਣੀ ਚਾਹ ਐਂਟੀ ਆਕਸੀਡੈਂਟ ਭਰਪੂਰ ਹੁੰਦੀ ਹੈ। ਇਸ 'ਚ ਪਾਇਆ ਜਾਣ ਵਾਲਾ ਕੁਦਰਤੀ ਤੱਤ ਪੋਲੀਫਿਨੋਲਜ਼ ਕੈਂਸਰ ਸੈੱਲ ਦੀ ਪੈਦਾਵਾਰ ਅਤੇ ਵਾਧੇ ਨੂੰ ਰੋਕਦਾ ਹੈ। ਇਸ 'ਚ ਪਹਿਲਾਂ ਤੋਂ ਮੌਜੂਦ ਕੈਂਸਰ ਸੈੱਲਾਂ ਨੂੰ ਖ਼ਤਮ ਕਰਨ ਦੀ ਸਮਰੱਥਾ ਵੀ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਜਪਾਨ 'ਚ ਗਰੀਨ ਟੀ ਇਕ ਅਤਿ ਜ਼ਰੂਰੀ ਪੀਣ ਵਾਲਾ ਪਦਾਰਥ ਹੈ ਇਸ ਲਈ ਜਪਾਨ 'ਚ ਪ੍ਰੋਸਟੇਟ ਦੇ ਕੈਂਸਰ ਮਰੀਜ਼ਾਂ ਦੀ ਗਿਣਤੀ ਅਮਰੀਕਾ ਦੇ ਮੁਕਾਬਲੇ 67% ਘੱਟ ਹੈ। ਗੈਨੋਡਰਮਾ ਯੁਕਤ ਗੈਨੋ ਟੀ ਵੀ ਕੁੱਝ ਅਜਿਹੇ ਗੁਣਾਂ ਨਾਲ ਭਰਪੂਰ ਹੈ।

**ਓਮੇਗਾ-3 ਫੈਟੀ ਐਸਿਡ-** ਓਮੇਗਾ-3 ਫੈਟੀ ਐਸਿਡ ਵੀ ਗਦੂਦਾਂ ਦੇ ਕੈਂਸਰ ਨੂੰ ਰੋਕਣ 'ਚ ਸਹਾਈ ਹੁੰਦੇ ਹਨ। ਸਾਨੂੰ ਇਸ ਦਾ ਇਸਤੇਮਾਲ ਕਰਦੇ ਰਹਿਣਾ ਚਾਹੀਦਾ ਹੈ। ਅਲਸੀ ਦੇ ਬੀਜ, ਅਖਰੋਟ, ਮੱਛੀ ਦਾ ਤੇਲ ਆਦਿ ਇਸ ਦੇ ਉੱਤਮ ਸ੍ਰੋਤ ਹਨ

**ਪਰਹੇਜ਼ -** ਜਿਵੇਂ ਕਿ ਕਿਹਾ ਜਾਂਦਾ ਹੈ ਇਲਾਜ ਨਾਲੋਂ ਪਰਹੇਜ਼ ਜ਼ਰੂਰੀ ਹੁੰਦਾ ਹੈ। ਸਾਨੂੰ ਡੱਬਾ ਬੰਦ ਅਤੇ ਪ੍ਰੋਸੈੱਸ ਕੀਤੇ ਖਾਧ ਪਦਾਰਥਾਂ ਦੇ ਇਸਤੇਮਾਲ ਤੋਂ ਬਚਣਾ ਚਾਹੀਦਾ ਹੈ। ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਹਰੀਆਂ ਪੱਤੇਦਾਰ ਸਬਜ਼ੀਆਂ ਤੇ ਤਾਜ਼ੇ ਫਲ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਗਦੂਦਾਂ ਦੇ ਵਧੇ ਹੋਏ ਆਕਾਰ ਨੂੰ ਠੀਕ ਕਰਨ ਲਈ ਸੀਤਾਫਲ ਅਤੇ ਖੀਰਾ ਬਹੁਤ ਸਹਾਈ ਹੁੰਦੇ ਹਨ।

9814813674

## ਸੰਪਾਦਕੀ

# ਚੋਣਾਂ ਦਾ ਬਿਗਲ

ਭਾਰਤ ਦੇ ਚੋਣ ਕਮਿਸ਼ਨ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਦਾ ਬਿਗਲ ਵਜਾਉਣ ਦੇ ਨਾਲ-ਨਾਲ, ਸੁਪਰੀਮ ਕੋਰਟ ਦੇ ਹੁਕਮਾਂ 'ਤੇ ਜਨਤਕ ਹੋਈ ਚੁਣਾਵੀ ਬਾਂਡਾਂ ਦੀ ਜਾਣਕਾਰੀ ਨੇ ਵਿਚਾਰ-ਚਰਚਾ ਨੂੰ ਇਕ ਨਵਾਂ ਮੋੜ ਦੇ ਦਿੱਤਾ ਹੈ। ਇਸ ਵਿਚੋਂ ਜਿਹੜੀ ਲੋੜ ਉੱਭਰੀ ਹੈ, ਉਹ ਹੈ ਕਿ ਬਰਾਬਰ ਦਾ ਮੁਕਾਬਲਾ ਯਕੀਨੀ ਬਣਾਉਣ ਲਈ ਚੋਣ ਫੰਡਿੰਗ 'ਚ ਪਾਰਦਰਸ਼ਤਾ ਵਰਤੇ ਜਾਣ ਦੀ ਬਹੁਤ ਜ਼ਰੂਰਤ ਹੈ। ਰਾਹੁਲ ਗਾਂਧੀ ਦੀ ਅਗਵਾਈ ਹੇਠ ਜਿੱਥੇ ਵਿਰੋਧੀ ਧਿਰ ਭਾਜਪਾ 'ਤੇ ਫਿਰੌਤੀ ਰੈਕੇਟ ਚਲਾਉਣ ਦਾ ਦੋਸ਼ ਲਾ ਰਹੀ ਹੈ, ਉੱਥੇ ਸੱਤਾਧਾਰੀ ਪਾਰਟੀ ਬਾਂਡ ਸਕੀਮ ਨੂੰ ਕਾਲੇ ਧਨ ਨਾਲ ਨਜਿੱਠਣ ਦਾ ਕਦਮ ਦੱਸ ਕੇ ਆਪਣਾ ਬਚਾਅ ਕਰ ਰਹੀ ਹੈ। ਚੋਣਾਂ ਦੇ ਅਖਾੜੇ 'ਚ ਮੁਕਾਬਲੇਬਾਜ਼ੀ ਦੇ ਹੱਥਕੰਡਿਆਂ 'ਚ ਵਾਧਾ ਹੋਇਆ ਹੈ, ਪਾਰਟੀਆਂ ਵੋਟਰਾਂ ਨੂੰ ਖਿੱਚਣ ਲਈ ਕਈ ਤਰ੍ਹਾਂ ਦੀਆਂ ਮੁਫ਼ਤ ਸੌਗਾਤਾਂ ਅਤੇ ਅਜਿਹੀਆਂ ਸਕੀਮਾਂ ਦੀ ਪੇਸ਼ਕਸ਼ ਕਰਦੀਆਂ ਹਨ ਜੋ ਨਾਮੁਮਕਿਨ ਜਾਪਦੀਆਂ ਹਨ। ਸਮਾਜਿਕ ਨਿਆਂ, ਆਰਥਿਕ ਨਾ-ਬਰਾਬਰੀ ਤੇ ਘੱਟਗਿਣਤੀਆਂ ਦੇ ਹੱਕਾਂ ਜਿਹੇ ਮੁੱਦਿਆਂ ਵਿਚਾਲੇ ਬੇਲਾਗ ਵੋਟਰਾਂ ਲਈ ਸਪੱਸ਼ਟ ਅਤੇ ਦਮਦਾਰ ਬਿਰਤਾਂਤ ਸਿਰਜਣਾ ਕਾਫੀ ਅਹਿਮ ਹੈ।

ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਗੱਠਜੋੜ ਦੀ ਜਥੇਬੰਦਕ ਤਾਕਤ ਤੇ ਰਣਨੀਤਕ ਪ੍ਰਚਾਰ ਇਸ ਦੀ ਸਥਿਤੀ ਨੂੰ ਮਜ਼ਬੂਤ ਕਰਦੇ ਹਨ, ਜਿਸ ਨੂੰ ਇਸ ਨੇ ਵਿਰੋਧੀ ਧੜਿਆਂ ਵਿਚੋਂ ਬਾਗ਼ੀਆਂ ਨੂੰ ਖਿੱਚ ਕੇ ਅਤੇ ਕਾਡਰ ਨੂੰ ਅਸਰਦਾਰ ਢੰਗ ਨਾਲ ਵਰਤ ਕੇ ਦਰਸਾਇਆ ਵੀ ਹੈ। ਮੋਦੀ ਦੀਆਂ ਹਿੰਦੂਵਾਦੀ ਤੇ ਰਾਸ਼ਟਰਵਾਦੀ ਨੀਤੀਆਂ ਆਬਾਦੀ ਦੇ ਵੱਡੇ ਵਰਗ ਨੂੰ ਨਾਲ ਜੋੜਦੀਆਂ ਹਨ, ਜਿਸ 'ਚ ਭਾਜਪਾ ਦੇ ਨਰੋਏ ਚੋਣਤੰਤਰ ਅਤੇ ਤਕਨੀਕ ਅਧਾਰਿਤ ਸੋਸ਼ਲ ਮੀਡੀਆ ਪ੍ਰਚਾਰ ਦਾ ਵੀ ਅਹਿਮ ਯੋਗਦਾਨ ਹੈ। ਇਸ ਦੇ ਉਲਟ, ਵਿਰੋਧੀ ਧਿਰਾਂ ਦਾ 'ਇੰਡੀਆ' ਗੁੱਟ ਅੰਦਰੂਨੀ ਕਲੇਸ਼ 'ਚ ਉਲਝਿਆ ਹੋਇਆ ਹੈ ਤੇ ਸੱਤਾ-ਵਿਰੋਧੀ ਲਹਿਰ ਦਾ ਲਾਹਾ ਲੈਣ ਲਈ ਇਸ ਕੋਲ ਕੋਈ ਇਕਜੁੱਟ ਬਿਰਤਾਂਤ ਨਹੀਂ ਸਿਰਜਿਆ ਜਾ ਰਿਹਾ, ਜਿਸ ਨਾਲ ਭਾਜਪਾ ਦੀ ਸਥਿਤੀ ਮਜ਼ਬੂਤ ਹੋ ਰਹੀ ਹੈ ਤੇ ਇਹ ਚੋਣ ਮੈਦਾਨ 'ਚ ਇਕ ਮੋਹਰੀ ਤਾਕਤ ਬਣ ਕੇ ਉੱਭਰ ਰਹੀ ਹੈ।

ਚੋਣ ਕਮਿਸ਼ਨ ਵੱਲੋਂ 10.5 ਲੱਖ ਪੋਲਿੰਗ ਕੇਂਦਰਾਂ ਅਤੇ 1.5 ਕਰੋੜ ਕਰਮਚਾਰੀਆਂ ਦੇ ਨਾਲ 19 ਅਪਰੈਲ ਤੋਂ ਸ਼ੁਰੂ ਹੋਣ ਜਾ ਰਹੀ ਲੋਕ ਸਭਾ ਚੋਣ ਦੀ ਤਿਆਰੀ ਵਿੱਢਣ ਦੇ ਨਾਲ ਹੀ ਇਸ ਲਾਜ਼ਮੀ ਲੋਕਤੰਤਰਿਕ ਪ੍ਰਕਿਰਿਆ ਦੀ ਪਵਿੱਤਰਤਾ ਕਾਇਮ ਰੱਖਣ ਦਾ ਮੁੱਢ ਬੱਝ ਗਿਆ ਹੈ। ਸੱਤ ਗੇੜਾਂ ਵਿਚ ਹੋਣ ਵਾਲੀਆਂ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਇਸ ਦੇ ਨਾਲ-ਨਾਲ ਕਈ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਵੀ ਹੋਣਗੀਆਂ, ਜਿਨ੍ਹਾਂ ਵਿਚ ਅਰੁਣਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼, ਸਿੱਕਿਮ ਤੇ ਉੜੀਸਾ ਸ਼ਾਮਲ ਹਨ। ਆਪਣੀ ਆਵਾਜ਼ ਨੂੰ ਸਿਆਸੀ ਧਿਰਾਂ ਦੇ ਕੰਨਾਂ ਤੱਕ ਪਹੁੰਚਾਉਣ ਲਈ ਹੁਣ ਦੇਸ਼ ਦੇ 97 ਕਰੋੜ ਤੋਂ ਵੱਧ ਯੋਗ ਵੋਟਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਗੁੰਮਰਾਹਕੁਨ ਸੂਚਨਾਵਾਂ, ਝੂਠੇ ਵਾਅਦਿਆਂ ਤੇ ਫ਼ਰਜ਼ੀ ਖ਼ਬਰਾਂ ਵਿਚਾਲੇ ਕੂੜ-ਸੱਚ ਦਾ ਨਿਤਾਰਾ ਕਰਨ ਅਤੇ ਆਪਣੇ ਹੱਕ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰਨ।

# ਸੀਏਏ ਤੇ ਅਮਰੀਕਾ

ਅਮਰੀਕਾ ਨੇ ਪਿਛਲੇ ਹਫ਼ਤੇ ਭਾਰਤ ਦੇ ਨਾਗਰਿਕਤਾ (ਸੋਧ) ਕਾਨੂੰਨ (ਸੀਏਏ) ਦੇ ਨੋਟੀਫਿਕੇਸ਼ਨ 'ਤੇ ਟਿੱਪਣੀ ਕਰਨ 'ਚ ਕਾਫ਼ੀ ਤੇਜ਼ੀ ਦਿਖਾਈ। ਬਾਇਡਨ ਪ੍ਰਸ਼ਾਸਨ ਨੇ ਕਿਹਾ ਕਿ ਉਹ ਨੋਟੀਫਿਕੇਸ਼ਨ ਤੋਂ ਚਿੰਤਤ ਹੈ ਅਤੇ ਇਸ ਦੇ ਲਾਗੂ ਹੋਣ 'ਤੇ ਨਿਗ੍ਹਾ ਰੱਖੇਗਾ। ਇਸ ਨੇ ਬੇਲੋੜੀ ਰਾਇ ਦਿੰਦਿਆਂ ਕਿਹਾ ਕਿ ਧਾਰਮਿਕ ਆਜ਼ਾਦੀ ਲਈ ਸਤਿਕਾਰ ਅਤੇ ਸਾਰੇ ਫ਼ਿਰਕਿਆਂ ਨਾਲ ਬਰਾਬਰ ਵਿਹਾਰ ਲੋਕਤੰਤਰਿਕ ਸਿਧਾਂਤਾਂ ਦੀ ਬੁਨਿਆਦ ਹੈ। ਇਸ 'ਤੇ ਭਾਰਤੀ ਵਿਦੇਸ਼ ਮੰਤਰਾਲੇ ਨੇ ਵੀ ਤੁਰੰਤ ਦੋਵਾਂ ਪੱਖਾਂ ਉਤੇ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਆਪਣੇ ਅਮਰੀਕੀ ਹਮਰੁਤਬਾ ਨੂੰ ਚੇਤੇ ਕਰਾਇਆ ਕਿ ਸੀਏਏ ਦੇਸ਼ ਦਾ ਅੰਦੂਰਨੀ ਮਾਮਲਾ ਹੈ ਤੇ ਭਾਰਤ ਦਾ ਸੰਵਿਧਾਨ ਆਪਣੇ ਸਾਰੇ ਨਾਗਰਿਕਾਂ ਨੂੰ ਬਰਾਬਰ ਹੱਕ ਦਿੰਦਾ ਹੈ।

ਚਾਰ ਸਾਲਾਂ ਤੋਂ ਲਟਕ ਰਹੇ ਸੀਏਏ ਨੂੰ ਇਕਦਮ ਆਮ ਚੋਣਾਂ ਤੋਂ ਪਹਿਲਾਂ ਲਾਗੂ ਕਰਨ ਪਿੱਛੇ ਸਪੱਸ਼ਟ ਤੌਰ 'ਤੇ ਸਿਆਸੀ ਗਿਣਤੀਆਂ-ਮਿਣਤੀਆਂ ਹਨ। ਪਰ ਅਮਰੀਕਾ ਦਾ ਪ੍ਰਵਚਨ ਉਸ ਵੱਲੋਂ ਭਾਰਤ ਨੂੰ ਵਾਰ-ਵਾਰ ਮਨੁੱਖੀ ਹੱਕਾਂ 'ਤੇ ਨਿੰਦਣ ਦੀ ਹੀ ਤਾਜ਼ਾ ਉਦਾਹਰਨ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਬਾਇਡਨ ਪ੍ਰਸ਼ਾਸਨ ਨਾਲ ਸਬੰਧਤ ਧਾਰਮਿਕ ਆਜ਼ਾਦੀ ਤੇ ਮਨੁੱਖੀ ਹੱਕਾਂ ਬਾਰੇ ਅਮਰੀਕੀ ਇਕਾਈਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਹੁੰਦੇ ਦਮਨ ਬਾਰੇ ਕਈ ਸੁਣਵਾਈਆਂ ਕੀਤੀਆਂ ਹਨ।

ਹੈਰਾਨ ਕਰਨ ਵਾਲੀ ਗੱਲ ਹੈ ਕਿ ਭਾਰਤ ਦਾ ਜ਼ਿਕਰ ਇਨ੍ਹਾਂ ਸਾਰੀਆਂ ਸੁਣਵਾਈਆਂ ਵਿਚ ਹੋਇਆ, ਜਦਕਿ ਬਾਕੀ ਦੋ ਮੁਲਕ ਰੂਸ ਤੇ ਚੀਨ ਸਨ ਜਿਨ੍ਹਾਂ ਦਾ ਇੱਥੇ ਅਕਸਰ ਜ਼ਿਕਰ ਹੁੰਦਾ ਹੈ। ਇਸ ਤਰ੍ਹਾਂ ਦਾ ਦਬਾਅ ਬਣਾਉਣ ਪਿੱਛੇ ਕਈ ਕਾਰਨ ਹੋ ਸਕਦੇ ਹਨ ਕਿਉਂਕਿ ਅਜਿਹੀਆਂ ਕਾਰਵਾਈਆਂ ਪੱਛਮ ਦੀ ਕੂਟਨੀਤੀ ਦਾ ਮਨਪਸੰਦ ਹਿੱਸਾ ਹਨ। ਪਰ ਜੇਕਰ ਅਮਰੀਕੀ ਆਲੋਚਨਾ ਪਿੱਛੇ ਕੋਈ ਗੁੱਝਾ ਮਕਸਦ ਨਹੀਂ ਹੈ ਤਾਂ ਇਸ ਦੀ ਚਿੰਤਾ ਕਰਨ ਦੀ ਕੋਈ ਤੁੱਕ ਨਹੀਂ ਬਣਦੀ।

ਸੀਏਏ ਨੋਟੀਫਿਕੇਸ਼ਨ ਨੇ ਅਜਿਹੀ ਪਾਰਟੀ ਵਜੋਂ ਭਾਜਪਾ ਦੀ ਪਛਾਣ ਨੂੰ ਹੋਰ ਪੱਕਾ ਕੀਤਾ ਹੈ ਜੋ ਧਰੁਵੀਕਰਨ ਤੋਂ ਲਾਹਾ ਲੈਣ 'ਤੇ ਅੱਖ ਰੱਖ ਕੇ ਬੈਠੀ ਹੈ। ਭਾਵੇਂ ਇਹ ਕਾਨੂੰਨ ਭਾਰਤੀ ਨਾਗਰਿਕਾਂ ਉਤੇ ਲਾਗੂ ਨਹੀਂ ਹੁੰਦਾ। ਪਰ ਇਸ ਦਾ ਨੋਟੀਫਿਕੇਸ਼ਨ ਕੌਮੀ ਨਾਗਰਿਕ ਰਜਿਸਟਰ (ਐੱਨਆਰਸੀ) ਨੂੰ ਲਾਗੂ ਕਰਨ ਬਾਰੇ ਅਗਲੀ ਸਰਕਾਰ ਦੇ ਇਰਾਦੇ ਨੂੰ ਹੋਰ ਪਕੇਰਾ ਕਰੇਗਾ।

ਇਹ ਸਾਰੇ ਜਾਣਦੇ ਹਨ ਕਿ ਬੇਹੱਦ ਭੈੜੀ ਗਰੀਬੀ ਤੇ ਖ਼ੁਦਕੁਸ਼ੀਆਂ ਦੇ ਰੁਝਾਨ ਵਿਚਾਲੇ ਅਸਾਮ ਵਿਚ ਐੱਨਆਰਸੀ 'ਚੋਂ ਜਿਹੜੇ 19 ਲੱਖ ਵਿਅਕਤੀ ਬਾਹਰ ਰਹਿ ਗਏ ਹਨ, ਉਨ੍ਹਾਂ ਵਿਚੋਂ ਬਹੁਗਿਣਤੀ ਹਿੰਦੂ ਸਨ। ਇਸ ਦੇਸ਼ ਤੇ ਬਾਹਰ ਬੈਠੇ ਇਸ ਦੇ ਸੱਚੇ ਸ਼ੁਭਚਿੰਤਕਾਂ ਨੂੰ ਹੁਣ ਸੁਪਰੀਮ ਕੋਰਟ 'ਚ ਭਰੋਸਾ ਰੱਖਣ ਦੀ ਲੋੜ ਹੈ ਜਿਸ ਨੇ ਅਗਲੇ ਹਫ਼ਤੇ ਸੀਏਏ ਵਿਰੁੱਧ ਦਾਇਰ ਕਈ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕਰਨੀ ਹੈ, ਜੋ ਕਿ ਐੱਨਆਰਸੀ ਤੋਂ ਵੱਖਰਾ ਮਾਮਲਾ ਹੈ।

# ਹਰਿਆਣਾ ਵਿਚ ਸੱਤਾ ਦਾ ਫੇਰਬਦਲ

**ਰਾਜੇਸ਼ ਰਾਮਚੰਦਰਨ**



ਚੋਣਾਂ ਤੋਂ ਪਹਿਲਾਂ ਹੋਣ ਵਾਲੀ ਬੇਚੈਨੀ ਕਹੋ ਜਾਂ ਯੋਜਨਾਬੱਧ ਪੈਂਤੜੇਬਾਜ਼ੀ -ਪਿਛਲੇ ਹਫ਼ਤੇ ਭਾਜਪਾ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਬਣਾਏ ਜਾਣ ਦੇ ਅਮਲ ਵਿਚ ਤੇਜ਼ੀ ਅਤੇ ਫ਼ੈਸਲਾਕੁਨ ਮੋੜ ਕੱਟਣ ਦੇ ਸਾਰੇ ਅੰਸ਼ ਮੌਜੂਦ ਸਨ। ਕਾਂਗਰਸ ਅਤੇ ਵਿਰੋਧੀ ਧਿਰ ਦੀਆਂ ਹੋਰਨਾਂ ਪਾਰਟੀਆਂ ਤੋਂ ਉਲਟ ਭਾਜਪਾ ਅਤੇ ਆਮ ਆਦਮੀ ਪਾਰਟੀ ਵਲੋਂ ਵੱਖ ਵੱਖ ਹਲਕਿਆਂ ਅਤੇ ਸੂਬਿਆਂ ਅੰਦਰ ਲੋਕਾਂ ਦਾ ਮਿਜ਼ਾਜ ਜਾਣਨ ਲਈ ਹਫ਼ਤਾਵਾਰ ਸਰਵੇਖਣ ਕਰਵਾਏ ਜਾਂਦੇ ਹਨ। ਸਰਵੇਖਣਾਂ ਰਾਹੀਂ ਉਨ੍ਹਾਂ ਨੂੰ ਉਮੀਦਵਾਰਾਂ ਦੀ ਚੋਣ ਕਰਨ, ਸ਼ਿਕਾਇਤਾਂ ਨੂੰ ਮੁਖ਼ਾਤਬ ਹੋਣ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਨਿਰੰਤਰ ਨਿਗਰਾਨੀ ਰੱਖਣ ਵਿਚ ਮਦਦ ਮਿਲਦੀ ਹੈ।

ਸਰਵੇਖਣ ਅਧਾਰਿਤ ਸਮੱਸਿਆ ਹੱਲ ਕਰਨ ਦੀ ਇਹ ਪਹੁੰਚ ਜਨ ਮੱਤ ਨਿਰਮਾਣ ਦੀ ਇਕ ਕਾਰਗਰ ਪ੍ਰਕਿਰਿਆ ਵੱਲ ਲਿਜਾਂਦੀ ਹੈ। ਮਨੋਹਰ ਲਾਲ ਖੱਟਰ ਦਾ ਅਸਤੀਫ਼ਾ ਅਤੇ ਸੈਣੀ ਦੀ ਤਰੱਕੀ ਚੋਣਾਂ ਤੋਂ ਪਹਿਲਾਂ ਜਨਤਕ ਅਕਸ ਦੇ ਪ੍ਰਬੰਧਨ ਦੀਆਂ ਕੋਸ਼ਿਸ਼ਾਂ ਦੀਆਂ ਤਾਜ਼ਾ ਤਰੀਨ ਉਦਾਹਰਨਾਂ ਹਨ। ਇਹ ਕਵਾਇਦ ਨੌ ਸਾਲ ਚਾਰ ਮਹੀਨਿਆਂ ਦੇ ਕਾਰਜਕਾਲ ਦੇ ਸੱਤਾ ਵਿਰੋਧ ਦੀ ਭਾਵਨਾ ਨੂੰ ਮੁਖਾਤਬ ਹੋਣ ਨਾਲ ਜੁੜੀ ਹੋਈ ਹੈ ਜੋ ਕਿ ਕਿਸੇ ਮੁੱਖ ਮੰਤਰੀ ਜਾਂ ਸਰਕਾਰ ਲਈ ਕਾਫ਼ੀ ਲੰਮਾ ਸਮਾਂ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਹ ਮਾਤਰ ਤਬਦੀਲੀ ਲਈ ਤਬਦੀਲੀ ਨਹੀਂ ਕੀਤੀ ਗਈ। ਸੈਣੀ, ਖੱਟਰ ਦੇ ਚਹੇਤੇ ਆਗੂ ਹਨ ਅਤੇ ਜਦੋਂ ਉਹ ਆਪਣੇ ਸਿਆਸੀ ਮੁਰਸ਼ਦ ਦੇ ਪੈਰੀਂ ਹੱਥ ਲਾ ਕੇ ਆਪਣੀ ਵਫ਼ਾਦਾਰੀ ਦੀ ਨੁਮਾਇਸ਼ ਕਰਦੇ ਹਨ ਤਾਂ ਇਸ ਨਾਲ ਸਰਕਾਰ ਵਿਰੋਧੀ ਭਾਵ ਦੇ ਹਰ ਨਿਸ਼ਾਨ ਨੂੰ ਧੋ ਦਿੱਤਾ ਜਾਂਦਾ ਹੈ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕੁਰੂਕਸ਼ੇਤਰ ਤੋਂ ਇਸ 54 ਸਾਲਾ ਸੰਸਦ ਮੈਂਬਰ ਦੀ ਮੁੱਖ ਮੰਤਰੀ ਵਜੋਂ ਚੋਣ ਹਰਿਆਣਾ ਦੀ ਸਿਆਸਤ ਉਪਰ ਪਾਰਟੀ ਦੀ ਪਕੜ ਬਣਾਈ ਰੱਖਣ ਲਈ ਸੋਸ਼ਲ ਇੰਜਨੀਅਰਿੰਗ ਦੀ ਲੋੜ ਦਾ ਪ੍ਰਮਾਣ ਹੈ। ਸਾਫ਼ ਜ਼ਾਹਿਰ ਹੈ ਕਿ ਸਰਕਾਰ ਵਿਰੋਧੀ ਭਾਵਨਾ ਅਤੇ ਵੋਟਰਾਂ ਦੇ ਅਕੇਵੇਂ ਕਰ ਕੇ 10/10 ਦੀ ਕਾਰਗੁਜ਼ਾਰੀ ਦੁਹਰਾਉਣ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਕਰਨਾਟਕ ਜਿੱਥੇ ਭਾਜਪਾ ਨੂੰ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਸੀ, ਦੇ ਉਲਟ ਖੱਟਰ ਸਰਕਾਰ ਖਿਲਾਫ਼ ਇਸ ਕਿਸਮ ਦੇ ਦੋਸ਼ ਨਹੀਂ ਲੱਗੇ ਸਨ। ਇਸ ਕਰ ਕੇ ਇਕ ਸਾਫ਼ ਅਕਸ ਵਾਲੇ ਅਤੇ ਗ਼ੈਰ-ਜਾਟ ਚਿਹਰੇ ਨੂੰ ਸਾਹਮਣੇ ਲਿਆਉਣਾ ਪਾਰਟੀ ਨੂੰ ਹੋਰਨਾਂ ਪੱਛੜੀਆਂ ਸ਼੍ਰੇਣੀਆਂ ਤੋਂ ਹੁਲਾਰਾ ਦਿਵਾਉਣ ਦੀ ਕੋਸ਼ਿਸ਼ ਜਾਪਦੀ ਹੈ। ਇਸ ਲਿਹਾਜ਼ ਤੋਂ ਮੁੱਖ ਮੰਤਰੀ ਦੀ ਤਬਦੀਲੀ ਵਿਚ ਲੀਡਰਸ਼ਿਪ ਦੀ ਤਬਦੀਲੀ, ਸਰਕਾਰ ਵਿਰੋਧੀ ਭਾਵਨਾ ਦਾ ਨਿਵਾਰਨ ਅਤੇ ਸੋਸ਼ਲ ਇੰਜਨੀਅਰਿੰਗ 'ਤੇ ਸੇਧਤ ਇਕ ਨਵੇਂ ਚਿਹਰੇ ਨੂੰ ਸਾਹਮਣੇ ਲਿਆਉਣ ਜਿਹੇ ਸਾਰੇ ਪੱਖ ਸ਼ਾਮਲ ਹਨ।

ਹਰਿਆਣਾ ਦੀ ਸਿਆਸਤ ਹਮੇਸ਼ਾ ਤੋਂ ਜਾਟ ਅਤੇ ਗ਼ੈਰ-ਜਾਟ ਨਿਸ਼ਚਿਆਂ ਦੁਆਲੇ ਘੁੰਮਦੀ ਰਹੀ ਹੈ। ਪਿਛਲੇ ਕਰੀਬ ਇਕ ਦਹਾਕੇ ਤੋਂ ਹਰਿਆਣਾ ਸਰਕਾਰ ਦੀ ਅਗਵਾਈ ਕਰਦੇ ਆ ਰਹੇ ਖੱਟਰ ਸਿਆਸੀ ਲੀਡਰਸ਼ਿਪ ਲਈ ਗ਼ੈਰ-ਜਾਟ ਦਾਅਵਿਆਂ ਦਾ ਸਭ ਤੋਂ ਕਾਰਗਰ ਚਿੰਨ੍ਹ ਬਣ ਗਏ ਸਨ। ਉਂਝ, ਸੈਣੀ ਉਸ ਤੋਂ ਇਕ ਕਦਮ ਵਧ ਕੇ ਗ਼ੈਰ-ਜਾਟ ਅਤੇ ਉਹ ਵੀ ਇਕ ਹੋਰ ਪੱਛੜੀ ਸ਼੍ਰੇਣੀ ਤੋਂ ਹੈ ਜਦੋਂਕਿ ਪੰਜਾਬੀ ਭਾਈਚਾਰੇ ਨਾਲ ਸਬੰਧਤ ਉਨ੍ਹਾਂ ਦੇ ਪੂਰਬਵਰਤੀ ਮੁੱਖ ਮੰਤਰੀ ਨੇ ਸੂਬਾਈ ਰਾਜਨੀਤੀ ਵਿਚ ਆਪਣੀ ਪ੍ਰਮੁੱਖਤਾ ਬਰਕਰਾਰ ਰੱਖੀ ਹੋਈ ਹੈ। ਇਸੇ ਲਈ ਪਾਰਟੀ ਲੀਡਰਸ਼ਿਪ ਨੇ ਕੈਬਨਿਟ ਵਿਚ ਖੱਟਰ ਦੇ ਨੰਬਰ ਦੋ ਗ੍ਰਹਿ ਮੰਤਰੀ ਅਨਿਲ ਵਿੱਜ ਦੇ ਦਾਅਵਿਆਂ ਨੂੰ ਦਰਕਿਨਾਰ ਕਰ ਦਿੱਤਾ ਜਿਸ ਤੋਂ ਇਸ਼ਾਰਾ ਮਿਲਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਯੋਜਨਾਬੰਦੀ ਵਿਚ ਖੱਟਰ ਦੀ ਭੂਮਿਕਾ ਬਣੀ ਹੋਈ ਹੈ। ਹੁਣ ਜਿਹੋ ਜਿਹਾ ਸੰਦੇਸ਼ ਗਿਆ ਹੈ ਉਸ ਮੁਤਾਬਕ ਭਾਜਪਾ ਨੇ ਰਾਹੁਲ ਗਾਂਧੀ ਦੇ ਜਾਤੀ ਰਾਜਨੀਤੀ ਨਾਲ ਨਵੇਂ ਨਵੇਂ ਮੋਹ ਦਾ ਇਕ ਹੋਰ ਤੋੜ ਪੈਦਾ ਕਰ ਲਿਆ ਹੈ।

ਹਰਿਆਣਾ ਲਈ ਵਡੇਰਾ ਸੰਦੇਸ਼ ਇਹ ਨਹੀਂ ਹੈ ਕਿ ਸੰਘ ਪਰਿਵਾਰ ਇਕ ਹੋਰ ਓਬੀਸੀ ਮੁੱਖ ਮੰਤਰੀ ਨਾਲ ਆਪਣੀ ਓਬੀਸੀ ਪੱਖੀ ਦਿੱਖ ਨੂੰ ਸੁਧਾਰਨ ਦੇ ਯਤਨ ਕਰ ਰਿਹਾ ਹੈ ਸਗੋਂ ਤੱਥ ਇਹ ਹੈ ਕਿ ਪਾਰਟੀ ਕੋਈ ਵੀ ਜੋਖ਼ਮ ਨਹੀਂ ਲੈਣਾ ਚਾਹੁੰਦੀ। ਹਾਲਾਂਕਿ ਭਾਜਪਾ ਆਪਣੇ ਆਪ ਨੂੰ ਮੋਹਰੀ ਪੁਜ਼ੀਸ਼ਨ ਵਿਚ ਰੱਖ ਕੇ ਚੱਲ ਰਹੀ ਹੈ ਪਰ ਇਸ ਧਾਰਨਾ ਦੇ ਉਲਟ ਉਹ ਇਹ ਚੋਣਾਂ ਸਿਰਫ਼ ਮੋਦੀ ਦੇ ਕ੍ਰਿਸ਼ਮੇ ਦੇ ਨਾਂ 'ਤੇ ਨਹੀਂ ਲੜ ਰਹੀ। ਹਰਿਆਣਾ ਵਿਚ ਆਖਰੀ ਪਲਾਂ 'ਤੇ ਮੁੱਖ ਮੰਤਰੀ ਦੀ ਕੀਤੀ ਗਈ ਰੱਦੋਬਦਲ ਨੇ ਇਕ ਵਾਰ ਫਿਰ ਸਿੱਧ ਕੀਤਾ ਹੈ ਕਿ ਭਾਰਤ ਦੀਆਂ ਚੋਣਾਂ ਕਦੇ ਵੀ ਰਾਸ਼ਟਰਪਤੀ ਦੀ ਚੋਣ ਤਰਜ 'ਤੇ ਨਹੀਂ ਹੋ ਸਕਦੀਆਂ ਜਿਸ ਵਿਚ ਇਕ ਆਗੂ ਦੀ ਲੋਕਪ੍ਰਿਅਤਾ 'ਤੇ ਟੇਕ ਰੱਖੀ ਜਾਂਦੀ ਹੈ। ਜੇ 543 ਨਾ ਵੀ ਸਹੀ ਤਾਂ ਵੀ ਇਹ ਇਕੱਠੀਆਂ ਕਰਵਾਈਆਂ ਜਾਣ ਵਾਲੀਆਂ ਕੁਝ ਸੈਂਕੜੇ ਚੋਣਾਂ ਹੁੰਦੀਆਂ ਹਨ ਅਤੇ ਹਰੇਕ ਚੋਣ ਦੇ ਆਪਣੇ ਮੁਕਾਮੀ ਮੁੱਦੇ ਹੁੰਦੇ ਹਨ।

ਇਸ ਦੀ ਸਭ ਤੋਂ ਵਧੀਆ ਉਦਾਹਰਨ ਹਨ 1977 ਦੀਆਂ ਚੋਣਾਂ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਇਕ ਗ਼ੈਰ-ਸੰਵਿਧਾਨਕ ਅਥਾਰਿਟੀ ਵਜੋਂ ਉਨ੍ਹਾਂ ਦੇ ਪੁੱਤਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਕਾਂਗਰਸ ਉੱਤਰ ਪ੍ਰਦੇਸ਼, ਬਿਹਾਰ, ਹਰਿਆਣਾ ਜਾਂ ਹਿਮਾਚਲ ਪ੍ਰਦੇਸ਼ ਵਿਚ ਇਕ ਵੀ ਸੀਟ ਨਹੀਂ ਜਿੱਤ ਸਕੀ ਸੀ। ਇਸ ਨੇ ਆਂਧਰਾ ਪ੍ਰਦੇਸ਼ ਵਿਚ 41/42 , ਕਰਨਾਟਕ ਵਿਚ 26/28, ਕੇਰਲਾ ਵਿਚ ਆਪਣੇ ਸਹਿਯੋਗੀਆਂ ਨਾਲ 20/20 ਹੂੰਝਾ ਫੇਰੂ ਜਿੱਤ ਹਾਸਲ ਕੀਤੀ ਸੀ। ਇਸ ਲਈ ਉੱਤਰ- ਦੱਖਣ ਦੀ ਵੰਡ ਹਮੇਸ਼ਾ ਤੋਂ ਹੀ ਰਹੀ ਹੈ ਜਾਂ ਇਕ ਅਤੇ ਦੂਜੇ ਰਾਜ ਵਿਚਕਾਰ ਜ਼ਿਆਦਾ ਤਿੱਖੀ ਵੰਡ ਰਹੀ ਹੈ। ਭਾਰਤ ਦੀਆਂ ਆਮ ਚੋਣਾਂ ਮੁੱਖ ਤੌਰ 'ਤੇ ਸੂਬਿਆਂ ਵਿਚ ਅਤੇ ਫਿਰ ਹਲਕਾਵਾਰ ਲੜੀਆਂ ਜਾਂਦੀਆਂ ਅਤੇ ਜਿਵੇਂ ਕਿ ਕਿਆਸ ਕੀਤਾ ਜਾਂਦਾ ਹੈ, ਕਿਸੇ ਵੀ ਮੌਜੂਦਾ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਚੋਣ ਮੁਹਿੰਮ ਦੀ ਅਪੀਲ ਸਾਰੇ ਪ੍ਰਮੁੱਖ ਸੂਬਿਆਂ ਵਿਚ ਨਹੀਂ ਹੋ ਸਕਦੀ। ਅਮੇਠੀ ਅਤੇ ਰਾਏ ਬਰੇਲੀ ਦੇ ਵੋਟਰਾਂ ਦੀਆਂ ਲੋਕਰਾਜੀ ਰੁਚੀਆਂ, ਬਿਹਤਰ ਸੂਝ ਬੂਝ ਜਾਂ ਸਿਆਸੀ ਸੰਕਲਪ ਬੰਗਲੂਰੂ ਤੇ ਮੈਸੂਰ ਦੇ ਵੋਟਰਾਂ ਨਾਲੋਂ ਜ਼ਿਆਦਾ ਨਹੀਂ ਹੋ ਸਕਦੀਆਂ, ਨਾ ਇਹ 1977 ਵਿਚ ਸਨ ਤੇ ਨਾ ਹੀ 2024 ਵਿਚ। ਅਬਕੀ ਬਾਰ 400 ਪਾਰ (ਸੱਤਾਧਾਰੀ ਪਾਰਟੀ ਲਈ ਘੱਟੋ-ਘੱਟ 370 ਅਤੇ ਇਸ ਦੇ ਸਹਿਯੋਗੀ ਦਲਾਂ ਲਈ 30 ਸੀਟਾਂ) ਦੇ ਸ਼ੋਰ ਦੇ ਬਾਵਜੂਦ, ਭਾਜਪਾ ਦੇ ਰਣਨੀਤੀਕਾਰ ਰਾਸ਼ਟਰੀ ਲੋਕ ਦਲ ਨੂੰ ਪੱਛਮੀ ਉੱਤਰ ਪ੍ਰਦੇਸ਼ ਵਿਚ ਦੋ ਸੀਟਾਂ ਅਤੇ ਬਿਹਾਰ ਵਿਚ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨੂੰ ਪੰਜ ਸੀਟਾਂ ਦੀ ਪੇਸ਼ਕਸ਼ ਇਸ ਲਈ ਕਰ ਰਹੇ ਹਨ ਕਿਉਂਕਿ ਭਗਵਾ ਪਾਰਟੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸੂਬਾਈ ਪੱਧਰ 'ਤੇ ਕਿਹੋ ਜਿਹੇ ਗਤੀਮਾਨ ਚਲਦੇ ਹਨ ਅਤੇ ਇਕੋ ਤਰਜ ਦੀ ਰਾਸ਼ਟਰੀ ਚੋਣ ਮੁਹਿੰਮ ਦਾ ਅਸਰ ਹੇਠਲੇ ਪੱਧਰ 'ਤੇ ਨਹੀਂ ਹੁੰਦਾ। 'ਮੋਦੀ ਕੀ ਗਾਰੰਟੀ' ਹੋਰ ਕੁਝ ਨਹੀਂ ਬਸ ਕੇਕ 'ਤੇ ਰੱਖੀ ਜਾਣ ਵਾਲੀ ਕ੍ਰੀਮ ਵਾਂਗ ਹੈ ਪਰ ਇਸ ਦਾ ਠੋਸ ਮਾਦਾ ਮੁਕਾਮੀ ਆਗੂਆਂ, ਖਾਹਿਸ਼ਾਂ, ਜਾਤੀ ਸ਼ਕਤੀਕਰਨ ਅਤੇ ਸੂਬਾਈ ਸਰਕਾਰ ਖਿਲਾਫ਼ ਗੁੱਸੇ ਦੀ ਭਾਵਨਾ ਤੋਂ ਮਿਲ ਕੇ ਬਣਦਾ ਹੈ। ਰਾਸ਼ਟਰੀ ਆਗੂ ਦੀ ਦਿੱਖ ਮੁਕਾਮੀ ਪੱਧਰ 'ਤੇ ਪਾਏ ਜਾਣ ਵਾਲੇ ਰੋਹ ਨੂੰ ਜ਼ਾਹਿਰਾ ਤੌਰ 'ਤੇ ਹੂੰਝ ਨਹੀਂ ਸਕਦੀ।ਮਿਸਾਲ ਦੇ ਤੌਰ 'ਤੇ ਚੁਣਾਵੀ ਬਾਂਡ ਦੇ ਖਰੀਦਦਾਰਾਂ ਅਤੇ ਖਰੀਦ ਤੋਂ ਪਹਿਲਾਂ ਉਨ੍ਹਾਂ ਖਿਲਾਫ਼ ਜਾਂਚ ਏਜੰਸੀਆਂ ਦੀ ਕਾਰਵਾਈ ਵਿਚਕਾਰ ਜੋੜ ਜਿਹੇ ਕੌਮੀ ਮੁੱਦਿਆਂ ਨਾਲੋਂ ਕਰਨਾਟਕ ਵਿਚ ਸਾਬਕਾ ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਖਿਲਾਫ਼ ਪੋਕਸੋ ਦਾ ਕੇਸ ਦਰਜ ਕਰਨ ਨਾਲ ਵੋਟਰਾਂ ਦੇ ਰੌਂਅ ਉਪਰ ਜ਼ਿਆਦਾ ਅਸਰ ਪਵੇਗਾ। ਮੁਕਾਮੀ ਮੁੱਦੇ ਜ਼ਿਆਦਾ ਅਹਿਮੀਅਤ ਰੱਖਦੇ ਹਨ। ਅਜਿਹੀਆਂ ਮਿਸਾਲਾਂ ਹਨ ਜਦੋਂ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੀ ਨਾਂਹ-ਮੁਖੀ ਦਿੱਖ ਇਕ ਦੂਜੇ ਨਾਲ ਜੁੜ ਜਾਂਦੀ ਹੈ ਜਿਵੇਂ ਕਿ 1977 ਦੀਆਂ ਚੋਣਾਂ ਵਿਚ ਹੋਇਆ ਸੀ। ਪਰ ਰੋਸ ਮੁਕਤ ਨਿਰਲੇਪ ਚੁਣਾਵੀ ਸੰਦਰਭ ਵਿਚ ਕੇਂਦਰ ਜਾਂ ਸੂਬਾਈ ਸਰਕਾਰ 'ਚੋਂ ਕਿਸੇ ਵੀ ਇਕ ਨਾਲ ਪਾਸਾ ਭਾਰੂ ਪੈ ਸਕਦਾ ਹੈ। ਇਸ ਲਈ ਰਾਜ ਸਰਕਾਰ ਖਿਲਾਫ਼ ਰੋਸ ਦੀ ਭਾਵਨਾ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੁਝ ਹੱਦ ਤੱਕ ਸੰਭਵ ਹੋ ਸਕਦੀ ਹੈ ਜਦੋਂਕਿ ਕੇਂਦਰ ਦਾ ਢੋਲ ਪਿੱਟਣ ਦੀ ਹਾਂ-ਪੱਖੀ ਮੁਹਿੰਮ ਵੀ ਵਿੱਢੀ ਜਾ ਸਕਦੀ ਹੈ। ਇਸ ਤਰ੍ਹਾਂ ਦਾ ਜੁਗਾੜ ਲਗਭਗ ਹਰੇਕ ਹਲਕੇ ਵਿਚ ਕੀਤਾ ਜਾਂਦਾ ਹੈ ਜਿਸ ਦੇ ਨਾਲ ਹੀ ਭਾਜਪਾ ਵਲੋਂ ਹਿੰਦੀ ਭਾਸ਼ੀ ਸੂਬਿਆਂ ਵਿਚ ਸੀਟਾਂ ਦੀ ਵੰਡ ਬਾਰੇ ਸਮਝੌਤੇ ਵੀ ਕੀਤੇ ਜਾ ਰਹੇ ਹਨ। ਦੂਜੇ ਪਾਸੇ, ਕਾਂਗਰਸ ਦੀ ਟੇਕ ਰਾਹੁਲ ਦੇ ਅਕਸ ਨੂੰ ਉਭਾਰਨ ਵਾਲੀ ਯਾਤਰਾ 'ਤੇ ਲੱਗੀ ਹੋਈ ਹੈ ਜਦੋਂਕਿ ਇਸ ਕੋਲ ਸਰਵੇ ਪੜ੍ਹਨ, ਉਮੀਦਵਾਰਾਂ ਦੀ ਚੋਣ ਅਤੇ ਮੁਕਾਮੀ ਮੁਹਿੰਮ ਵਿੱਢਣ ਲਈ ਬਹੁਤ ਘੱਟ ਸਮਾਂ ਬਚਿਆ ਹੈ। ਖੱਟਰ ਨੂੰ ਲਾਂਭੇ ਕੀਤੇ ਜਾਣ ਦੀ ਘਟਨਾ ਦੀ 2021 ਵਿਚ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਹਟਾਉਣ ਨਾਲ ਤੁਲਨਾ ਕਰੋ। ਉਦੋਂ ਕੈਪਟਨ ਨੇ ਆਪਣੇ ਆਪ ਨੂੰ ਅਪਮਾਨਿਤ ਮਹਿਸੂਸ ਕੀਤਾ ਸੀ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਅਤੇ ਫਿਰ ਨਵਜੋਤ ਸਿੰਘ ਸਿੱਧੂ ਨੇ ਚੰਨੀ ਅਤੇ ਆਪਣੀ ਹੀ ਪਾਰਟੀ ਦੀ ਸਰਕਾਰ ਖਿਲਾਫ਼ ਮੋਰਚਾ ਵਿੱਢ ਦਿੱਤਾ। ਆਚਰਣ ਦਾ ਇਹ ਫ਼ਰਕ ਹੀ ਨਤੀਜਿਆਂ ਨੂੰ ਪਰਿਭਾਸ਼ਤ ਕਰਦਾ ਹੈ।

## ਕੁਆਂਟਮ ਕੰਪਿਊਟਰ ਜਲਦੀ ਅਮਲ ਵਿੱਚ ਵਿੱਚ ਲਿਆਉਣ ਦੇ ਵਾਅਦੇ ਨਾਲ 'ਕੁਐਸਟ' ਦੀ ਰਾਸ਼ਟਰੀ ਵਰਕਸ਼ਾਪ ਸੰਪੰਨ

# ਰਾਸ਼ਟਰੀ ਕਨਵੀਨਰ ਪ੍ਰੋ. ਅਰਵਿੰਦ ਵੱਲੋਂ ਸ.ਫਲ ਵਰਕਸ਼ਾਪ ਲਈ ਭੌਤਕ ਵਿਗਿਆਨੀਆਂ ਨੂੰ ਵਧਾਈ

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਪਿਛਲੇ ਦੋ ਦਿਨਾਂ ਤੋਂ ਪੰਜਾਬੀ ਯੂਨੀਵਰਸਿਟੀ ਵਿਖੇ ਚੱਲ ਰਹੀ 'ਕੁਐਸਟ' ਦੀ ਰਾਸ਼ਟਰੀ ਵਰਕਸ਼ਾਪ ਕੁਆਂਟਮ ਕੰਪਿਊਟਰ ਜਲਦੀ ਅਮਲ ਵਿੱਚ ਆਉਣ ਦੇ ਵਾਅਦੇ ਨਾਲ ਸੰਪੰਨ ਹੋ ਗਈ ਹੈ। ਥੀਮ-ਦੇ ਰਾਸ਼ਟਰੀ ਕਨਵੀਨਰ ਪ੍ਰੋ. ਅਰਵਿੰਦ ਵੱਲੋਂ ਇਸ ਵਰਕਸ਼ਾਪ ਦੀ ਸਫ਼ਲਤਾ ਲਈ ਦੇਸ਼ ਭਰ ਤੋਂ ਇਸ ਵਿੱਚ ਹਿੱਸਾ ਲੈਣ ਪਹੁੰਚੇ ਭੌਤਕ ਵਿਗਿਆਨੀਆਂ ਨੂੰ ਵਧਾਈ ਦਿੱਤੀ ਹੈ।

ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੌਜੀ ਵਿਭਾਗ ਨਾਲ ਸੰਬੰਧਤ ਪ੍ਰਾਜੈਕਟ 'ਕੁਆਂਟਮ ਐਨੇਬਲਡ ਸਾਇੰਸ ਐਂਡ ਟੈਕਨੌਲਜੀ' (ਕੁਐਸਟ) ਥੀਮ-1 ਤਹਿਤ ਇਹ ਚੌਥੀ ਰਾਸ਼ਟਰੀ ਵਰਕਸ਼ਾਪ ਸੀ। ਇੰਡੀਅਨ ਇੰਸਟੀਚੂਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਇਜ਼ਰ), ਮੋਹਾਲੀ ਦੇ ਸਹਿਯੋਗ ਨਾਲ਼ ਇਹ ਵਰਕਸ਼ਾਪ 'ਕੁਆਂਟਮ ਇਨਫ਼ਰਮੇਸ਼ਨ ਟੈਕਨੌਲਜੀ ਵਿਦ ਫ਼ੋਟੋਨਿਕ ਡਿਵਾਇਸਜ਼' ਵਿਸ਼ੇ ਉੱਤੇ ਕਰਵਾਈ ਗਈ।

ਤਿੰਨ ਸੌ ਕਰੋੜ ਰੁਪਏ ਦੇ ਖੋਜ ਪ੍ਰੋਗਰਾਮ ਥੀਮ-1 ਦੇ ਕੌਮੀ ਕਨਵੀਨਰ ਪ੍ਰੋ. ਅਰਵਿੰਦ ਨੇ ਦੱਸਿਆ ਕਿ ਵਰਕਸ਼ਾਪ ਵਿੱਚ ਸ਼ਾਮਿਲ ਹੋਏ ਵਿਗਿਆਨੀਆਂ ਅਤੇ ਮਾਹਿਰਾਂ ਵੱਲੋਂ ਦੋ ਦਿਨਾਂ ਦੌਰਾਨ ਜਿੱਥੇ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ, ਪ੍ਰਗਤੀ, ਸੰਭਾਵਨਾਵਾਂ ਆਦਿ ਸਬੰਧੀ ਵਿਸਥਾਰ ਵਿੱਚ ਚਰਚਾ ਕੀਤੀ ਗਈ ਓਥੇ ਹੀ ਅਗਲੇਰੇ ਪੱਧਰ ਦੇ ਕੰਮ ਲਈ ਅਹਿਮ ਵਿਚਾਰਾਂ ਵੀ ਹੋਈਆਂ। ਉਨ੍ਹਾਂ ਦੱਸਿਆ ਕਿ ਇਸ ਵਿਚਾਰ-ਵਟਾਂਦਰੇ ਤੋਂ ਇਹ ਸਾਹਮਣੇ ਆਇਆ ਕਿ ਕੁਆਂਟਮ ਕੰਪਿਊਟਰ ਜਲਦੀ ਅਮਲੀ ਰੂਪ ਵਿੱਚ ਸਾਹਮਣੇ ਆ ਜਾਵੇਗਾ।

ਵਰਕਸ਼ਾਪ ਦੇ ਦੂਜੇ ਦਿਨ ਜੇ. ਆਈ. ਆਈ. ਟੀ. ਨੋਇਡਾ ਤੋਂ ਪੁੱਜੇ ਪ੍ਰੋ. ਅਨਿਰਬਨ ਪਾਠਕ ਨੇ ਕੁਆਂਟਮ ਉਪਕਰਣਾਂ ਦੀ ਡਿਜ਼ਾਇਨਿੰਗ, ਕੁਆਂਟਮ ਹੈਕਿੰਗ ਅਤੇ ਸੁਰਖਿਅਤ ਸੰਚਾਰ ਲਈ ਰੈਂਡਮ ਨੰਬਰ ਜਨਰੇਟ ਕੀਤੇ ਜਾਣ ਦੇ ਵਿਸ਼ੇ ਉੱਤੇ ਆਪਣੇ ਵਿਚਾਰ ਪ੍ਰਗਟਾਏ। ਆਈ.ਐੱਮ.ਐੱਸ.ਸੀ. ਚੇਨਈ ਤੋਂ ਪ੍ਰੋ. ਸਿਬਿਆਸਿਸ਼ ਘੋਸ਼ ਨੇ 'ਕੁਆਂਟਮ ਹੀਟ ਇੰਜਨ' ਦੇ ਵਿਸ਼ੇ ਉੱਤੇ ਆਪਣੇ ਵਿਚਾਰ ਪ੍ਰਗਟ ਕੀਤੇ। ਆਈ. ਆਈ. ਟੀ. ਜੋਧਪੁਰ ਤੋਂ ਡਾ. ਵੀ. ਨਰਾਇਣਨ ਵੱਲੋਂ 'ਜਨਰੇਸ਼ਨ ਆਫ਼ ਐਂਟੈਂਗਲਡ ਫ਼ੋਟੋਨਜ਼ ਐਂਡ ਇਟਸ ਐਪਲੀਕੇਸ਼ਨ ਟੂ ਕੁਆਂਟਮ ਕੰਪਿਊਟੇਸ਼ਨ ਐਂਡ ਇਨਫਰਮੇਸ਼ਨ ਪ੍ਰੋਸੈਸਿੰਗ' ਵਿਸ਼ੇ ਉੱਤੇ ਆਪਣਾ ਖੋਜ ਪੱਤਰ ਪੜ੍ਹਿਆ। ਇਨ੍ਹਾਂ ਵਿਗਿਆਨੀਆਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਦੀ ਨਿਰੰਤਰਤਾ ਵਿੱਚ ਸ਼ੁਰੂ ਹੋਏ ਸੰਵਾਦ ਦੌਰਾਨ ਵੱਖ-ਵੱਖ ਮਾਹਿਰਾਂ ਵੱਲੋਂ ਆਪਣੇ ਵਿਚਾਰ ਪ੍ਰਗਟਾਏ ਗਏ।

ਵਰਕਸ਼ਾਪ ਦੇ ਵਿਦਾਇਗੀ ਸੈਸ਼ਨ ਦੌਰਾਨ ਬੋਲਦਿਆਂ ਪ੍ਰੋ. ਅਰਵਿੰਦ ਨੇ ਇਸ ਮਿਸ਼ਨ ਦੇ ਉਦੇਸ਼ਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਯੂਰਪ, ਅਮਰੀਕਾ, ਆਸਟਰੇਲੀਆ ਅਤੇ ਚੀਨ ਕੁਆਂਟਮ ਸੰਚਾਰ ਖੇਤਰ ਦੇ ਪ੍ਰਮੁੱਖ ਖਿਡਾਰੀ ਹਨ। ਚੀਨ ਨੇ ਉਪਗ੍ਰਹਿ ਆਧਾਰਿਤ ਕੁਆਂਟਮ ਸੰਚਾਰ ਦਾ ਬੁਨਿਆਦੀ ਕੰਮ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ 2000 ਵਿੱਚ ਜਦੋਂ ਅਸੀਂ ਆਈ.ਆਈ.ਐੱਸ.ਸੀ. ਬੈਂਗਲੂਰੂ ਵਿੱਚ ਆਪਣੀ ਛੋਟੀ ਜਿਹੀ ਖੋਜ ਸ਼ੁਰੂ ਕੀਤੀ ਸੀ ਅਤੇ ਕੋਲਕਾਤਾ ਵਿੱਚ ਕੁਝ ਹੋਰ ਲੋਕਾਂ ਨੇ ਵੀ ਇਨ੍ਹਾਂ ਵਿਚਾਰਾਂ ਉੱਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਤਾਂ ਉਸ ਸਮੇਂ ਤੱਕ ਚੀਨ ਨੇ ਕੋਈ ਵੀ ਪ੍ਰੋਗਰਾਮ ਨਹੀਂ ਬਣਾਇਆ ਸੀ ਪਰ ਉਨ੍ਹਾਂ ਦੇ ਨੀਤੀ ਨਿਰਮਾਤਾਵਾਂ ਅਤੇ ਸਰਕਾਰਾਂ ਨੇ ਇਸ ਦੀ ਮਹੱਤਤਾ ਨੂੰ ਸਾਡੇ ਨੀਤੀ ਨਿਰਮਾਤਾਵਾਂ ਅਤੇ ਸਰਕਾਰਾਂ ਨਾਲੋਂ ਬਹੁਤ ਪਹਿਲਾਂ ਦੇਖ ਲਿਆ ਸੀ। ਅਸੀਂ ਵਿਗਿਆਨਕ ਦਿਲਚਸਪੀ ਅਤੇ ਸ਼ੁਰੂਆਤੀ ਕੰਮ ਦੇ ਮਾਮਲੇ ਵਿੱਚ ਉਹਨਾਂ ਤੋਂ ਅੱਗੇ ਸੀ ਪਰ ਅਸੀਂ ਆਪਣੇ ਮਿਸ਼ਨ ਵਿੱਚ ਬਹੁਤ ਦੇਰੀ ਕੀਤੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਪਰ ਹੁਣ ਅਸੀਂ ਇਸ ਪ੍ਰਾਜੈਕਟ ਰਾਹੀਂ ਜਲਦ ਹੀ ਚੰਗੇ ਨਤੀਜਿਆਂ ਵੱਲ ਵਧ ਰਹੇ ਹਾਂ।

ਜ਼ਿਕਰਯੋਗ ਹੈ ਕਿ ਵਰਕਸ਼ਾਪ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ਿਰਕਤ ਕਰਨ ਪੁੱਜੀਆਂ ਸ਼ਖ਼ਸੀਅਤਾਂ ਲਈ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਪਹਿਲੇ ਦਿਨ ਸ਼ਾਮ ਨੂੰ ਕਲਾਸੀਕਲ ਰੰਗਤ ਵਾਲੀ ਸੰਗੀਤਮਈ ਸ਼ਾਮ ਦਾ ਆਯੋਜਨ ਵੀ ਕੀਤਾ ਗਿਆ। ਡਾ. ਅਲੰਕਾਰ ਸਿੰਘ ਦੀ ਅਗਵਾਈ ਵਿੱਚ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਵੱਲੋਂ ਆਪਣੀਆਂ ਕਲਾਸੀਕਲ ਪੇਸ਼ਕਾਰੀਆਂ ਦਿੱਤੀਆਂ ਗਈਆਂ।

## ਲੋਕ ਸਭਾ ਚੋਣਾਂ ਸ.ਫਲਤਾ ਪੂਰਵਕ ਕਰਵਾਉਣ ਲਈ ਵਧੀਕ ਜ਼ਿਲ੍ਹਾ ਚੋਣ ਅ.ਫਸਰ ਵੱਲੋਂ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ

# ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਤੇ ਚੋਣਾਂ ਸ਼ਾਂਤਮਈ ਤੇ ਬਿਨ੍ਹਾਂ ਡਰ ਭੈਅ ਤੋਂ ਕਰਵਾਉਣ ਲਈ ਚੋਣ ਕਮਿਸ਼ਨ ਦੇ ਹੁਕਮਾਂ ਦੀ ਪਾਲਣਾ ਕਰੇ ਹਰ ਨਾਗਰਿਕ: ਕੰਚਨ

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ ਨੇ ਆਗਾਮੀ ਲੋਕ ਸਭਾ ਚੋਣਾਂ ਸਬੰਧੀਂ ਲਾਗੂ ਹੋਏ ਆਦਰਸ਼ ਚੋਣ ਜਾਬਤੇ ਦੀ ਪਾਲਣਾ ਕਰਨੀ ਯਕੀਨੀ ਬਣਾਉਣ ਸਮੇਤ ਚੋਣਾਂ ਸਫ਼ਲਤਾ ਪੂਰਵਕ ਕਰਵਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ।

ਫ਼ੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਏ.ਡੀ.ਸੀ. ਮੈਡਮ ਕੰਚਨ ਨੇ ਕੁਝ ਖਾਸ ਦਿਸ਼ਾ ਨਿਰਦੇਸ਼ ਜਾਰੀ ਕਰਦੇ ਹੋਏ ਸਮੂਹ ਸਿਆਸੀ ਪਾਰਟੀਆਂ ਤੇ ਸੰਭਾਵੀ ਉਮੀਦਵਾਰਾਂ ਸਮੇਤ ਚੋਣ ਪ੍ਰਚਾਰ 'ਚ ਲੱਗੇ ਹਰੇਕ ਵਿਅਕਤੀਆਂ ਨੂੰ ਇਨ੍ਹਾਂ ਦਾ ਪਾਲਣ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਸਮੇਤ ਚੋਣਾਂ ਸ਼ਾਂਤਮਈ ਤੇ ਬਿਨ੍ਹਾਂ ਡਰ ਭੈਅ ਤੋਂ ਕਰਵਾਉਣ ਲਈ ਇਹ ਹੁਕਮ 15 ਮਈ ਤੱਕ ਲਾਗੂ ਰਹਿਣਗੇ।

ਜਾਰੀ ਹੁਕਮਾਂ ਮੁਤਾਬਕ ਕੋਈ ਵੀ ਪਾਰਟੀ ਜਾਂ ਉਮੀਦਵਾਰ ਅਜਿਹੀ ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੋਵੇਗਾ ਜੋ ਆਪਸੀ ਭਾਈਚਾਰਿਆਂ ਦਰਮਿਆਨ ਕਿਸੇ ਤਰ੍ਹਾਂ ਦੇ ਮਤਭੇਦ ਵਧਾਵੇ ਜਾਂ ਆਪਸੀ ਨਫ਼ਰਤ ਪੈਦਾ ਕਰੇ ਜਾਂ ਫਿਰ ਵੱਖ-ਵੱਖ ਜਾਤਾਂ, ਫਿਰਕਿਆਂ,ਭਾਈਚਾਰਿਆਂ, ਧਾਰਮਿਕ ਜਾਂ ਭਾਸ਼ਾ ਬਾਰੇ ਦੁਵੱਲਾ ਤਣਾਅ ਪੈਦਾ ਕਰੇ।ਪਾਰਟੀਆਂ ਅਤੇ ਸੰਭਾਵੀ ਉਮੀਦਵਾਰ ਦੂਜੀ ਪਾਰਟੀ ਜਾਂ ਉਮੀਦਵਾਰਾਂ ਦੇ ਨਿੱਜੀ ਜੀਵਨ ਦੇ ਅਜਿਹੇ ਪਹਿਲੂਆਂ ਦੀ ਆਲੋਚਨਾ ਤੋਂ ਪਰਹੇਜ਼ ਕਰਨ, ਜੋ ਕਿ ਉਨ੍ਹਾਂ ਦੀਆਂ ਜਨਤਕ ਗਤੀਵਿਧੀਆਂ ਆਦਿ ਨਾਲ ਨਾ ਜੁੜਿਆ ਹੋਇਆ ਹੋਵੇ।

ਵੋਟਾਂ ਹਾਸਲ ਕਰਨ ਲਈ ਜਾਤੀ ਜਾਂ ਫਿਰਕੂ ਭਾਵਨਾਵਾਂ ਦੀ ਕੋਈ ਅਪੀਲ ਨਹੀਂ ਕੀਤੀ ਜਾਵੇਗੀ।ਇਸੇ ਤਰ੍ਹਾਂ ਧਾਰਮਿਕ ਅਸਥਾਨਾਂ, ਜਿਨ੍ਹਾਂ ਵਿੱਚ ਗੁਰਦੁਆਰੇ, ਮੰਦਿਰ, ਮਸਜਿਦ, ਚਰਚ ਜਾਂ ਕੋਈ ਹੋਰ ਪੂਜਾ ਸਥਾਨ ਆਦਿ ਨੂੰ ਵੀ ਚੋਣ ਪ੍ਰਚਾਰ ਆਦਿ ਦੇ ਕੰਮ ਲਈ ਨਹੀਂ ਵਰਤਿਆ ਜਾਵੇਗਾ।

ਸਾਰੀਆਂ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਉਨ੍ਹਾਂ ਸਾਰੀਆਂ ਅਜਿਹੀਆਂ ਗਤੀਵਿਧੀਆਂ ਤੋਂ ਬਚਣਾ ਚਾਹੀਦਾ ਹੈ ਜੋ ÷ਭ੍ਰਿਸ਼ਟ ਗਤੀਵਿਧੀਆਂ÷ ਅਤੇ ਚੋਣ ਕਾਨੂੰਨ ਦੇ ਤਹਿਤ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ, ਜਿਵੇਂ ਕਿ ਵੋਟਰਾਂ ਨੂੰ ਪੈਸੇ ਜਾਂ ਕੋਈ ਕੀਮਤੀ ਵਸਤੂ ਦਾ ਲਾਲਚ ਦੇਕੇ ਭਰਮਾਉਣਾ, ਰਿਸ਼ਵਤ ਦੇਣਾ, ਵੋਟਰਾਂ ਨੂੰ ਡਰਾਉਣਾ ਤੇ ਧਮਕਾਉਣਾ। ਇਸ ਤੋਂ ਬਿਨ੍ਹਾਂ ਵੋਟਾਂ ਤੋਂ 48 ਘੰਟੇ ਪਹਿਲਾਂ ਪੋਲਿੰਗ ਸਟੇਸ਼ਨਾਂ ਦੇ 100 ਮੀਟਰ ਘੇਰੇ ਦੇ ਅੰਦਰ ਚੋਣ ਪ੍ਰਚਾਰ ਕਰਨਾ, ਇਸ ਸਮੇਂ ਦੌਰਾਨ ਜਨਤਕ ਮੀਟਿੰਗਾਂ ਕਰਨ ਦੀ ਮਨਾਹੀ ਹੈ। ਜਦਕਿ ਚੋਣਾਂ ਤੋਂ 48 ਘੰਟੇ ਪਹਿਲਾਂ ਤੇ ਵੋਟਾਂ ਪੈਣ ਦੀ ਪ੍ਰਕ੍ਰਿਆ ਬੰਦ ਹੋਣ ਦੀ ਮਿਆਦ ਤੱਕ ਵੋਟਰਾਂ ਨੂੰ ਪੋਲਿੰਗ ਸਟੇਸ਼ਨ ਤੱਕ ਛੱਡਣਾ ਅਤੇ ਪੋਲਿੰਗ ਸਟੇਸ਼ਨ ਤੋਂ ਲੈਕੇ ਜਾਣ ਦੀ ਵੀ ਮਨਾਹੀ ਹੋਵੇਗੀ।ਕਿਸੇ ਵੀ ਹਾਲਤ ਵਿੱਚ ਕਿਸੇ ਵੀ ਵਿਅਕਤੀਆਂ ਦੇ ਵਿਚਾਰਾਂ ਜਾਂ ਗਤੀਵਿਧੀਆਂ ਦਾ ਵਿਰੋਧ ਕਰਨ ਲਈ ਉਨ੍ਹਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਜਾਂ ਧਰਨੇ ਲਗਾਉਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕੋਈ ਵੀ ਰਾਜਨੀਤਿਕ ਪਾਰਟੀ ਜਾਂ ਉਮੀਦਵਾਰ ਆਪਣੇ ਵਰਕਰਾਂ ਜਾਂ ਆਗੂਆਂ ਆਦਿ ਨੂੰ ਕਿਸੇ ਦੂਜੇ ਵਿਅਕਤੀ ਦੀ ਨਿਜੀ ਜ਼ਮੀਨ, ਇਮਾਰਤ, ਕੰਪਾਊਂਡ ਦੀਵਾਰ ਆਦਿ ਦੀ ਚੋਣ ਪ੍ਰਚਾਰ ਲਈ ਵਰਤੋਂ ਉਸਦੀ ਆਗਿਆ ਤੋਂ ਬਿਨਾਂ ਨਹੀਂ ਕਰ ਸਕਣਗੇ। ਸਬੰਧਤ ਵਿਅਕਤੀ ਦੀ ਪ੍ਰਵਾਨਗੀ ਤੋਂ ਬਗੈਰ ਉਸਦੇ ਘਰ, ਇਮਾਰਤ, ਦਿਵਾਰ ਆਦਿ ਉਪਰ ਝੰਡੇ, ਬੈਨਰ, ਨੋਟਿਸ ਚਿਪਕਾਉਣ, ਨਾਅਰੇ ਲਿਖਣ ਆਦਿ ਦੀ ਵੀ ਇਜਾਜ਼ਤ ਨਹੀਂ ਹੋਵੇਗੀ।

ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਸਮਰਥਕ ਦੂਜੀਆਂ ਪਾਰਟੀਆਂ ਦੁਆਰਾ ਆਯੋਜਿਤ ਮੀਟਿੰਗਾਂ ਅਤੇ ਜਲੂਸਾਂ ਵਿੱਚ ਰੁਕਾਵਟ ਨਾ ਪਾਉਣ ਜਾਂ ਇਨ੍ਹਾਂ ਵਿੱਚ ਕਿਸੇ ਤਰ੍ਹਾਂ ਦਾ ਵਿਘਨ ਪਾਉਣ ਦੀ ਕੋਸ਼ਿਸ਼ ਨਾ ਕਰਨ। ਕਿਸੇ ਇੱਕ ਰਾਜਨੀਤਿਕ ਪਾਰਟੀ ਦੇ ਵਰਕਰ ਜਾਂ ਹਮਦਰਦ ਕਿਸੇ ਹੋਰ ਰਾਜਨੀਤਿਕ ਪਾਰਟੀ ਦੁਆਰਾ ਆਯੋਜਿਤ ਜਨਤਕ ਮੀਟਿੰਗਾਂ ਵਿੱਚ ਜ਼ੁਬਾਨੀ ਜਾਂ ਲਿਖਤੀ ਰੂਪ ਵਿੱਚ ਜਾਂ ਆਪਣੀ ਪਾਰਟੀ ਦੇ ਪਰਚੇ ਆਦਿ ਵੰਡ ਕੇ ਵਿਘਨ ਨਹੀਂ ਪਾਉਣਗੇ। ਇਸ ਤੋਂ ਬਿਨ੍ਹਾਂ ਇੱਕ ਧਿਰ ਵੱਲੋਂ ਉਥੇ ਆਪਣਾ ਜਲਸਾ-ਜਲੂਸ ਜਾਂ ਮਾਰਚ ਨਹੀਂ ਕੱਢਿਆ ਜਾਵੇਗਾ ਜਿੱਥੇ ਦੂਜੀ ਧਿਰ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹੋਣ।ਇਸੇ ਤਰ੍ਹਾਂ ਹੀ ਇੱਕ ਪਾਰਟੀ ਵੱਲੋਂ ਜਾਰੀ ਕੀਤੇ ਜਾਂ ਲਗਾਏ ਗਏ ਪੋਸਟਰ ਦੂਜੀ ਪਾਰਟੀ ਦੇ ਵਰਕਰਾਂ ਵੱਲੋਂ ਨਹੀਂ ਹਟਾਏ ਜਾਣਗੇ।

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਆਪਣੇ ਹੁਕਮਾਂ ਵਿੱਚ ਅੱਗੇ ਕਿਹਾ ਹੈ ਕਿ ਕੋਈ ਵੀ ਸਿਆਸੀ ਪਾਰਟੀ ਜਾਂ ਕੋਈ ਉਮੀਦਵਾਰ ਸਬੰਧਤ ਅਥਾਰਟੀ ਜਾਂ ਸਬੰਧਤ ਏ.ਆਰ.ਓਜ ਕੋਲ ਅਰਜ਼ੀ ਦੇਣਗੇ ਅਤੇ ਸਥਾਨ ਅਤੇ ਸਮੇਂ ਆਦਿ ਦੇ ਵੇਰਵੇ ਦੇ ਕੇ ਆਪਣੀ ਮੀਟਿੰਗ ਲਈ ਲਾਜਮੀ ਪ੍ਰਵਾਨਗੀ ਪ੍ਰਾਪਤ ਕਰਨਗੇ। ਪਾਰਟੀ ਜਾਂ ਉਮੀਦਵਾਰ ਕਿਸੇ ਵੀ ਪ੍ਰਸਤਾਵਿਤ ਮੀਟਿੰਗ ਦੇ ਸਥਾਨ ਅਤੇ ਸਮੇਂ ਬਾਰੇ ਸਥਾਨਕ ਪੁਲਿਸ ਨੂੰ ਸਮੇਂ ਸਿਰ ਸੂਚਿਤ ਕਰੇਗਾ ਤਾਂ ਜੋ ਪੁਲਿਸ ਉਸ ਸਥਾਨ ਵਿਖੇ ਆਵਾਜਾਈ ਨੂੰ ਨਿਯੰਤਰਿਤ ਕਰਨ ਅਤੇ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਲਈ ਲੋੜੀਂਦੇ ਪ੍ਰਬੰਧ ਸਮੇਂ ਸਿਰ ਕਰ ਸਕੇ।

ਕਿਸੇ ਵੀ ਪਾਰਟੀ ਜਾਂ ਉਮੀਦਵਾਰ ਨੂੰ ਆਪਣੇ ਜਲਸੇ, ਜਲੂਸ, ਮਾਰਚ ਜਾਂ ਆਪਣੇ ਇਕੱਠੇ ਹੋਣ ਵਾਲੇ ਸਥਾਨ ਵਿਖੇ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਹਥਿਆਰ, ਲਾਠੀਆਂ ਜਾਂ ਅਪਰਾਧ ਦਾ ਕੋਈ ਹੋਰ ਹਥਿਆਰ, ਨਸ਼ੀਲੇ ਪਦਾਰਥ ਜਾਂ ਹੋਰ ਖਤਰਨਾਕ ਪਦਾਰਥ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ।

ਜੇਕਰ ਕਿਸੇ ਪ੍ਰਸਤਾਵਿਤ ਮੀਟਿੰਗ ਦੇ ਸਬੰਧ ਵਿੱਚ ਲਾਊਡਸਪੀਕਰ ਜਾਂ ਕਿਸੇ ਹੋਰ ਸਹੂਲਤ ਦੀ ਵਰਤੋਂ ਲਈ ਇਜਾਜ਼ਤ ਜਾਂ ਲਾਇਸੈਂਸ ਪ੍ਰਾਪਤ ਕੀਤਾ ਜਾਣਾ ਹੈ, ਤਾਂ ਪਾਰਟੀ ਜਾਂ ਉਮੀਦਵਾਰ ਪਹਿਲਾਂ ਹੀ ਸਬੰਧਤ ਅਥਾਰਟੀ ਨੂੰ ਅਰਜ਼ੀ ਦੇਣਗੇ ਅਤੇ ਅਜਿਹੀ ਇਜਾਜ਼ਤ ਜਾਂ ਲਾਇਸੈਂਸ ਸਮੇਂ ਸਿਰ ਪ੍ਰਾਪਤ ਕਰਨਗੇ। ਚੋਣ ਪ੍ਰਚਾਰ ਲਈ ਲਾਊਡ ਸਪੀਕਰਾਂ ਦੀ ਵਰਤੋਂ ਰਾਤ 10.00 ਵਜੇ ਤੋਂ ਬਾਅਦ ਅਤੇ ਸਵੇਰੇ 6.00 ਵਜੇ ਤੋਂ ਪਹਿਲਾਂ ਨਹੀਂ ਕੀਤੀ ਜਾਣੀ ਚਾਹੀਦੀ। ਇਸੇ ਤਰ੍ਹਾਂ ਸਮਰੱਥ ਅਧਿਕਾਰੀ ਦੁਆਰਾ ਪ੍ਰਵਾਨਿਤ ਜਲੂਸ ਦੇ ਨਿਰਧਾਰਤ ਪ੍ਰੋਗਰਾਮ ਤੋਂ ਬਗੈਰ ਉਸ ਨੂੰ ਕਿਸੇ ਹੋਰ ਖੇਤਰ ਵਿੱਚ ਨਹੀਂ ਲਿਜਾਇਆ ਜਾ ਸਕੇਗਾ।

ਕਿਸੇ ਵੀ ਜਲਸੇ ਜਾਂ ਜਲੂਸ ਦੇ ਪ੍ਰਬੰਧਕਾਂ ਨੂੰ ਆਪਣੇ ਜਲੂਸ ਨੂੰ ਲੰਘਣ ਲਈ ਪ੍ਰਬੰਧ ਕਰਨ ਲਈ ਪਹਿਲਾਂ ਤੋਂ ਹੀ ਕਦਮ ਚੁੱਕਣੇ ਪੈਣਗੇ ਤਾਂ ਜੋ ਆਵਾਜਾਈ ਵਿੱਚ ਕੋਈ ਰੁਕਾਵਟ ਜਾਂ ਵਿਘਨ ਨਾ ਪਵੇ। ਇਨ੍ਹਾਂ ਜਲੂਸਾਂ ਜਾਂ ਮਾਰਚ ਨੂੰ ਇਸ ਕਦਰ ਨਿਯੰਤ੍ਰਿਤ ਕੀਤਾ ਜਾਵੇਗਾ ਤਾਂ ਕਿ ਇਹ ਸੜਕੀ ਆਵਾਜਾਈ ਵਿੱਚ ਕੋਈ ਰੁਕਾਵਟ ਨਾ ਪਾਵੇ ਅਤੇ ਇਸ ਨੂੰ ਹੋ ਸਕੇ ਤਾਂ ਸੜਕ ਦੇ ਸੱਜੇ ਪਾਸੇ ਰੱਖਿਆ ਜਾਵੇ ਅਤੇ ਡਿਊਟੀ 'ਤੇ ਤਾਇਨਾਤ ਪੁਲਿਸ ਦੇ ਨਿਰਦੇਸ਼ ਅਤੇ ਸਲਾਹ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ।

ਰਾਜਨੀਤਿਕ ਪਾਰਟੀਆਂ ਜਾਂ ਉਮੀਦਵਾਰ ਅਜਿਹੇ ਜਲੂਸਾਂ ਦੇ ਮਾਮਲੇ ਵਿੱਚ ਵੱਧ ਤੋਂ ਵੱਧ ਇਹਤਿਹਾਤ ਵਰਤਣਗੇ ਅਤੇ ਕੋਈ ਅਜਿਹੀ ਸਮੱਗਰੀ ਨਾਲ ਲੈਕੇ ਨਹੀਂ ਚੱਲਣਗੇ, ਜਿਸ ਨੂੰ ਕਿਸੇ ਗ਼ੈਰਸਮਾਜੀ ਤੱਤਾਂ ਦੁਆਰਾ ਕਿਸੇ ਤਰ੍ਹਾਂ ਦੇ ਨਾਅਰੇ ਆਦਿ ਮਾਰਨ ਸਮੇਂ ਇਸ ਦੀ ਦੁਰਵਰਤੋਂ ਨਾ ਕੀਤੀ ਜਾ ਸਕੇ।

ਇਨ੍ਹਾਂ ਹੁਕਮਾਂ ਵਿੱਚ ਅੱਗੇ ਕਿਹਾ ਗਿਆ ਹੈ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਉਮੀਦਵਾਰ ਵੱਲੋਂ ਦੂਜੀਆਂ ਰਾਜਨੀਤਿਕ ਪਾਰਟੀਆਂ ਦੇ ਮੈਂਬਰਾਂ ਜਾਂ ਉਨ੍ਹਾਂ ਦੇ ਨੇਤਾਵਾਂ ਦੀ ਨੁਮਾਇੰਦਗੀ ਕਰਨ ਵਾਲੇ ਆਗੂਆਂ ਦੇ ਪੁਤਲੇ ਲੈ ਕੇ ਜਾਣ ਜਾਂ ਜਨਤਕ ਤੌਰ 'ਤੇ ਅਜਿਹੇ ਪੁਤਲੇ ਫੂਕਣ ਅਤੇ ਅਜਿਹੀਆਂ ਹੋਰ ਗਤੀਵਿਧੀਆਂ ਦੀ ਵੀ ਇਜ਼ਾਜਤ ਨਹੀਂ ਹੋਵੇਗੀ।

ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰ ਪੋਲਿੰਗ ਵਾਲੇ ਦਿਨ ਵਾਹਨਾਂ ਦੇ ਚੱਲਣ 'ਤੇ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ ਦੀ ਪਾਲਣਾ ਕਰਨ ਲਈ ਚੋਣ ਅਧਿਕਾਰੀਆਂ ਤੇ ਪ੍ਰਸ਼ਾਸਨ ਨਾਲ ਸਹਿਯੋਗ ਕਰਨਗੇ ਅਤੇ ਆਪਣੇ ਵਾਹਨਾਂ ਲਈ ਨਿਰਧਾਰਤ ਪਰਮਿਟ ਪ੍ਰਾਪਤ ਕਰਨਗੇ ਜੋ ਉਨ੍ਹਾਂ ਵਾਹਨਾਂ 'ਤੇ ਪ੍ਰਮੁੱਖ ਤੌਰ 'ਤੇ ਪ੍ਰਦਰਸ਼ਿਤ ਕੀਤੇ ਜਾਣਗੇ।

ਕੋਈ ਵੀ ਰਾਜਨੀਤਿਕ ਪਾਰਟੀ/ਉਮੀਦਵਾਰ ਚੋਣ ਪ੍ਰਚਾਰ ਲਈ ਉਦੋਂ ਤੱਕ ਅਜਿਹੇ ਬਾਈਕ ਜਾਂ ਵਾਹਨ ਦੀ ਵਰਤੋਂ ਨਹੀਂ ਕਰੇਗਾ ਜਦੋਂ ਤੱਕ ਸਮਰੱਥ ਅਧਿਕਾਰੀ ਤੋਂ ਇਸ ਲਈ ਵਿਸ਼ੇਸ਼ ਆਗਿਆ ਪ੍ਰਾਪਤ ਨਹੀਂ ਕੀਤੀ ਜਾਂਦੀ। ਇਸ ਤੋਂ ਇਲਾਵਾ ਮੋਟਰ ਵਾਹਨ ਐਕਟ, 1988 ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੀ ਵਰਤੋਂ ਵੀ ਚੋਣ ਪ੍ਰਚਾਰ ਲਈ ਨਹੀਂ ਕੀਤੀ ਜਾਵੇਗੀ। ਸਮੂਹ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰ 2 ਜਨਵਰੀ, 2024 ਨੂੰ ਭਾਰਤ ਤੇ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਚੋਣ ਪ੍ਰਚਾਰ ਬਾਬਤ ਪੱਤਰ ਨੰਬਰ 437/6/ਇਨਸਟ/ਈਸੀਆਈ/ਫੰਨਕਟ/ਐਮਸੀਸੀ/2024 ਕੰਪੇਨ ਵਿੱਚ ਦਰਸਾਏ ਗਏ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਉਣਗੇ। ਇਹ ਦਿਸ਼ਾ ਨਿਰਦੇਸ਼ ਇਸ ਹੁਕਮ ਵਿੱਚ ਦਰਸਾਏ ਗਏ ਹਨ, ਇਨ੍ਹਾਂ ਦੀ ਪਾਲਣਾ ਲਾਜਮੀ ਕੀਤੀ ਜਾਵੇਗੀ।

# ਲੋਕ ਸਭਾ ਚੋਣਾਂ 2024: ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਚੋਣ ਪ੍ਰੋਗਰਾਮ ਜਾਰੀ



**ਚੰਡੀਗੜ੍ਹ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਪੰਜਾਬ ਰਾਜ ਲਈ ਲੋਕ ਸਭਾ ਚੋਣਾਂ 2024 ਦਾ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ। ਇਸ ਸਬੰਧੀ ਅਹਿਮ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਚੋਣਾਂ ਲਈ ਗਜ਼ਟ ਨੋਟੀਫਿਕੇਸ਼ਨ 7 ਮਈ, 2024 (ਮੰਗਲਵਾਰ) ਨੂੰ ਜਾਰੀ ਕੀਤਾ ਜਾਣਾ ਤੈਅ ਹੋਇਆ ਹੈ। ਨਾਮਜ਼ਦਗੀਆਂ ਲਈ ਅੰਤਿਮ ਮਿਤੀ 14 ਮਈ, 2024 (ਮੰਗਲਵਾਰ) ਨਿਰਧਾਰਤ ਕੀਤੀ ਗਈ ਹੈ ਜਦਕਿ ਨਾਮਜ਼ਦਗੀਆਂ ਦੀ ਪੜਤਾਲ 15 ਮਈ, 2024 (ਬੁੱਧਵਾਰ) ਨੂੰ ਹੋਵੇਗੀ। ਉਮੀਦਵਾਰ 17 ਮਈ, 2024 (ਸ਼ੁੱਕਰਵਾਰ) ਤੱਕ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਦੇ ਹਨ। ਪੰਜਾਬ ਵਿੱਚ 1 ਜੂਨ, 2024 (ਸ਼ਨੀਵਾਰ) ਨੂੰ ਵੋਟਾਂ ਪੈਣਗੀਆਂ, ਜਦਕਿ ਪੰਜਾਬ ਸਮੇਤ ਪੂਰੇ ਦੇਸ਼ ਵਿੱਚ 4 ਜੂਨ, 2024 (ਮੰਗਲਵਾਰ) ਨੂੰ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ। ਚੋਣਾਂ ਦੇ ਮੁਕੰਮਲ ਹੋਣ ਦੀ ਅੰਤਿਮ ਮਿਤੀ 6 ਜੂਨ, 2024 (ਵੀਰਵਾਰ) ਹੈ।

ਸਿਬਿਨ ਸੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ 21 ਮਾਰਚ , 2024 ਨੂੰ ਚੋਣ ਪ੍ਰੋਗਰਾਮ ਐਲਾਨੇ ਜਾਣ ਤੋਂ ਬਾਅਦ, ਪੰਜਾਬ ਰਾਜ ਵਿੱਚ ਆਦਰਸ਼ ਚੋਣ ਜ਼ਾਬਤਾ (ਐਮ.ਸੀ.ਸੀ) ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤਾ ਗਿਆ ਹੈ। ਇਹ ਆਦਰਸ਼ ਚੋਣ ਜਾਬਤਾ ਸਾਰੇ ਉਮੀਦਵਾਰਾਂ, ਰਾਜਨੀਤਿਕ ਪਾਰਟੀਆਂ, ਰਾਜ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ 'ਤੇ ਵੀ ਲਾਗੂ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਚੋਣ ਜਾਬਤੇ ਸਬੰਧੀ ਮੈਨੂਅਲ ਦੀ ਕਾਪੀ ਭਾਰਤੀ ਚੋਣ ਕਮਿਸ਼ਨ ਦੇ ਵੈੱਬਸਾਈਟ ਲਿੰਕ https://www.eci.gov.in/handbooks-manuals-modelchecklist ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁੱਖ ਸਕੱਤਰ ਰਾਹੀਂ ਮੁੱਖ ਮੰਤਰੀ, ਸਾਰੇ ਮੰਤਰੀਆਂ, ਸਪੀਕਰ, ਡਿਪਟੀ ਸਪੀਕਰ, ਸਾਰੇ ਵਧੀਕ ਮੁੱਖ ਸਕੱਤਰਾਂ, ਵਿੱਤ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ, ਸਕੱਤਰਾਂ, ਸਾਰੇ ਵਿਭਾਗਾਂ ਦੇ ਮੁਖੀਆਂ, ਪੰਜਾਬ ਦੇ ਸਾਰੇ ਬੋਰਡਾਂ, ਕਾਰਪੋਰੇਸ਼ਨਾਂ ਅਤੇ ਅਥਾਰਟੀਆਂ ਦੇ ਚੇਅਰਮੈਨਾਂ ਅਤੇ ਮੈਨੇਜਿੰਗ ਡਾਇਰੈਕਟਰਾਂ ਨੂੰ ਭੇਜ ਦਿੱਤੀਆਂ ਗਈਆਂ ਹਨ ਤਾਂ ਜੋ ਇਨ੍ਹਾਂ ਦੀ ਇੰਨ-ਬਿੰਨ ਤੇ ਸਖਤੀ ਨਾਲ ਪਾਲਨਾ ਕੀਤੀ ਜਾ ਸਕੇ।

# ਪੰਜਾਬ ਟੈਕਸੇਸ਼ਨ ਵਿਭਾਗ ਨੇ 5 ਕਰੋੜ ਰੁਪਏ ਦੇ ਸੋਨੇ ਤੇ ਹੀਰਿਆਂ ਦੇ ਗਹਿਣੇ ਜ਼ਬਤ ਕੀਤੇ

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ 2024 ਲਈ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ, ਪੰਜਾਬ ਟੈਕਸੇਸ਼ਨ ਵਿਭਾਗ ਨੇ ਸੜਕਾਂ ਨਿਰੀਖਣ ਵਿੱਚ ਕੀਤੇ ਵਾਧੇ ਦੇ ਮੱਦੇਨਜਰ ਇੱਕ ਨਿੱਜੀ ਵਾਹਨ ਵਿੱਚੋਂ ਟੈਕਸ ਚੋਰੀ ਕਰਕੇ ਲਿਜਾਏ ਜਾ ਰਹੇ ਕਰੀਬ 5 ਕਰੋੜ ਰੁਪਏ ਦੇ ਸੋਨੇ ਅਤੇ ਹੀਰਿਆਂ ਦੇ ਗਹਿਣੇ ਜ਼ਬਤ ਕੀਤੇ ਹਨ।

ਇਹ ਜਾਣਕਾਰੀ ਦਿੰਦਿਆਂ ਕਰ ਵਿਭਾਗ ਦੇ ਵਧੀਕ ਕਮਿਸ਼ਨਰ ਜੀਵਨ ਜੋਤ ਕੌਰ ਨੇ ਖੁਲਾਸਾ ਕੀਤਾ ਕਿ, ਵਧੀਕ ਮੁੱਖ ਸਕੱਤਰ (ਟੈਕਸੇਸ਼ਨ), ਪੰਜਾਬ ਸ਼੍ਰੀ ਵਿਕਾਸ ਪ੍ਰਤਾਪ ਸਿੰਘ ਤੇ ਕਰ ਕਮਿਸ਼ਨਰ, ਪੰਜਾਬ ਸ਼੍ਰੀ ਵਰੁਣ ਰੂਜਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਆਗਾਮੀ ਲੋਕ ਸਭਾ ਚੋਣਾਂ, 2024 ਦੌਰਾਨ ਸਖ਼ਤ ਸੜਕੀ ਜਾਂਚ ਰਾਹੀਂ ਟੈਕਸ ਚੋਰੀ ਦਾ ਪਤਾ ਲਗਾਉਣ ਦੀ ਮੁਹਿੰਮ ਅਰੰਭੀ ਗਈ ਹੈ। ਉਨ੍ਹਾਂ ਦੱਸਿਆ ਕਿ ਆਦਰਸ਼ ਚੋਣ ਜ਼ਾਬਤਾ ਲੱਗਣ ਤੋਂ ਤੁਰੰਤ ਬਾਅਦ ਸ਼ੁਰੂ ਹੋਈ ਇਸ ਪਹਿਲਕਦਮੀ ਦੌਰਾਨ, ਐਸ.ਟੀ.ਓ. ਹੁਕਮ ਚੰਦ ਬਾਂਸਲ ਦੀ ਅਗਵਾਈ ਹੇਠ ਇੱਕ ਟੀਮ, ਜੋ ਕਿ ਏ ਸੀ ਐਸ ਟੀ ਪਰਦੀਪ ਕੌਰ ਢਿੱਲੋਂ, ਐਸ ਆਈ ਪੀ ਯੂ ਪਟਿਆਲਾ ਦੀ ਨਿਗਰਾਨੀ ਵਿੱਚ ਤਾਇਨਾਤ ਸੀ, ਵੱਲੋਂ ਭਰੋਸੇਯੋਗ ਜਾਣਕਾਰੀ ਦੇ ਆਧਾਰ 'ਤੇ ਲਗਭਗ 5 ਕਰੋੜ ਰੁਪਏ ਦੀ ਕੀਮਤ ਵਾਲੇ ਸੋਨੇ ਤੇ ਹੀਰਿਆਂ ਨਾਲ ਜੜੇ ਗਹਿਣਿਆਂ ਨੂੰ ਜ਼ਬਤ ਕੀਤਾ ਗਿਆ ਹੈ।

ਕਰ ਵਿਭਾਗ ਦੇ ਵਧੀਕ ਕਮਿਸ਼ਨਰ ਜੀਵਨ ਜੋਤ ਕੌਰ ਨੇ ਅੱਗੇ ਦੱਸਿਆ ਕਿ ਸਟੇਟ ਟੈਕਸ ਅਫਸਰ ਨੂੰ ਬਠਿੰਡਾ ਤੋਂ ਚੰਡੀਗੜ੍ਹ ਜਾਣ ਲਈ ਇੱਕ ਚਿੱਟੇ ਰੰਗ ਦੀ ਇਨੋਵਾ ਕਾਰ ਰਜਿਸਟ੍ਰੇਸ਼ਨ ਨੰਬਰ ਸੀਐਚ 01 ਬੀਕਿਊ 0402, ਵਿੱਚ ਵੱਡੀ ਮਾਤਰਾ ਵਿੱਚ ਕੀਮਤੀ ਧਾਤਾਂ ਦੀ ਢੋਆ-ਢੁਆਈ ਬਾਰੇ ਭਰੋਸੇਯੋਗ ਖੁਫੀਆ ਜਾਣਕਾਰੀ ਪ੍ਰਾਪਤ ਹੋਈ ਸੀ, ਇਸ ਗੱਡੀ ਦਾ ਵਿਆਪਕ ਪਿੱਛਾ ਕਰਨ ਤੋਂ ਬਾਅਦ, ਵਾਹਨ ਨੂੰ 21 ਮਾਰਚ ਦੀ ਲੰਘੀ ਰਾਤ ਕਰੀਬ 10:51 ਵਜੇ ਟੋਲ ਪਲਾਜ਼ਾ ਕਾਲਾਝਾੜ (ਭਵਾਨੀਗੜ੍ਹ-ਪਟਿਆਲਾ ਰੋਡ) ਨੇੜੇ ਕਾਬੂ ਕੀਤਾ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਵਸਤੂਆਂ ਦਾ ਮਾਲਕ ਜੀਐਸਟੀ ਐਕਟ, 2017 ਦੇ ਉਪਬੰਧਾਂ ਦੁਆਰਾ ਲਾਜ਼ਮੀ ਤੌਰ 'ਤੇ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ ਵਿੱਚ ਅਸਫਲ ਰਿਹਾ।

ਇਸ ਦੌਰਾਨ ਸ਼ੁਰੂਆਤੀ ਭੌਤਿਕ ਤਸਦੀਕ ਨੇ ਪੁਸ਼ਟੀ ਕੀਤੀ ਕਿ ਸੋਨੇ ਤੇ ਹੀਰਿਆਂ ਨਾਲ ਜੜੇ ਗਹਿਣਿਆਂ ਦੇ ਰੂਪ ਵਿੱਚ ਅੰਗੂਠੀਆਂ, ਚੂੜੀਆਂ, ਚੋਕਰ ਸੈੱਟ ਤੇ ਹਾਰ ਆਦਿ ਸ਼ਾਮਲ ਸਨ, ਨੂੰ ਸਹੀ ਅਤੇ ਪ੍ਰਮਾਣਿਕ ਦਸਤਾਵੇਜ਼ਾਂ ਦੀ ਅਣਹੋਂਦ ਵਿੱਚ, ਮੌਕੇ 'ਤੇ ਹੀ ਜ਼ਬਤ ਕਰ ਲਿਆ ਗਿਆ। ਹਾਲਾਂਕਿ, ਮਾਲ ਦੀ ਅਸਲ ਕੀਮਤ ਦਾ ਪਤਾ ਲਗਾਉਣ ਅਤੇ ਨਾਲ ਦੇ ਦਸਤਾਵੇਜ਼ਾਂ ਨੂੰ ਪ੍ਰਮਾਣਿਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਜੀਵਨਜੋਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਸੋਨੇ ਅਤੇ ਹੀਰਿਆਂ ਦਾ ਮੁਲਾਂਕਣ ਪੂਰਾ ਹੋਣ ਤੋਂ ਬਾਅਦ ਸਬੰਧਤ ਫਰਮ ਨੂੰ ਟੈਕਸ ਚੋਰੀ ਲਈ ਭਾਰੀ ਜੁਰਮਾਨਾ ਭਰਨਾ ਪਵੇਗਾ।

# ਮੋਦੀ ਸਰਕਾਰ ਸਾਰੇ ਯੋਗ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਵੇਗੀ: ਸ਼ਾਹ



**ਲੁਧਿਆਣਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਮਿਤ ਸ਼ਾਹ ਨੇ ਨਿਊਜ਼ ਏਜੰਸੀ ਏਐਨਆਈ ਪੋਡਕਾਸਟ ਨੂੰ ਦਿੱਤੇ ਇੰਟਰਵਿਊ ਵਿੱਚ ਮੋਦੀ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਬਾਰੇ ਵਿਰੋਧੀ ਪਾਰਟੀਆਂ ਵੱਲੋਂ ਫੈਲਾਏ ਜਾ ਰਹੇ ਝੂਠ ਦੇ ਤੱਥਾਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮੋਦੀ ਸਰਕਾਰ ਸਾਰੇ ਯੋਗ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਵੇਗੀ। ਸੀਏਏ ਨਾਗਰਿਕਤਾ ਦੇਣ ਲਈ ਕਾਨੂੰਨ ਹੈ, ਨਾਗਰਿਕਤਾ ਲੈਣ ਲਈ ਨਹੀਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ 2019 ਦੀਆਂ ਲੋਕ ਸਭਾ ਚੋਣਾਂ ਲਈ ਆਪਣੇ ਚੋਣ ਮਨੋਰਥ ਪੱਤਰ ਵਿੱਚ ਸੀਏਏ ਨੂੰ ਲਾਗੂ ਕਰਨ ਦੀ ਗੱਲ ਕੀਤੀ ਸੀ। ਸਹਿਕਾਰਤਾ ਮੰਤਰੀ ਅਮਿਤ ਸ਼ਾਹ, ਇਹ 2024 ਤੱਕ ਲਾਗੂ ਕੀਤਾ ਜਾਵੇਗਾ। 2017 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇਸ਼ ਭਰ ਵਿੱਚ ਸੀਏਏ ਲਾਗੂ ਕੀਤਾ ਗਿਆ ਸੀ। ਇਸ ਤੋਂ ਸਪੱਸ਼ਟ ਹੈ ਕਿ ਸੀਏਏ ਭਾਜਪਾ ਲਈ ਸੰਵੇਦਨਸ਼ੀਲਤਾ ਦਾ ਮੁੱਦਾ ਹੈ, ਸਿਆਸੀ ਲਾਭ ਦਾ ਨਹੀਂ। ਮੋਦੀ ਜੀ ਅਤੇ ਅਮਿਤ ਸ਼ਾਹ ਲਈ ਨਾਗਰਿਕਤਾ ਸੋਧ ਕਾਨੂੰਨ 31 ਦਸੰਬਰ 2014 ਤੋਂ ਪਹਿਲਾਂ ਅਫਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਤੋਂ ਆਏ ਕਰੋੜਾਂ ਸ਼ਰਨਾਰਥੀਆਂ ਨੂੰ ਉਨ੍ਹਾਂ ਦੇ ਅਧਿਕਾਰ ਦੇਣ ਦਾ ਮੁੱਦਾ ਹੈ, ਉਨ੍ਹਾਂ ਨੂੰ ਆਜ਼ਾਦ ਕਰਾਉਣਾ।

# ਆਪ ਆਗੂਆਂ ਨੇ ਸਿਹਤ ਮੰਤਰੀ ਡਾ. ਬਲਬੀਰ ਨੂੰ ਕੀਤਾ ਸਨਮਾਨਿਤ

## ਲੋਕ ਸਭਾ ਚੋਣਾਂ ਵਿੱਚ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਨਗੇ ਡਾ.ਬਲਬੀਰ: ਗਿਆਨ ਚੰਦ



ਗਿਆਨ ਚੰਦ ਅਤੇ ਹੋਰ ਮੈਂਬਰ ਡਾ.ਬਲਬੀਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ।

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕਾ ਤੋਂ ਮੈਂਬਰ ਪਾਰਲੀਮੈਂਟ ਦੀ ਟਿਕਟ ਮਿਲਣ ਤੇ ਆਪ ਪਾਰਟੀ ਪਟਿਆਲਾ ਰੂਲਰ ਦੇ ਐਸ.ਸੀ ਵਿੰਗ ਦੇ ਕੋਆਰਡੀਨੇਟਰ ਅਤੇ ਸਾਬਕਾ ਕੌਂਸਲਰ ਗਿਆਨ ਚੰਦ ਅਤੇ ਉਹਨਾਂ ਦੀ ਟੀਮ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗਿਆਨ ਚੰਦ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਦੇ ਸੰਯੋਜਕ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਤੋਂ ਪੰਜਾਬ ਵਾਸੀ ਖੁਸ਼ ਹਨ। ਜਿਸ ਕਰਕੇ ਡਾ.ਬਲਬੀਰ ਸਿੰਘ ਅਗਾਮੀ ਲੋਕ ਸਭਾ ਚੋਣਾਂ ਵਿੱਚ ਪਟਿਆਲਾ ਹਲਕੇ ਤੋਂ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਨਗੇ। ਇਸ ਮੌਕੇ ਸਿਹਤ ਮੰਤਰੀ ਨੇ ਆਏ ਹੋਏ ਸਾਰੇ ਹੀ ਆਗੂਆਂ ਦਾ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਰੇ ਹੀ ਪਾਰਟੀ ਮੈਂਬਰ ਉਨਾਂ ਲਈ ਇਕ ਪਰਿਵਾਰ ਦੀ ਤਰ੍ਹਾਂ ਹਨ। ਉਹਨਾਂ ਨੇ ਸਮੂਹ ਅਗੁਆਂ ਨੂੰ ਅਗਾਮੀ ਲੋਕ ਸਭਾ ਚੋਣਾਂ ਲਈ ਡੱਟ ਜਾਣ ਲਈ ਲੋੜੀਂਦੇ ਦਿਸ਼ਾ ਨਿਰਦੇਸ਼ ਵੀ ਦਿੱਤੇ।

# ਮਹਿਲਾ ਨਿਆਂ ਦੇ ਤਹਿਤ, ਕਾਂਗਰਸ ਨੇ ਦੇਸ਼ ਦੀ ਕਬਾਇਲੀ ਆਬਾਦੀ ਦੀਆਂ ਔਰਤਾਂ ਲਈ 5 ਗਾਰੰਟੀਆਂ ਜਾਰੀ ਕੀਤੀਆਂ : ਮਹਿਲਾ ਕਾਂਗਰਸ

## ਜੇਕਰ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਗਰੀਬ ਔਰਤਾਂ ਨੂੰ ਹਰ ਸਾਲ 1 ਲੱਖ ਰੁਪਏ ਮਿਲਣਗੇ: ਦੀਪ ਦੂਬੇ



**ਚੰਡੀਗੜ੍ਹ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਮਹਿਲਾ ਕਾਂਗਰਸ ਨੇ ਅੱਜ ਇੱਕ ਪ੍ਰੈਸ ਕਾਨਫਰੰਸ ਕੀਤੀ ਜਿਸ ਵਿੱਚ ਚੰਡੀਗੜ੍ਹ ਮਹਿਲਾ ਕਾਂਗਰਸ ਦੀ ਪ੍ਰਧਾਨ ਦੀਪਾ ਦੂਬੇ ਨੇ ਕਿਹਾ ਕਿ ਕਾਂਗਰਸ ਦੀ 'ਨਾਰੀ ਨਿਆਏ' ਗਰੰਟੀ ਸਕੀਮ ਔਰਤਾਂ ਦੇ ਆਰਥਿਕ, ਸਮਾਜਿਕ ਵਿਕਾਸ, ਬਰਾਬਰੀ ਅਤੇ ਸੁਰੱਖਿਆ ਵੱਲ ਇੱਕ ਅਹਿਮ ਕਦਮ ਹੈ। ਇਸ ਨਾਲ ਔਰਤਾਂ ਸਸ਼ਕਤ ਹੋ ਜਾਣਗੀਆਂ। ਉਨ੍ਹਾਂ ਨੂੰ ਅਧਿਕਾਰ ਮਿਲਣਗੇ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਔਰਤ ਵਿਰੋਧੀ ਪਾਰਟੀ ਹੈ। ਮੋਦੀ ਸਰਕਾਰ ਦੇ ਸ਼ਾਸਨ ਵਿੱਚ ਕਈ ਵਾਰ ਨਾਰੀ ਸ਼ਕਤੀ ਦਾ ਅਪਮਾਨ ਹੋਇਆ ਹੈ।ਚੰਡੀਗੜ੍ਹ ਅਤੇ ਦੇਸ਼ ਵਿੱਚ ਵੱਖ-ਵੱਖ ਰੂਪਾਂ ਵਿੱਚ ਭੀਲਾਂ ਨੂੰ ਤੰਗ, ਦਬਾਇਆ ਅਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਪਰ ਭਾਰਤ ਸਰਕਾਰ ਲਈ ਇਹ ਚਿੰਤਾ ਦਾ ਵਿਸ਼ਾ ਨਹੀਂ ਹੈ।

ਦੀਪਾ ਦੂਬੇ ਨੇ ਦਾਅਵਾ ਕੀਤਾ ਹੈ ਕਿ ਜੇਕਰ ਕਾਂਗਰਸ ਪਾਰਟੀ ਨੂੰ ਲੋਕ ਸਭਾ ਚੋਣਾਂ 'ਚ ਔਰਤਾਂ ਤੋਂ ਮਨਚਾਹੇ ਆਸ਼ੀਰਵਾਦ ਅਤੇ ਬਹੁਮਤ ਮਿਲਦਾ ਹੈ ਤਾਂ ਕੇਂਦਰ 'ਚ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਔਰਤਾਂ ਦੇ ਨਿਆਂ ਦੀਆਂ ਸਾਰੀਆਂ ਪੰਜ ਗਾਰੰਟੀਆਂ ਪੂਰੀਆਂ ਹੋ ਜਾਣਗੀਆਂ ਅਤੇ ਕਬਾਇਲੀ ਆਬਾਦੀ ਦੇਸ਼ ਨੂੰ ਪੂਰੇ ਅਧਿਕਾਰ ਮਿਲਣਗੇ।

ਜਿਸ ਵਿੱਚ ਮਹਾਲਕਸ਼ਮੀ ਗਰੰਟੀ, ਆਧੀ ਅਬਾਦੀ - ਪੂਰਾ ਹੱਕ, ਸ਼ਕਤੀ ਦਾ ਆਦਰ, ਅਧਿਕਾਰ ਮੈਟਰਿਕ, ਅਤੇ ਸਾਵਿਤਰੀਬਾਈ ਫੂਲੇ ਹੋਸਟਲ ਸ਼ਾਮਲ ਹਨ।

ਅੰਤ ਵਿੱਚ ਦੂਬੇ ਨੇ ਕਿਹਾ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਕਹੀ ਗਈ ਹੈ ਕਿ ਮਹਾਲਕਸ਼ਮੀ ਗਰੰਟੀ ਤਹਿਤ ਗਰੀਬ ਪਰਿਵਾਰ ਦੀ ਹਰ ਔਰਤ ਨੂੰ 1 ਲੱਖ ਰੁਪਏ ਸਾਲਾਨਾ ਦੀ ਸਹਾਇਤਾ ਦਿੱਤੀ ਜਾਵੇਗੀ, ਇਹ ਪੈਸਾ ਸਾਬਤ ਸੂਰਤ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਆਵੇਗਾ।

ਆਦਿ ਅਬਾਦੀ - ਪੂਰੇ ਅਧਿਕਾਰਾਂ ਦੀ ਗਰੰਟੀ ਦੇ ਤਹਿਤ, ਕੇਂਦਰ ਸਰਕਾਰ ਵਿੱਚ ਸਾਰੀਆਂ ਨਵੀਆਂ ਭਰਤੀਆਂ ਵਿੱਚੋਂ ਅੱਧੀਆਂ ਔਰਤਾਂ ਲਈ ਰਾਖਵੀਆਂ ਹੋਣਗੀਆਂ।

ਸ਼ਕਤੀ ਦੇ ਸਨਮਾਨ ਦੀ ਗਾਰੰਟੀ- ਆਸ਼ਾ, ਆਂਗਣਵਾੜੀ ਅਤੇ ਮਿਡ ਡੇ ਮੀਲ ਬਣਾਉਣ ਵਾਲੀਆਂ ਔਰਤਾਂ ਦੀ ਮਾਸਿਕ ਤਨਖਾਹ ਵਿੱਚ ਕੇਂਦਰ ਸਰਕਾਰ ਦਾ ਯੋਗਦਾਨ ਦੁੱਗਣਾ ਕੀਤਾ ਜਾਵੇਗਾ।

ਅਧਿਕਾਰ ਮੈਟ੍ਰਿਕ ਗਾਰੰਟੀ - ਸਾਰੀਆਂ ਪੰਚਾਇਤਾਂ ਇੱਕ ਅਧਿਕਾਰ ਮੈਟ੍ਰਿਕ ਨਿਯੁਕਤ ਕਰਨਗੀਆਂ ਜੋ ਔਰਤਾਂ ਨੂੰ ਉਹਨਾਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਸੂਚਿਤ ਕਰਨਗੀਆਂ ਅਤੇ ਇਹਨਾਂ ਅਧਿਕਾਰਾਂ ਨੂੰ ਲਾਗੂ ਕਰਨ ਵਿੱਚ ਮਦਦ ਕਰੇਗੀ।

ਸਾਵਿਤਰੀ ਬਾਈ ਫੂਲੇ ਹੋਸਟਲ - ਕੇਦਾਰ ਸਰਕਾਰ ਦੇਸ਼ ਵਿੱਚ ਕੰਮਕਾਜੀ ਔਰਤਾਂ ਲਈ ਹੋਸਟਲਾਂ ਦੀ ਗਿਣਤੀ ਦੁੱਗਣੀ ਕਰੇਗੀ, ਜਦੋਂ ਰਾਜ ਦੇ ਜ਼ਿਲ੍ਹੇ ਵਿੱਚ ਘੱਟੋ-ਘੱਟ ਇੱਕ ਹੋਟਲ ਹੋਵੇਗਾ।

ਚੰਡੀਗੜ੍ਹ ਮਹਿਲਾ ਕਾਂਗਰਸ ਦੀ ਪ੍ਰਧਾਨ ਦੀਪਾ ਦੂਬੇ ਨੇ ਕਿਹਾ ਕਿ ਅੱਜ ਕਾਂਗਰਸ ਆਗੂ ਰਾਹੁਲ ਗਾਂਧੀ ਦੇਸ਼ ਵਿੱਚ ਭਾਰਤ ਛੱਡੋ ਨਿਆਯਾ ਯਾਤਰਾ ਕਰ ਰਹੇ ਹਨ, ਜਿਸ ਵਿੱਚ ਨਾਰੀ ਨਿਆਏ ਤਹਿਤ ਔਰਤਾਂ ਨੂੰ ਇਹ ਗਾਰੰਟੀ ਦਿੱਤੀ ਗਈ ਹੈ।

ਇਸ ਪ੍ਰੈਸ ਕਾਨਫਰੰਸ ਵਿੱਚ ਡੇਜ਼ੀ ਵਾਲੀਆ, ਗੀਤਾ ਦੇਵੀ, ਮੀਨੂੰ ਵੀ ਮੌਜੂਦ ਸਨ।

# ਨਵਜੋਤ ਸਿੱਧੂ ਨੇ ਨਾਜਾਇਜ਼ ਖਣਨ ਦਾ ਮਾਮਲਾ ਮੁੜ ਚੁੱਕਿਆ

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਨੇ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਨਾਜਾਇਜ਼ ਖਣਨ ਦਾ ਮਾਮਲਾ ਮੁੜ ਚੁੱਕਿਆ ਹੈ। ਉਸ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਰੂਪਨਗਰ ਜ਼ਿਲ੍ਹੇ ਦੇ ਇਕ ਪਿੰਡ 'ਚ ਹੋ ਰਹੀ ਗੈਰਕਾਨੂੰਨੀ ਮਾਈਨਿੰਗ ਦੀ ਵੀਡੀਓ ਸਾਂਝੀ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਲਿਖਿਆ ਹੈ ਕਿ ਭਗਵੰਤ ਮਾਨ ਐਂਡ ਕੰਪਨੀ ਵੱਲੋਂ ਜੰਗਲਾਤ ਦੀ ਜ਼ਮੀਨ ਨੂੰ ਵੱਡੇ ਪੱਧਰ 'ਤੇ ਤਬਾਹ ਕੀਤਾ ਜਾ ਰਿਹਾ ਹੈ। ਪਿੰਡ ਭਲਾਣ ਤਹਿਸੀਲ ਨੰਗਲ ਵਿਚ ਸਵੇਰ ਤੋਂ ਹੀ ਵੱਡੇ ਪੱਧਰ 'ਤੇ ਨਾਜਾਇਜ਼ ਮਾਈਨਿੰਗ ਹੋ ਰਹੀ ਹੈ। ਇਹ ਵੀਡੀਓ 53 ਸਕਿੰਟ ਦੀ ਹੈ। ਵੀਡੀਓ ਬਣਾਉਣ ਵਾਲੇ ਵਿਅਕਤੀ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਇਹ ਥਾਂ ਭਲਾਣ ਪਿੰਡ ਦੀ ਸਰਕਾਰੀ ਜ਼ਮੀਨ ਦੀ ਹੈ ਜਿੱਥੇ ਸਵੇਰੇ ਪੌਣੇ ਪੰਜ ਵਜੇ ਨਾਜਾਇਜ਼ ਮਾਈਨਿੰਗ ਹੋ ਰਹੀ ਹੈ ਜਿੱਥੇ ਕਈ ਮਸ਼ੀਨਾਂ ਇੱਕੋ ਸਮੇਂ ਚੱਲ ਰਹੀਆਂ ਹਨ। ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਇਸ ਸਾਲ ਦੇ ਸ਼ੁਰੂਆਤ ਤੋਂ ਹੀ ਗੈਰਕਾਨੂੰਨੀ ਮਾਈਨਿੰਗ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਉਂਦੇ ਆ ਰਹੇ ਹਨ। ਉਨ੍ਹਾਂ ਵੱਲੋਂ ਰੂਪਨਗਰ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਗੈਰਕਾਨੂੰਨੀ ਮਾਈਨਿੰਗ ਨੂੰ ਲੈ ਕੇ ਐਨਜੀਟੀ 'ਚ ਮਾਮਲਾ ਦਰਜ ਕੀਤਾ ਗਿਆ ਹੈ।

# ਸ਼੍ਰੀਮਦਭਾਗਵਤ ਸਪਤਾਹ ਗਿਆਨ ਯੱਗ ਹੋਇਆ ਸਪੰਨ, ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਲਵਾਈ ਹਾਜਰੀ

**ਬਠਿੰਡਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੀ ਸ਼੍ਰੀ 1008 ਮਹਾਂਮੰਡਲੇਸ਼ਵਰ ਸਵਾਮੀ ਸੁਰੇਸ਼ ਮੁਨੀ ਜੀ ਮਹਾਰਾਜ ਹਰਿਦੁਆਰ ਵਾਲ਼ਿਆਂ ਦੀ ਅਧਿਆਕਸ਼ਤਾ ਵਿੱਚ ਬੇਸਹਾਰਾ ਗਊਸ਼ਾਲਾ ਗੋਨਿਆਣਾ ਵਿੱਚ ਪਿੱਛਲੇ ਇਕ ਹਫ਼ਤੇ ਤੋਂ ਚੱਲ ਰਿਹਾ ÷ਸ਼੍ਰੀ ਮਦਭਾਗਵਤ ਸਪਤਾਹ ਗਿਆਨ ਯੱਗ ਸਪੰਨ÷ ਹੋਇਆ ਇਸ ਮੌਕੇ ਵਿਆਸ ਗੱਦੀ ਦੇ ਪ੍ਰਵਕਤਾ ਸ਼੍ਰੀ ਅਸ਼ਵਨੀ ਸ਼ਰਮਾ ਜੀ ਕਾਲਾਂਵਾਲੀ ਵਾਲਿਆਂ ਨੇ ਆਪਣੇ ਮਧੁਰ ਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਅੱਜ ਸ਼੍ਰੀ ਕ੍ਰਿਸ਼ਨ ਸੁਦਾਮਾ ਦੀ ਕਥਾ ਸੁਣਾਈ ਓਹਨਾਂ ਨੇ ਦੱਸਿਆ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਆਪਣੇ ਬਚਪਨ ਦੇ ਮਿੱਤਰ ਸੁਦਾਮਾ ਜੋ ਅਤੀ ਗਰੀਬ ਸਨ ਨਾਲ ਬਿਨਾ ਕਿਸੇ ਭੇਦ-ਭਾਵ, ਅਮੀਰੀ-ਗਰੀਬੀ ਨੂੰ ਦੇਖਦਿਆਂ ਆਪਣਾ ਪਿਆਰ ਕਾਇਮ ਰੱਖਿਆ। ਸੁਦਾਮਾ ਜੀ ਨੇ ਵੀ ਬਿਨਾ ਕਿਸੇ ਲਾਭ ਦੇ ਕ੍ਰਿਸ਼ਨ ਭਗਵਾਨ ਨਾਲ ਪਿਆਰ ਬਣਾਈ ਰਖਿਆ, ਕਿਸੇ ਤਰ੍ਹਾਂ ਦਾ ਕੋਈ ਲਾਲਚ ਓਹਨਾ ਦੇ ਮਨ ਵਿੱਚ ਨਹੀਂ ਸੀ। ਜਿਸ ਦੇ ਬਦਲੇ ਭਗਵਾਨ ਨੇ ਓਹਨਾ ਨੂੰ ਜਿੱਥੇ ਦੁਨੀਆਵੀ ਖ਼ਜ਼ਾਨੇ ਦੇ ਕੇ ਮਾਲਾਮਾਲ ਕੀਤਾ ਓਥੇ ਦੂਜੇ ਪਾਸੇ ਆਪਣਾ ਸਦਾ ਵਾਸਤੇ ਮਿੱਤਰ ਬਣਾਇਆ ਤੇ ਰਹਿੰਦੀ ਦੁਨੀਆ ਤਕ ਸੁਦਾਮਾ ਤੇ ਕ੍ਰਿਸ਼ਨ ਭਗਵਾਨ ਦੀ ਮਿੱਤਰਤਾ ਦੀ ਮਿਸਾਲ ਨੂੰ ਕਾਇਮ ਕੀਤੀ, ਇਥੇ ਭਗਵਾਨ ਨੇ ਸੰਦੇਸ਼ ਦਿੰਦੇ ਹਨ ਕਿ ਜੇਕਰ ਕੋਈ ਭਗਵਾਨ ਨਾਲ ਬਿਨਾ ਕਿਸੇ ਲਾਲਚ ਦੇ ਸਨੇਹ ਪਾਉਂਦਾ ਹੈ ਤਾਂ ਭਗਵਾਨ ਉਸਨੂੰ ਕਦੇ ਵੀ ਨਹੀਂ ਭੁੱਲਦੇ, ਹਮੇਸ਼ਾ ਉਸ ਉੱਤੇ ਅਪਣੀ ਮੇਹਰ ਬਣਾਈ ਰੱਖਦੇ ਹਨ ਇਸ ਮੌਕੇ ਮਹਾਂਮੰਡਲੇਸ਼ਵਰ ਸਵਾਮੀ ਸੁਰੇਸ਼ ਮੁਨੀ ਜੀ ਮਹਾਰਾਜ ਨੇ ਸਮੂਹ ਸੰਗਤ ਨੂੰ ਆਸ਼ੀਰਵਾਦ ਦਿੰਦਿਆਂ ਓਹਨਾਂ ਦੀ ਖੁਸ਼ਹਾਲੀ ਦੀ ਅਰਦਾਸ ਕੀਤੀ ਅਤੇ ਸਭ ਨੂੰ ਗਊ ਸੇਵਾ ਕਰਨ ਲਈ ਪ੍ਰੇਰਿਤ ਕੀਤਾ।

ਅਖੀਰ ਵਿੱਚ ਪ੍ਰਬੰਧਕਾਂ ਵੱਲੋਂ ਇਸ ਸਮਾਗਮ ਦੀ ਸਫ਼ਲਤਾ ਲਈ ਆਈ ਹੋਈ ਸੰਗਤ ਨੂੰ ਵਧਾਈ ਦਿੱਤੀ ਤੇ ਨਾਲ ਹੀ ਸਾਰੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਜਿੰਨਾ ਨੇ ਤਨ, ਮਨ ਅਤੇ ਧੰਨ ਨਾਲ ਸੇਵਾ ਕੀਤੀ, ਓਹਨਾਂ ਸਭਨਾ ਦਾ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੇਸ਼ ਕੁਮਾਰ ਬਿੱਟੂ ਦਿਓਂਣ ਵਾਲੇ, ਪਵਨ ਕੁਮਾਰ ਬੁਰਜਾਂ ਵਾਲੇ, ਰਾਜ ਕੁਮਾਰ ਲਿਲੀ, ਰਾਜਿੰਦਰ ਕੁਮਾਰ ਬਿੰਦਰ, ਅੰਮ੍ਰਿਤਪਾਲ ਟੱਲੀ, ਲਾਜਪਤ ਰਾਏ ਗੋਇਲ, ਅਸ਼ੋਕ ਕੁਮਾਰ ਸਿੰਗਲਾ, ਪ੍ਰਿੰਸ ਰੋਮਾਣਾ, ਨਰਿੰਦਰ ਬਾਂਸਲ, ਸੁਰਿੰਦਰ ਕੁਮਾਰ ਛਿੰਦੀ, ਦਵਿੰਦਰ ਦੀਪੂ, ਬਲਵੀਰ ਗਿਰੀ, ਰਾਕੇਸ਼ ਕੁਮਾਰ ਕੇਸ਼ਾ, ਪਵਨ ਕੁਮਾਰ ਕਾਲਾਂਵਾਲੀ ਵਾਲੇ, ਗਗਨਦੀਪ ਸ਼ਰਮਾਂ, ਮਨੋਹਰ ਲਾਲ ਗੰਗਾ ਵਾਲੇ, ਦੀਪਕ ਭਗਤ, ਕ੍ਰਿਸ਼ਨ ਕੁਮਾਰ ਲੀਲੂ, ਊਸ਼ਾ ਜਿੰਦਲ, ਕ੍ਰਿਸ਼ਨ ਜਿੰਦਲ, ਰਾਓ ਸੁਰਜੀਤ, ਮਲਕੀਤ ਰਾਏ ਜਾਲੀ ਵਾਲੇ ਅਤੇ ਪੁੰਨੀ ਸਾਊਂਡ ਜੈਤੋ ਆਦਿ ਹਾਜ਼ਿਰ ਸਨ।

# ਮਾਨ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤੇ ਬਜਟ ਨਾਲ ਸਰਕਾਰ ਵਿਰੁੱਧ ਮੁਲਾਜ਼ਮ ਪੈਨਸ਼ਨਰਜ ਵਰਗ ਵਿੱਚ ਫੈਲਿਆ ਭਾਰੀ ਰੋਸ :ਅਧਿਆਪਕ ਦਲ ਪੰਜਾਬ

**ਨਾਭਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਬਣੀ ਨੂੰ ਦੋ ਸਾਲ ਤੋਂ ਉੱਪਰ ਦਾ ਸਮਾਂ ਹੋ ਚੁੱਕਿਆ ਹੈ । ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਬਣਾਉਣ ਵਿੱਚ ਮੁਲਾਜ਼ਮ ਤੇ ਪੈਨਸ਼ਨਰਜ ਵਰਗ ਨੇ ਵੱਧ ਤੋਂ ਵੱਧ ਵੋਟਾ ਪਾ ਕੇ ਅਹਿਮ ਯੋਗਦਾਨ ਪਾਇਆ ਸੀ ।ਸਰਕਾਰ ਬਣਨ ਤੋਂ ਪਹਿਲਾਂ ਆਪ ਸੁਪਰੀਮੋ ਅਰਬਿੰਦ ਕਜਰੀਵਾਲ ਤੇ ਭਗਵੰਤ ਸਿੰਘ ਮਾਨ ਨੇ ਮੁਲਾਜ਼ਮ ਤੇ ਪੈਨਸ਼ਨਰਜ ਵਰਗ ਨੂੰ ਗਰੰਟੀ ਦਿੱਤੀ ਸੀ ਕਿ ਡੀ ਏ ਦੀਆਂ ਕਿਸ਼ਤਾਂ ਦਾ ਬਕਾਇਆ ਤੇ ਛੇਵੇਂ ਪੇ ਕਮਿਸ਼ਨ ਦਾ ਬਕਾਇਆ ਸਰਕਾਰ ਬਣਨ ਤੇ ਜਲਦੀ ਦਿੱਤਾ ਜਾਵੇਗਾ ਤੇ 4 9 14 ਸਕੀਮ ਮੁੜ ਚਾਲੂ ਕੀਤੀ ਜਾਵੇਗੀ ।ਮਾਨ ਸਰਕਾਰ ਤਿੰਨ ਬਜਟ ਪੇਸ਼ ਕਰ ਚੁੱਕੀ ਹੈ ਪਰ ਸਰਕਾਰ ਨੇ ਮੁਲਾਜ਼ਮ ਪੈਨਸ਼ਨਰਜ ਵਰਗ ਨੂੰ ਤਿੰਨੇ ਬਜਟਾਂ ਵਿੱਚ ਉਨ੍ਹਾਂ ਦੇ ਬਣਦੇ ਬਕਾਏ ਦੇਣ ਦੀ ਗਰੰਟੀ ਪੂਰੀ ਨਾ ਕਰਨ ਕਰਕੇ ਮੁਲਾਜ਼ਮ ਤੇ ਪੈਨਸ਼ਨਰਜ ਵਰਗ ਵਿੱਚ ਸਰਕਾਰ ਵਿਰੁੱਧ ਭਾਰੀ ਰੋਸ ਫੈਲ ਗਿਆ ਹੈ ਤੇ ਉਨਾਂ ਨੂੰ ਧਰਨੇ ਮੁਜ਼ਾਹਰੇ ਕਰਨ ਲਈ ਮਜਬੂਰ ਕਰ ਦਿੱਤਾ ਹੈ । ਪੰਜਾਬ ਵਿੱਚ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਜ ਨੂੰ ਪਹਿਲਾਂ ਮਿਲੇ ਪੰਜ ਪੇ ਕਮਿਸ਼ਨ ਸ਼੍ਰੋਮਣੀ ਅਕਾਲੀ ਦਲ ਬੀ ਜੇ ਪੀ ਦੀ ਸਰਕਾਰ ਨੇ ਲਾਗੂ ਕੀਤੇ ਤੇ ਸਾਰੇ ਬਕਾਏ ਅਦਾ ਕੀਤੇ। ਛੇਵਾਂ ਪੇ ਕਮਿਸ਼ਨ ਕਾਂਗਰਸ ਦੀ ਚੰਨੀ ਸਰਕਾਰ ਨੇ ਲਾਗੂ ਕੀਤਾ ਤੇ ਬਕਾਇਆ ਦੇਣ ਦਾ ਵੀ ਭਰੋਸਾ ਦਿੱਤਾ ਸੀ ।ਮਾਨ ਸਰਕਾਰ ਤੋਂ ਮੁਲਾਜ਼ਮ ਤੇ ਪੈਨਸ਼ਨਰਜ ਵਰਗ ਨੂੰ ਬਹੁਤ ਵੱਡੀਆਂ ਆਸਾਂ ਸਨ ਪਰ ਮੁਲਾਜ਼ਮ ਤੇ ਪੈਨਸ਼ਨਰਜ ਨੂੰ ਉਨਾਂ ਦੇ ਬਕਾਏ ਪੰਜਾਬ ਸਰਕਾਰ ਵੱਲੋਂ ਨਹੀਂ ਦਿੱਤੇ ਜਾ ਰਹੇ। ਆਪ ਸੁਪਰੀਮੋ ਅਰਬਿੰਦ ਕੇਜਰੀਵਾਲ ਪੰਜਾਬ ਵਿੱਚ ਰੈਲੀਆਂ ਕਰਕੇ ਦਾਅਵਾ ਕਰਦੇ ਹਨ ਕਿ ਮਾਨ ਸਹਿਬ ਨੇ ਦੋ ਸਾਲ ਵਿੱਚ ਖ਼ਜ਼ਾਨਾ ਭਰ ਦਿੱਤਾ ਹੈ ਤੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਵੀ ਆਪਣੇ ਭਾਸ਼ਣਾਂ ਵਿੱਚ ਕਹਿੰਦੇ ਰਹਿੰਦੇ ਹਨ ਕਿ ਸਰਕਾਰ ਦਾ ਖਜਾਨਾ ਕਦੇ ਖਾਲੀ ਨਹੀ ਹੁੰਦਾ ਬਸ ਦੇਣ ਵਾਲੇ ਦਾ ਦਿਲ ਸਾਫ ਹੋਣਾ ਚਾਹੀਦਾ ।



ਅਧਿਆਪਕ ਦਲ ਪੰਜਾਬ ਦੇ ਮੁੱਖ ਸਲਾਹਕਾਰ ਪਿਸ਼ੌਰਾ ਸਿੰਘ ਧਾਲੀਵਾਲ ਸੀਨੀ ਮੀਤ ਪ੍ਰਧਾਨ ਬਲਜੀਤ ਸਿੰਘ ਧਾਰੌਂਕੀ ਮੀਤ ਪ੍ਰਧਾਨ ਜਗਦੇਵ ਸਿੰਘ ਬੋੜਾ ਨਰਿੰਦਰ ਸਿੰਘ ਰੌਣੀ ਤੇ ਜਿਲਾ ਪ੍ਰਧਾਨ ਜਗਤਾਰ ਸਿੰਘ ਟਿਵਾਣਾ ਨੇ ਕਿਹਾ ਮਾਨਯੋਗ ਮੁੱਖ ਮੰਤਰੀ ਜੀ ਤੁਹਾਡਾ ਦਿਲ ਤਾਂ ਬਿਲਕੁੱਲ ਸਾਫ ਹੈ ਤੇ ਤੁਹਾਡੇ ਤੋਂ ਮੁਲਾਜ਼ਮ ਤੇ ਪੈਨਸ਼ਨਰਜ ਵਰਗ ਨੂੰ ਅਜੇ ਵੀ ਬਹੁੱਤ ਵੱਡੀਆਂ ਆਸਾਂ ਹਨ ਅਧਿਆਪਕ ਦਲ ਦੇ ਆਗੂਆਂ ਵੱਲੋਂ ਮਾਨ ਸਰਕਾਰ ਤੋਂ ਪੂਰਜੋਰ ਮੰਗ ਕੀਤੀ ਗਈ ਕਿ ਮੁਲਾਜ਼ਮ ਤੇ ਪੈਨਸ਼ਨਰਜ ਵਰਗ ਦੀਆ ਬਣਦੀਆ ਡੀ ਏ ਦੀਆਂ ਕਿਸ਼ਤਾਂ ਦੇ ਬਕਾਏ ਤੇ ਛੇਵੇਂ ਪੇ ਕਮਿਸ਼ਨ ਦੇ ਬਕਾਏ ਜਲਦੀ ਤੋਂ ਜਲਦੀ ਦੇ ਕੇ ਤੇ 4 9 14 ਸਕੀਮ ਮੁੜ ਚਾਲੂ ਕਰਕੇ ਸਰਕਾਰ ਵੱਲੋਂ ਦਿੱਤੀ ਗਈ ਗਰੰਟੀ ਨੂੰ ਪੂਰਾ ਕੀਤਾ ਜਾਵੇ । ਇਸ ਮੌਕੇ ਹਰਿੰਦਰ ਸਿੰਘ ਸੋਹੀ ਸੁਖਵਿੰਦਰਜੀਤ ਸਿੰਘ ਰੈਹਿਲ ਗੁਰਪ੍ਰੀਤ ਸਿੰਘ ਟਿਵਾਣਾ ਜਸਪਾਲ ਸਿੰਘ ਧਾਰੌਂਕੀ ਗੁਰਪ੍ਰੀਤ ਸਿੰਘ ਢਿੱਲੋ ਅਸ਼ੋਕ ਕੁਮਾਰ ਜਸਵਿੰਦਰ ਸਿੰਘ ਸੰਧੂ ਪਰਮਜੀਤ ਬਾਵਾ ਤਰਸੇਮ ਸਿੰਘ ਤੇਜਾ ਅਮਰੀਕ ਸਿੰਘ ਕੁਲਵੰਤ ਸਿੰਘ ਢਕੜੱਬਾ ਕ੍ਰਿਸ਼ਨ ਲਾਲ ਅੰਮ੍ਰਿਤਪਾਲ ਸਿੰਘ ਕਮੇਲੀ ਮਨਮੋਹਨ ਕੁਮਾਰ ਹਰਜਿੰਦਰ ਭਿੰਦੀ ਰਵਿੰਦਰ ਸੋਰੀ ਮੌਜੂਦ ਸਨ।

# ਸਰਕਾਰੀ ਕਾਲਜ ਮਾਛੀਵਾੜਾ ਵਿਖੇ ਬਦਲਦੇ ਜਲਵਾਯੂ ਦਾ ਔਰਤਾਂ ਉੱਤੇ ਪ੍ਰਭਾਵ ਵਿਸ਼ੇ 'ਤੇ ਕਰਵਾਇਆ ਗਿਆ ਸੈਮੀਨਾਰ

**ਮਾਛੀਵਾੜਾ ਸਾਹਿਬ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਛੀਵਾੜਾ ਸਾਹਿਬ ਸਥਿਤ ਸਰਕਾਰੀ ਕਾਲਜ ਵਿਖੇ ਪ੍ਰਿੰ. ਡਾ. ਪਰਮਿੰਦਰ ਗਿੱਲ ਜੀ ਦੀ ਰਹਿਨੁਮਾਈ ਹੇਠ ਅਤੇ ਪ੍ਰੋ: ਕਮਲਜੀਤ ਕੌਰ ਬਾਂਗਾ ਜੀ ਦੇ ਦਿਸ਼ਾ-ਨਿਰਦੇਸ਼ ਅਧੀਨ ਅਤੇ ਆਈ. ਸੀ.ਐੱਸ.ਐੱਸ ਆਰ ਦੇ ਸਹਿਯੋਗ ਨਾਲ ਇਕ ਰੋਜ਼ਾ ਰਾਸ਼ਟਰੀ ਬਦਲਦੇ ਜਲਵਾਯੂ ਦਾ ਔਰਤਾਂ ਉੱਪਰ ਪ੍ਰਭਾਵ ਵਿਸ਼ੇ ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ 9ਇਸ ਦੀ ਪ੍ਰਧਾਨਗੀ ਡਾ. ਰਾਜੇਸ਼ ਚੰਦਰ ਐਸੋਸੀਏਟ ਪ੍ਰੋ.ਵਿਮੈਨ ਸੱਟਡੀ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ ਨੇ ਕੀਤੀ ।

ਡਾ ਪਰਮਿੰਦਰ ਗਿੱਲ ਨੇ ਆਏ ਮਹਿਮਾਨਾ ਦਾ ਰਸਮੀ ਸਵਾਗਤ ਕਰਦੇ ਹੋਏ ਅਜਿਹੇ ਸੈਮੀਨਰ ਸਮੇ ਦੀ ਲੋੜ ਦੱਸੇ। ਡਾ ਰਾਜੇਸ਼ ਚੰਦਰ ਨੇ ਆਪਣੀ ਗੱਲਬਾਤ ਚ ਕਿਹਾ ਕਿ ਜਲਵਾਯੂ ਪਰਿਵਰਤਨ ਦਾ ਔਰਤਾਂ ਉਤੇ ਕਿਸ ਤਰ੍ਹਾਂ ਪ੍ਰਭਾਵ ਪੈਂਦਾ ਹੈ ਉਹਨਾਂ ਅਨੁਸਾਰ ਵਾਤਾਵਰਣ ਨੂੰ ਸੰਵਾਰਨ ਅਤੇ ਵਿਗਾੜਨ ਵਿਚ ਔਰਤਾਂ ਦੀ ਮੁੱਖ ਭੂਮਿਕਾ ਹੁੰਦੀ ਹੈ ਉਹਨਾਂ ਨੇ ਵਾਤਾਵਰਣ ਨੂੰ ਸਾਫ ਰੱਖਣ ਲਈ ਸੁਝਾਅ ਵੀ ਦਿੱਤੇ। ਡਾ. ਚਰਨਪ੍ਰੀਤ ਸਿੰਘ ਜੀ ਚੰਡੀਗੜ ਯੂਨੀਵਰਸਿਟੀ ਘੰੜੂਆ ਆਪਣੇ ਪੇਪਰ ਵਿੱਚ ਮੋਬਾਈਲ ਫੋਨ ਬਾਰੇ ਗੱਲ ਕਰਦਿਆਂ ਫੋਨ ਦੇ ਫਾਇਦੇ ਅਤੇ ਨੁਕਸਾਨ ਦੱਸੇ ਇਸ ਤੋਂ ਬਾਅਦ ਡਾ. ਯਸ਼ਮੀਨ ਸੋਫਤ ਏ.ਐੱਸ.ਕਾਲਜ ਖੰਨਾ ਨੇ ਵੀ ਆਪਣੇ ਵਿਚਾਰ ਵਾਤਾਵਾਰਣ ਵਿਚ ਔਰਤ ਦੀ ਭੂਮਿਕਾ ਬਾਰੇ ਦਿੱਤੇ ਇਹਨਾਂ ਤੋਂ ਇਲਾਵਾ ਕਮੇਟੀ ਮੈਂਬਰ ਸੁਰਿਦੰਰ ਕੁੰਦਰਾ , ਸ ਟਹਿਲ ਸਿੰਘ ਔਜਲਾ, ਸ.ਹਰਜਿੰਦਰ ਸਿੰਘ ਖੇੜਾ , ਪ੍ਰੋ ਬਲਜੀਤ ਸਿੰਘ, ਸ੍ਰੀਮਤੀ ਰਵਿੰਦਰ ਕੌਰ ਹੋਰਾਂ ਨੇ ਵੀ ਇਸ ਸੈਮੀਨਾਰ ਵਿੱਚ ਸ਼ਿਰਕਤ ਕੀਤੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਆਏ ਖੋਜਾਰਥੀਆਂ, ਅਲੱਗ ਅਲੱਗ ਵਿਦਿਅਕ ਅਦਾਰਿਆਂ ਤੋਂ ਆਏ ਵਿਦਿਆਰਥੀਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਇਸਦੇ ਨਾਲ-ਨਾਲ ਡਾ. ਧਰਮਿੰਦਰ ਹੋਰਾਂ ਵਲੋਂ ਸੈਮੀਨਾਰ ਦਾ ਆਨਲਾਇਨ ਸੈਸ਼ਨ ਵੀ ਕਰਵਾਇਆ ਗਿਆ। ਸਹਾਇਕ ਪ੍ਰੋ ਅਜੈ ਬੱਤਾ ਨੇ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ। ਸਮੂਹ ਸਟਾਫ ਦੇ ਸਹਿਯੋਗ ਸਦਕਾ ਸੈਮੀਨਾਰ ਸਫ਼ਲਤਾ ਪੂਰਵਕ ਸੰਪੰਨ ਹੋਇਆ ਇਸ ਲਈ ਪ੍ਰਿੰ. ਡਾ. ਪਰਮਿੰਦਰ ਗਿੱਲ ਜੀ ਨੇ ਸਮੂਹ ਸਟਾਫ ਨੂੰ ਵਧਾਈ ਦਿੱਤੀ

# ਮਾਮਲਾ ਸੀਨੀਅਰ ਦਲਿਤ ਅਧਿਕਾਰੀ ਨੂੰ ਪ੍ਰਮੋਸ਼ਨ ਨਾ ਦੇਣ ਦਾ; ਐਸ ਸੀ ਕਮਿਸ਼ਨ ਵੱਲੋਂ ਪੰਜਾਬੀ ਯੂਨੀਵਰਸਿਟੀ ਦੀ ਰਜਿਸਟਰਾਰ ਡਾ. ਨਵਜੋਤ ਕੋਰ ਤਲਬ

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੰਡੀਗੜ੍ਹ ਵੱਲੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਜਿਸਟਰਾਰ ਡਾ. ਨਵਜੋਤ ਕੌਰ ਨੂੰ ਯੂਨੀਵਰਸਿਟੀ ਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਸੀਨੀਅਰ ਲੋਕ ਸੰਪਰਕ ਅਧਿਕਾਰੀ ਡਾ. ਹਰਮਿੰਦਰ ਸਿੰਘ ਖੋਖਰ ਨੂੰ ਸਰਵ—ਉੱਚ ਯੋਗਤਾ, ਮੈਰਿਟ, ਸੀਨੀਆਰਤਾ, 31 ਸਾਲ ਦੇ ਤਜਰਬੇ ਅਤੇ 10 ਸਾਲਾਂ ਦੀਆਂ ਸਾਨਦਾਰ ਯੂਨੀਵਰਸਿਟੀ ਸੇਵਾਂਵਾ ਤੋ ਬਾਅਦ ਵੀ ਤਰੱਕੀ ਨਾ ਦੇਣ ਦੇ ਮਾਮਲੇ ਵਿੱਚ ਇੱਕ ਨੋਟਿਸ ਜਾਰੀ ਕਰਕੇ ਨਿੱਜੀ ਤੋਰ ਤੇ ਪੇਸ਼ ਹੋ ਕੇ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਸਾਲ 2014 ਤੋਂ ਲੋਕ ਸੰਪਰਕ ਅਫਸਰ ਵੱਜੋ ਤੈਨਾਤ, 1998 ਬੈਚ ਦੇ ਸਾਬਕਾ ਭਾਰਤੀ ਸੂਚਨਾ ਸੇਵਾ (ਆਈ.ਆਈ.ਐਸ) ਅਧਿਕਾਰੀ ਡਾ. ਹਰਮਿੰਦਰ ਸਿੰਘ ਖੋਖਰ ਨੇ ਕਮਿਸ਼ਨ ਨੂੰ ਭੇਜੀ ਇੱਕ ਸਿਕਾਇਤ ਵਿੱਚ ਦੋਸ਼ ਲਗਾਇਆ ਸੀ ਕਿ ਯੂਨੀਵਰਸਿਟੀ ਵੱਲੋਂ ਉਨ੍ਹਾਂ ਦੀ 23 ਸਾਲਾਂ ਦੀ ਯੂਨੀਵਰਸਿਟੀ, 3 ਸਾਲ ਤੋਂ ਵੱਧ ਦੀ ਭਾਰਤ ਸਰਕਾਰ ਦੀ ਸਰਵ—ਉੱਚ ਸੇਵਾ ਅਤੇ 5 ਸਾਲਾਂ ਦੇ ਪੱਤਰਕਾਰੀ ਦੇ ਤਜਰਬੇ ਦੇ ਬਾਵਜੂਦ ਪੰਜਾਬ ਸਰਕਾਰ ਦੇ ਨਿਯਮਾਂ ਤਹਿਤ ਉਨ੍ਹਾਂ ਨੂੰ ਡਿਪਟੀ ਡਾਇਰੈਕਟਰ ਵੱਜੋਂ ਤਰੱਕੀ ਨਹੀ ਦਿੱਤੀ ਜਾ ਰਹੀ । ਜਿਸ ਕਾਰਨ ਉਨ੍ਹਾਂ ਦੇ ਪ੍ਰੋਫੈਸ਼ਨਲ ਕੈਰੀਅਰ ਵਿੱਚ ਖੜੋਤ ਆ ਗਈ ਹੈ ਅਤੇ ਉਨ੍ਹਾਂ ਤੋਂ ਜੂਨੀਅਰ ਸਾਰੇ ਕਰਮਚਾਰੀ ਪ੍ਰਮੋਟ ਹੋ ਕੇ ਉਨ੍ਹਾਂ ਤੋਂ ਸੀਨੀਅਰ ਹੋ ਗਏ ਹਨ, ਜ਼ੋ ਕਿ ਬਹੁਤ ਹੀ ਨਮੋਸ਼ੀ ਭਰਿਆ ਅਤੇ ਨਿਰਾਸ਼ਾਜਨਕ ਹੈ।



ਡਾ. ਹਰਮਿੰਦਰ ਸਿੰਘ ਖੋਖਰ ਅਨੁਸਾਰ ਪੰਜਾਬੀ ਯੂਨੀਵਰਸਿਟੀ ਵੱਲੋਂ ਆਪਣੇ ਸਾਰੇ ਵਿਭਾਗਾਂ ਵਿੱਚ ਤਰੱਕੀਆਂ ਲਈ ਪੰਜਾਬ ਸਰਕਾਰ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਸਾਰੀਆਂ ਅਸਾਮੀਆਂ ਦੀ ਤਰੱਕੀ ਪੰਜਾਬ ਸਰਕਾਰ ਦੇ ਪੈਟਰਨ ਤੇ ਹੀ ਹੁੰਦੀ ਹੈ । ਡਾ. ਹਰਮਿੰਦਰ ਸਿੰਘ ਖੋਖਰ ਨੇ ਦੋਸ਼ ਲਗਾਇਆ ਕਿ ਇਸੇ ਨਿਯਮ ਤਹਿਤ ਪੰਜਾਬ ਸਰਕਾਰ ਦੇ ਸੂਚਨਾਂ ਅਤੇ ਲੋਕ ਸੰਪਰਕ ਵਿਭਾਗ ਦੀ ਪ੍ਰਮੋਸ਼ਨ ਪਾਲਿਸੀ ਪੰਜਾਬੀ ਯੂਨੀਵਰਸਿਟੀ ਵਿੱਚ ਲਾਗੂ ਹੁੰਦੀ ਹੈ, ਜਿਸ ਤਹਿਤ 5 ਸਾਲ ਦੀ ਸੇਵਾ ਉਪਰੰਤ ਉਨ੍ਹਾਂ ਨੂੰ ਸਾਲ 2019 ਵਿੱਚ ਬਤੋਰ ਡਿਪਟੀ ਡਾਇਰੈਕਟਰ ਤਰੱਕੀ ਦੇਣੀ ਬਣਦੀ ਸੀ, ਪ੍ਰੰਤੂ 10 ਸਾਲ ਦੀ ਸੇਵਾ ਦੇ ਬਾਵਜੂਦ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਆਪਣੀ ਤਰੱਕੀ ਲਈ ਉਨ੍ਹਾਂ ਵੱਲੋਂ ਕਈ ਵਾਰ ਯੂਨੀਵਰਸਿਟੀ ਦੇ ਵਾਈਸ—ਚਾਂਸ਼ਲਰ ਡਾ. ਅਰਵਿੰਦ ਅਤੇ ਰਜਿਸਟਰਾਰ ਡਾ. ਨਵਜੋਤ ਕੋਰ ਨੂੰ ਬੇਨਤੀ ਕੀਤੀ ਗਈ, ਪਰ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਦੀ ਬੇਨਤੀਆਂ ਤੇ ਕੋਈ ਕਾਰਵਾਈ ਨਹੀ ਕੀਤੀ ਗਈ । ਆਖਿਰ ਉਨ੍ਹਾਂ ਨੂੰ ਇਨਸਾਫ ਲੈਣ ਲਈ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦਾ ਦਰਵਾਜ਼ਾ ਖੜਕਾਉਣ ਲਈ ਮਜ਼ਬੂਰ ਹੋਣਾ ਪਿਆ।

ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਮਿਸ਼ਨ ਵੱਲੋ ਜਾਰੀ ਕੀਤੇ ਗਏ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਕਮਿਸ਼ਨ ਨੂੰ ਲੋਕ ਸੰਪਰਕ ਅਫਸਰ ਵੱਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਤੈਨਾਤ ਡਾ. ਹਰਮਿੰਦਰ ਸਿੰਘ ਖੋਖਰ ਨੂੰ ਪ੍ਰਮੋਸ਼ਨ ਨਾ ਦੇਣ ਸਬੰਧੀ ਇੱਕ ਸ਼ਿਕਾਇਤ ਪ੍ਰਾਪਤ ਹੋਈ ਹੈ ਅਤੇ ਕਮਿਸ਼ਨ ਵੱਲੋ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਐਕਟ 2004 ਦੀ ਧਾਰਾ 10 ਤਹਿਤ ਪ੍ਰਦਾਨ ਸ਼ਕਤੀਆਂ ਦੇ ਸਨਮੁੱਖ ਇਸ ਸਿਕਾਇਤ ਦੀ ਪੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ । ਨੋਟਿਸ ਵਿੱਚ ਕਿਹਾ ਗਿਆ ਹੈ ਕਿ ਇਸ ਸਬੰਧੀ ਸਿਕਾਇਤ ਦੀ ਸੁਣਵਾਈ 20 ਮਾਰਚ, 2024 ਨੂੰ ਨਿਰਧਾਰਤ ਕੀਤੀ ਗਈ ਹੈ ਅਤੇ ਇਹ ਸੁਣਵਾਈ ਪੰਜਾਬ ਸਿਵਲ ਸਕੱਤਰੇਤ ਸਥਿਤ ਕਮਿਸ਼ਨ ਦੇ ਦਫਤਰ ਵਿਖੇ ਕੀਤੀ ਜਾਵੇਗੀ । ਕਮਿਸ਼ਨ ਵੱਲੋ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਨਵਜੋਤ ਕੋਰ ਨੂੰ ਇਸ ਸਬੰਧੀ ਤੱਥਾਂ ਅਤੇ ਸੂਚਨਾਂ ਦੀ ਰਿਪੋਰਟ ਖੁਦ ਪੇਸ਼ ਹੋ ਕੇ ਦੇਣ ਦੇ ਆਦੇਸ਼ ਕੀਤੇ ਗਏ ਹਨ।

ਕਮਿਸ਼ਨ ਵੱਲੋ ਜਾਰੀ ਇਸ ਨੋਟਿਸ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਨਵਜੋਤ ਕੋਰ ਨੂੰ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਜੇਕਰ ਕਮਿਸ਼ਨ ਦੇ ਆਦੇਸ਼ਾਂ ਦੀ ਪਾਲਣਾ ਨਹੀ ਕੀਤੀ ਗਈ ਤਾਂ ਕਮਿਸ਼ਨ ਵੱਲੋ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਐਕਟ 2004 ਦੀ ਧਾਰਾ 10 ਤਹਿਤ ਪ੍ਰਦਾਨ ਸਿਵਲ ਅਦਾਲਤ ਦੀਆਂ ਸ਼ਕਤੀਆਂ ਦੀ ਵਰਤੋਂ ਕੀਤੀ ਜਾਵੇਗੀ।

ਕਮਿਸ਼ਨ ਵੱਲੋਂ ਇਸ ਗੰਭੀਰ ਮਾਮਲੇ ਨੂੰ ਪਰਮ ਅਗੇਤ ਦੇਣ ਲਈ ਵੀ ਯੂਨੀਵਰਸਿਟੀ ਦੇ ਰਜਿਸਟਰਾਰ ਨੂੰ ਆਦੇਸ਼ ਕੀਤੇ ਗਏ ਹਨ।

# ਪਟਿਆਲਾ ਜ਼ਿਲ੍ਹੇ ਦੇ ਅਸਲਾ ਧਾਰਕ 22 ਮਾਰਚ ਸ਼ਾਮ 5 ਵਜੇ ਤੱਕ ਆਪਣਾ ਅਸਲਾ ਲਾਜ਼ਮੀ ਜਮ੍ਹਾ ਕਰਵਾਉਣ : ਵਧੀਕ ਜ਼ਿਲ੍ਹਾ ਮੈਜਿਸਟਰੇਟ

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਪਟਿਆਲਾ ਜ਼ਿਲ੍ਹੇ ਦੇ ਅਸਲਾ ਧਾਰਕਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਆਪਣਾ ਲਾਇਸੈਂਸੀ ਅਸਲਾ ਲੋਕਲ ਥਾਣੇ ਵਿੱਚ ਜਾਂ ਲਾਇਸੰਸੀ ਅਸਲਾ ਡੀਲਰਾਂ ਪਾਸ 22 ਮਾਰਚ 2024 ਸ਼ਾਮ 5 ਵਜੇ ਤੱਕ ਹਰ ਹਾਲ ਜਮ੍ਹਾ ਕਰਵਾਉਣ।

ਵਧੀਕ ਜ਼ਿਲ੍ਹਾ ਮੈਜਿਸਟਰੇਟ -ਕਮ-ਵਧੀਕ ਡਿਪਟੀ ਕਮਿਸ਼ਨਰ ਮੈਡਮ ਕੰਚਨ ਨੇ ਲੋਕ ਸਭਾ ਚੋਣ ਅਮਲ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਫ਼ੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 15 ਮਈ 2024 ਤੱਕ ਲਾਗੂ ਰਹਿਣ ਵਾਲੇ ਇਕ ਤਰਫਾ ਹੁਕਮ ਜਾਰੀ ਕੀਤੇ ਹਨ।

ਮੈਡਮ ਕੰਚਨ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਪਟਿਆਲਾ ਵਿੱਚ ਅਮਨ ਸ਼ਾਂਤੀ ਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ, ਲੋਕ ਹਿਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਅਤੇ ਹੋਣ ਵਾਲੀਆਂ ਚੋਣਾਂ ਨੂੰ ਸੁਚੱਜੇ ਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਸਲਾਧਾਰੀਆਂ ਪਾਸੋਂ ਉਨ੍ਹਾਂ ਦੇ ਅਸਲੇ ਨੂੰ ਜਮ੍ਹਾ ਕਰਵਾਉਣਾ ਜ਼ਰੂਰੀ ਹੈ ਤਾਂ ਕਿ ਕਿਸੇ ਤਰ੍ਹਾਂ ਦੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਜ, ਬਾਵਰਦੀ ਪੁਲਿਸ ਕਰਮਚਾਰੀਆਂ ਅਤੇ ਬੈਂਕਾਂ 'ਚ ਗਾਰਡ ਦੀ ਨੌਕਰੀ ਕਰਦੇ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਣਗੇ।

# ਲੋਕਧਾਰਾ ਦੀ ਗੁੜ੍ਹਤੀ ਲੋਰੀਆਂ



ਸੁਖਦੇਵ ਮਾਦਪੁਰੀ
94630-34472

ਮਨੁੱਖ ਮਾਤਰ ਦੇ ਮਾਨਸਿਕ ਅਤੇ ਬੌਧਕ ਵਿਕਾਸ ਵਿਚ ਲੋਕਧਾਰਾ ਦੀ ਅਹਿਮ ਭੂਮਿਕਾ ਹੈ। ਇਹ ਮਨੋਰੰਜਨ ਦਾ ਮੁੱਖ ਸਾਧਨ ਹੀ ਨਹੀਂ ਬਲਕਿ ਇਸ ਰਾਹੀਂ ਸਦਾਚਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਵੀ ਹੁੰਦਾ ਹੈ ਅਤੇ ਜੀਵਨ ਜਾਚ ਵੀ ਆਉਂਦੀ ਹੈ। ਲੋਰੀਆਂ ਪੰਜਾਬੀ ਲੋਕਧਾਰਾ ਦਾ ਅਨਿੱਖੜਵਾਂ ਅੰਗ ਹਨ ਜੋ ਬੱਚੇ ਨੂੰ ਬਚਪਨ ਸਮੇਂ ਦਿੱਤੀਆਂ ਜਾਂਦੀਆਂ ਹਨ। ਲੋਰੀਆਂ ਨੂੰ ਲੋਕਧਾਰਾ ਦੀ ਗੁੜ੍ਹਤੀ ਵੀ ਕਹਿ ਸਕਦੇ ਹਾਂ। ਜਨਮ ਸਮੇਂ ਬਾਲਕ ਨੂੰ ਵੱਡੀ ਹਰੜ, ਸਨਾਂ, ਇੰਦ੍ਵ, ਜੌਂ, ਅਮਲਤਾਸ ਦੀ ਗੁੱਦ, ਜਵਾਇਣ, ਸੌਂਫ ਅਤੇ ਮੁਨੱਕਾ ਦਾਖ ਦੇ ਮੇਲ ਨਾਲ ਬਣਾਏ ਘੋਲ ਦੀ ਜਿਹੜੀ ਘੁੱਟ ਪਲਾਈ ਜਾਂਦੀ ਹੈ ਉਸ ਨੂੰ ਜੰਮਣ ਘੁੱਟੀ ਅਥਵਾ ਗੁੜ੍ਹਤੀ ਆਖਦੇ ਹਨ। ਇਸ ਨਾਲ ਬਾਲਕ ਦੀਆਂ ਅੰਤੜੀਆਂ ਦੀ ਸਫ਼ਾਈ ਹੋ ਜਾਂਦੀ ਹੈ। ਬਚਪਨ ਵਿਚ ਲੋਰੀਆਂ ਦੀ ਪੀਤੀ ਘੁੱਟ ਸਦਕਾ ਬੱਚਾ ਵੱਡਾ ਹੋ ਕੇ ਸਦਾ-ਸਦਾ ਲਈ ਲੋਕਧਾਰਾ ਦਾ ਰਸ ਚੱਖਣ ਲੱਗ ਜਾਂਦਾ ਹੈ।

### ਮਧੁਰ ਸੁਰ ਤੇ ਲੈਅ

ਮਾਵਾਂ ਆਪਣੇ ਬੱਚਿਆਂ ਨੂੰ ਪਰਚਾਉਣ ਲਈ ਮਧੁਰ ਸੁਰ ਅਤੇ ਲੈਅ ਵਿਚ ਜਿਹੜੇ ਗੀਤ ਗਾਉਂਦੀਆਂ ਹਨ ਉਨ੍ਹਾਂ ਨੂੰ ਲੋਰੀਆਂ ਆਖਦੇ ਹਨ। ਲੋਰੀਆਂ ਪੰਜਾਬੀ ਲੋਕ ਗੀਤਾਂ ਦਾ ਅਨਿੱਖੜਵਾਂ ਅੰਗ ਹਨ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਵਿਚ ਉਪਲਬਧ ਹਨ। ਹਰ ਦੇਸ਼ ਦੀਆਂ ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਲੋਰੀਆਂ ਦੇ ਕੇ ਦੁਲਾਰਦੀਆਂ ਤੇ ਪੁਚਕਾਰਦੀਆਂ ਹਨ। ਬੱਚਿਆਂ ਬਿਨਾਂ ਕਾਹਦਾ ਘਰ ? ਬੱਚਤ ਤਾਂ ਘਰਾਂ ਦੀਆਂ ਰੌਣਕਾਂ ਹੁੰਦੀਆਂ ਹਨ। ਜਿਸ ਘਰ ਵਿੱਚੋਂ ਬੱਚਿਆਂ ਦੀਆਂ ਕਲਕਾਰੀਆਂ ਸੁਣਾਈ ਨਹੀਂ ਦਿੰਦੀਆਂ ਉਹ ਘਰ ਇੱਟਾਂ ਦੀ ਚਾਰ ਦਿਵਾਰੀ ਤੋਂ ਵੱਧ ਕੁਝ ਨਹੀਂ ਹੁੰਦਾ। ਬੱਚਿਆਂ ਵਿਚ ਮਾਪਿਆਂ ਦੇ ਭਵਿੱਖ ਦੀਆਂ ਕਾਮਨਾਵਾਂ ਤੇ ਰੀਝਾਂ ਸਮੋਈਆਂ ਹੁੰਦੀਆ ਹਨ। ਇਹ ਉਹ ਅਮੁੱਲ ਸਰਮਾਇਆ ਹਨ ਜਿਨ੍ਹਾਂ ਦਾ ਧੰਨ-ਦੌਲਤ ਨਾਲ ਕੋਈ ਟਾਕਰਾ ਨਹੀਂ। ਬੇਔਲਾਦ ਮਾਪੇ ਔਲਾਦ ਲਈ ਝੂਰਦੇ ਹਨ। ਉਹ ਪੁੱਤਰ ਦੀ ਪ੍ਰਾਪਤੀ ਲਈ ਕੀ ਕੀ ਜ਼ਫਰ ਨਹੀਂ ਜਾਲਦੇ। ਉਹ ਮੰਨਤਾਂ ਮੰਨਦੇ, ਸਾਧਾਂ ਸੰਤਾਂ ਦੇ ਡੇਰਿਆਂ ’ਤੇ ਜਾ ਕੇ ਸੁੱਖਾਂ ਸੁੱਖਦੇ ਅਤੇ ਪੀਰਾਂ ਫ਼ਕੀਰਾਂ ਦੀਆਂ ਕਬਰਾਂ ’ਤੇ ਮੱਥੇ ਰਗੜਦੇ ਹਨ।

### ਔਰਤ ਦੀ ਜ਼ਿੰਦਗੀ

ਸਾਡੇ ਸਮਾਜ ਵਿਚ ਬਾਂਝ ਔਰਤ ਨੂੰ ਮਾੜੀ ਨਜ਼ਰ ਨਾਲ ਵੇਖਿਆ ਜਾਂਦਾ ਹੈ! ਔਰਤ ਦੀ ਜ਼ਿੰਦਗੀ ਬੱਚੇ ਨਾਲ ਜੁੜੀ ਹੋਈ ਹੈ। ਉਸ ਨੂੰ ਪਤੀ ਦਾ ਪਿਆਰ ਅਤੇ ਸਹੁਰੇ ਘਰ ਦਾ ਸਤਿਕਾਰ ਤਦ ਹੀ ਮਿਲਦਾ ਹੈ ਜੇਕਰ ਉਹਦੀ ਗੋਦੀ ਵਿਚ ਬਾਲ ਖੇਡਦਾ ਹੋਵੇ। ਵਿਆਹੇ ਜਾਣ ’ਤੇ ਕਈ ਵਰ੍ਹਿਆਂ ਮਗਰੋਂ ਕੁੜੀ ਦੇ ਮੁੰਡਾ ਜੰਮਣ ਤੇ ਸਿਆਣੀਆਂ ਬੁੜ੍ਹੀਆਂ ਅਕਸਰ ਕਹਿੰਦੀਆਂ ਹਨ, ‘ਭਾਈ ਹੁਣ ਕੁੜੀ ਦਾ ਸਹੁਰੇ-ਘਰ ਵਸੇਵਾ ਹੋ ਜੂ?’ ਗੋਦ ਹਰੀ ਹੋਣ ਤੇ ਔਰਤ ਇਕ ਤਰ੍ਹਾਂ ਦੀ ਵਿਸ਼ੇਸ਼ ਸੰਤੁਸ਼ਟੀ ਪ੍ਰਾਪਤ ਕਰਦੀ ਹੈ। ਇਹੋ ਕਾਰਨ ਹਨ ਕਿ ਮੰਨਤਾਂ ਨਾਲ ਪ੍ਰਾਪਤ ਕੀਤੇ ਲਾਲ ਦੀ ਬੜੀਆਂ ਰੀਝਾਂ ਨਾਲ ਪਾਲਣਾ-ਪੋਸ਼ਣਾ ਕੀਤੀ ਜਾਂਦੀ ਹੈ। ਉਸ ਦੀਆਂ ਤੋਤਲੀਆਂ ਗੱਲਾਂ ਅਤੇ ਗੁੱਝੇ ਇਸ਼ਾਰੇ ਮਾਂ ਨੂੰ ਰੁਝਾਈ ਰੱਖਦੇ ਹਨ। ਉਹ ਉਸ ਨੂੰ ਸੁਲਾਉਣ, ਦੁੱਧ ਚੁੰਘਾਉਣ, ਨਹਿਲਾਉਣ ਅਤੇ ਜਗਾਉਣ ਸਮੇਂ ਮਧੁਰ ਸੁਰ ਤੇ ਲੈ ਵਿਚ ਅਨੇਕਾਂ ਲੋਰੀਆਂ ਦਿੰਦੀ ਹੋਈ ਮਾਨਸਿਕ ਰੱਜ ਅਤੇ ਅਨੰਦ ਪ੍ਰਾਪਤ ਕਰਦੀ ਹੈ।

ਕੇਵਲ ਮਾਂ ਹੀ ਆਪਣੇ ਲਾਲ ਨੂੰ ਲੋਰੀਆਂ ਨਹੀਂ ਦਿੰਦੀ ਬਲਕਿ ਬੱਚੇ ਦੀ ਵੱਡੀ ਭੈਣ, ਦਾਦੀ, ਤਾਈ, ਚਾਚੀ, ਭੂਆ, ਨਾਨੀ, ਮਾਸੀ ਤੇ ਮਾਮੀ ਵੀ ਲਾਲ ਨੂੰ ਲਾਡ ਲਡਾਉਣ ਸਮੇਂ ਅਨੇਕ ਪ੍ਰਕਾਰ ਦੀਆਂ ਖੇਡਾਂ ਖਿਡਾਉਂਦੀਆਂ ਹੋਈਆਂ ਲੋਰੀਆਂ ਦਿੰਦੀਆਂ ਹਨ।

### ਕੱਚਾ ਮਿੱਠਾ ਖਾਣਾ

ਲੋਰੀਆਂ ਕੇਵਲ ਬੱਚੇ ਨੂੰ ਸੁਆਉਣ ਲਈ ਹੀ ਨਹੀਂ ਗਾਈਆਂ ਜਾਂਦੀਆ ਬਲਕਿ ਉਨ੍ਹਾਂ ਨੂੰ ਜਗਾਉਣ ਲਈ ਵੀ ਗਾਈਆਂ ਜਾਂਦੀਆਂ ਹਨ। ਕਈ ਵਾਰ ਕੱਚਾ ਮਿੱਠਾ ਖਾਣ ਕਰਕੇ ਬੱਚਿਆਂ ਦੀਆਂ ਅੱਖਾਂ ਤੇ ਗਿੱਡ ਜੰਮ ਜਾਂਦੀ ਹੈ ਤੇ ਸਵੇਰੇ ਉੱਠਣ ਸਮੇਂ ਖੁੱਲ੍ਹਦੀਆਂ ਨਹੀਂ, ਪੀੜ ਹੁੰਦੀ ਹੈ। ਉਹ ਰੋਂਦੇ ਹਨ ਤੇ ਰਿਹਾੜ ਕਰਦੇ ਹਨ। ਮਾਂ ਉਸ ਦੀ ਗਿੱਡ ਲਾਹੁਣ ਲਈ ਆਪਣੀਆਂ ਹਥੇਲੀਆਂ ਨੂੰ ਗਿੱਲਾ ਕਰ ਕੇ ਬੱਚੇ ਦੀਆਂ ਅੱਖਾਂ ਨੂੰ ਗਿੱਲੀ ਤਲੀ ਨਾਲ ਹੌਲੀ-ਹੌਲੀ ਪਲੋਸ ਕੇ ਗਿੱਡ ਲਾਹੁਦੀ ਹੈ ਤੇ ਬੱਚੇ ਦਾ ਧਿਆਨ ਪੀੜ ਤੋਂ ਹਟਾਉਣ ਲਈ ਇਹ ਲੋਰੀ ਗਾਉਂਦੀ ਹੈ :

ਚੀਚੀ-ਚੀਚੀ ਕੋਕੋ ਖਾਵੇ
ਦੁੱਧ ਮਲਾਈਆਂ ਕਾਕਾ ਖਾਵੇ
ਘੋੜੀ ਦਾ ਵਛੇਰਾ ਖਾਵੇ...



ਵੱਖ-ਵੱਖ ਅੰਗਾਂ ਨੂੰ ਸਹਿਲਾਉਂਦੇ ਹੋਏ ਆਖਦੇ ਹਨ। ‘ਏਥੇ ਸੀ’, ‘ਏਥੇ ਸੀ’ ਤੇ ਅੰਤ ਵਿਚ ਉਸ ਦੀਆਂ ਬਗਲਾਂ ’ਚ ਕੁਤਕੁਤਾੜੀਆਂ ਕੱਢ ਕੇ ਆਖਦੇ ਹਨ, ‘ਲੱਭ ਗਿਆ ਬਾਈ ਲੱਭ ਗਿਆ’, ਬੱਚਾ ਖ਼ੂਬ ਖਿੜ-ਖਿੜਾ ਕੇ ਹੱਸਦਾ ਹੋਇਆਂ ਕਿਲਕਾਰੀਆਂ ਮਾਰਦਾ ਹੈ।

ਛੋਟੇ-ਬੱਚੇ ਅਕਸਰ, ‘ਝੂਟੇ ਮਾਂਟੇ’, ਲੈਣ ਵਿਚ ਖ਼ਾਸ ਅਨੰਦ ਤੇ ਖ਼ੁਸ਼ੀ ਮਹਿਸੂਸ ਕਰਦੇ ਹਨ। ਮਾਂ ਜਾਂ ਵੱਡੀ ਭੈਣ ਬੱਚੇ ਨੂੰ ਲੈ ਕੇ ਮੰਜੇ ’ਤੇ ਸਿੱਧੀ ਪਿੱਠ ਭਰਨੇ ਲੇਟ ਜਾਂਦੀ ਹੈ। ਇਸ ਮਗਰੋਂ ਉਹ ਆਪਣੇ ਦੋਨੋਂ ਗੋਡੇ ਆਪਣੇ ਢਿੱਡ ਨਾਲ ਲਾ ਲੈਂਦੀ ਹੈ। ਬੱਚਾ ਉਹਦੇ ਪੈਰਾਂ ’ਤੇ ਬਹਿ ਕੇ ਉਹਦੇ ਦੋਵੇਂ ਗੋਡੇ ਫੜ ਲੈਂਦਾ ਹੈ। ਇਸ ਮਗਰੋਂ ਮਾਂ ਜਾਂ ਭੈਣ ਆਪਣੇ ਗੋਡਿਆਂ ਨੂੰ ਅੱਗੇ ਪਿੱਛੇ ਕਰਦੀ ਹੋਈ ਹੁਲਾਰੇ ਦਿੰਦੀ ਹੈ ਤੇ ਨਾਲ ਹੀ ਇਹ ਲੋਰੀ ਗਾਉਂਦੀ ਹੈ :

ਹੂਟੇ ਮਾਈਆਂ
ਪੀਘਾਂ ਚੜ੍ਹਾਈਆਂ
ਪੀਘਾਂ ਚੜ੍ਹਾਈਆਂ...

ਇਸ ਤਰ੍ਹਾਂ ਕਈ ਵਾਰ ਕਰਨ ਮਗਰੋਂ ਬੱਚੇ ਤੋਂ ਪੁੱਛਿਆਂ ਜਾਂਦਾ ਹੈ, ‘ਦਾਦੀ ਵੇਖਣੀ ਏ ਜਾਂ ਨਾਨੀ, ਮਾਮਾ ਕਿ ਮਾਮੀ’ ਆਦਿ। ਬੱਚਾ ਕਿਸੇ ਦਾ ਨਾਂ ਲੈਂਦਾ ਏ ਤਾਂ ਮਾਂ ਜਾਂ ਭੈਣ ਬੱਚੇ ਸਮੇਤ ਆਪਣੀਆਂ ਲੱਤਾਂ ਖੋਹਲ ਕੇ ਉੱਚੀਆਂ ਅਸਮਾਨ ਵੱਲ ਚੁੱਕ ਲੈਂਦੀ ਹੈ ਤੇ ਬੱਚੇ ਦਾ ਮੂੰਹ ਥੱਲੇ ਤੇ ਲੱਤਾਂ ਉਤਾਂਹ ਹੋ ਜਾਂਦੀਆਂ ਹਨ ਤੇ ਉਹ ਖਿੜਖਿੜਾ ਕੇ ਹੱਸਣ ਲੱਗ ਜਾਂਦਾ ਹੈ ਤੇ ਮਾਂ ਪੁੱਛਦੀ ਏ : ‘ਮਾਮਾ ਦੇਖ ਲਿਆ’ ਬੱਚਾ ਅੱਗੋਂ ‘ਹਾਂ ਵੇਖ ਲਿਆ’

*ਲੋਰੀਆਂ ਪੰਜਾਬੀ ਲੋਕ ਗੀਤਾਂ ਦਾ ਅਨਿੱਖੜਵਾਂ ਅੰਗ ਹਨ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਵਿਚ ਉਪਲੱਬਧ ਹਨ। ਹਰ ਦੇਸ਼ ਦੀਆਂ ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਲੋਰੀਆਂ ਦੇ ਕੇ ਦੁਲਾਰਦੀਆਂ ਤੇ ਪੁਚਕਾਰਦੀਆਂ ਹਨ...*

### ਕੁਤਕੁਤਾੜੀਆਂ

ਬੱਚਾ ਕੁਤਕੁਤਾੜੀਆਂ ਕੱਢਵਾ ਕੇ ਬਹੁਤ ਖ਼ੁਸ਼ ਹੁੰਦਾ ਹੈ। ਮਾਂ ਬੱਚੇ ਨੂੰ ਮੰਜੇ ਜਾਂ ਮੰਜੀ ’ਤੇ ਪਿੱਠ ਭਰਨੇ ਪਾ ਕੇ ਉਸ ਨੂੰ ਲਾਡ ਲਡਾਉਂਦੀ ਹੋਈ ਉਸ ਦੇ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਆਪਣੀਆਂ ਉਂਗਲਾਂ ਨਾਲ ਸਹਿਲਾਉਂਦੀ ਹੋਈ ਲੋਰੀ ਦੇ ਬੋਲ ਬੋਲਦੀ ਹੈ :

ਕਾਕੇ ਦੀ ਕੱਛ ਵਿਚ
ਗੋਹ ਬੜਗੀ
ਮੈਂ ਲੱਗੀ ਕੱਢਣ
ਇਕ ਹੋਰ ਬੜਗੀ...

ਤੇ ਨਾਲ ਹੀ ਉਹਦੀਆਂ ਬਗਲਾਂ ’ਚ ਦੋਨੋਂ ਹੱਥ ਪਾ ਕੇ ਕੁਤਕੁਤਾੜੀਆਂ ਕੱਢਦੀ



ਹੈ ਤੇ ਬੱਚਾ ਖ਼ੂਬ ਖਿੜਖਿੜਾ ਕੇ ਹੱਸਦਾ ਹੈ। ਇਹ ਖੇਡ ਕਈ ਵਾਰ ਦੁਹਰਾਈ ਜਾਂਦੀ ਹੈ। ਇਸ ਖੇਡ ਨਾਲ ਸਬੰਧਿਤ ਹੋਰ ਲੋਰੀਆਂ ਹਨ :

ਇੱਥੇ ਮੋਰੀ ਖੰਡ ਸੀ
ਇੱਥੇ ਮੇਰਾ ਘਿਉ ਸੀ
ਇੱਥੇ ਮੇਰਾ ਦੁੱਧ ਸੀ
ਇੱਥੇ ਮੇਰੀ ਮਧਾਣੀ ਸੀ
ਕਾਕੇ ਦਾ ਘਰ ਲੱਭਦਿਆਂ
ਲੱਭਦਿਆਂ ਲੱਭ ਗਿਆ...

### ਖਿੜਖਿੜਾ ਕੇ ਹੱਸਣਾ

ਐਨੇ ਬੋਲ ਬੋਲਣ ਮਗਰੋਂ ਬੱਚੇ ਦੇ ਆਖਦਾ ਹੈ ਤੇ ਇਸ ਮਗਰੋਂ ਬੱਚੇ ਨੂੰ ਥੱਲੇ ਲਾਹ ਲਿਆ ਜਾਂਦਾ ਹੈ। ਇਸ ਤਰ੍ਹਾਂ ਇਹ ਖੇਡ ਕਈ ਵਾਰ ਦੁਹਰਾਈ ਜਾਂਦੀ ਹੈ।

### ਮਸ਼ੀਨੀ ਸੱਭਿਅਤਾ

ਮਸ਼ੀਨੀ ਸੱਭਿਅਤਾ ਦੇ ਵਿਕਾਸ ਦੇ ਪ੍ਰਭਾਵ ਜੀਵਨ ਦੇ ਹਰ ਖੇਤਰ ’ਤੇ ਪਿਆ ਹੈ। ਲੋਰੀਆਂ ਦੇਣ ਦੀ ਪਰੰਪਰਾ ਖ਼ਤਮ ਹੁੰਦੀ ਜਾ ਰਹੀ ਹੈ। ਜਿਸ ਕਰਕੇ ਲੋਰੀਆਂ ਦੀ ਸਿਰਜਣ ਪ੍ਰਕਿਰਿਆ ਵੀ ਖ਼ਤਮ ਹੋ ਰਹੀ ਹੈ। ਇਹ ਪੰਜਾਬੀ ਲੋਕ ਸਾਹਿਤ ਦਾ ਵੱਡਮੁੱਲਾ ਭਾਗ ਹਨ ਇਨ੍ਹਾਂ ਨੂੰ ਸਾਂਭਣ ਦੀ ਅਤਿਅੰਤ ਲੋੜ ਹੈ। •

### ਲੋਕ ਸਾਹਿਤ ਦਾ ਵੱਡਮੁੱਲਾ ਭਾਗ

ਪੰਜਾਬ ਦੇ ਪਿੰਡਾਂ ਵਿਚ ਮੁੱਖ ਧੰਦਾ ਖੇਤੀਬਾੜੀ ਹੋਣ ਕਰਕੇ ਘਰ ਦਾ ਤੇ ਬਾਹਰ ਦਾ ਬਹੁਤ ਸਾਰਾ ਕੰਮ ਜਨਾਨੀਆਂ ਨੂੰ ਕਰਨਾ ਪੈਂਦਾ ਹੈ। ਕਈ ਵਾਰ ਬੱਚੇ ਮਾਵਾਂ ਨੂੰ ਕੰਮ ਕਰਨ ਵਿਚ ਅਟਕਾਰ ਪਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਜਲਦੀ ਸੁਲਾਉਣ ਲਈ ਲੋਰੀਆਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾ ਲੋਰੀਆਂ ਵਿਚ ਵਰਤੇ ਸ਼ਬਦਾ ਦੀ ਤਰਤੀਬ ਇਸ ਤਰ੍ਹਾਂ ਹੁੰਦੀ ਏ ਕਿ ਗਾਉਣ ਸਮੇਂ ਉਹ ਅਜਿਹੀ ਮਧੁਰ ਸੁਰ ਤੇ ਲੈ ਪੈਦਾ ਕਰਦੇ ਨੇ ਜਿਸ ਨਾਲ ਬੱਚੇ ਦੀਆਂ ਅੱਖਾਂ ਤੇ ਨੀਂਦਰ ਭਾਰੂ ਹੋ ਜਾਂਦੀ ਹੈ। ਉਹ ਗੂੜ੍ਹੀ ਨੀਂਦ ਦੇ ਹੂਟੇ ਲੈਣ ਲੱਗ ਜਾਂਦਾ ਹੈ। ਇਨ੍ਹਾਂ ਲੋਰੀਆਂ ਵਿਚ ਪੰਜਾਬ ਦਾ ਜਨ ਜੀਵਨ ਓਤ-ਪੋਤ ਹੈ।

---

ਸੋਫ਼ੀਆ ਨੇ ਫ਼ੈਸਲਾ ਕੀਤਾ ਕਿ ਜਦੋਂ ਤਕ ਔਰਤਾਂ ਨੂੰ ਵੋਟ ਦਾ ਅਧਿਕਾਰ ਨਹੀਂ ਮਿਲਦਾ, ਓਨਾ ਚਿਰ ਉਹ ਕਿਸੇ ਕਿਸਮ ਦਾ ਟੈਕਸ ਨਹੀਂ ਦੇਵੇਗੀ...

# ਨਾਰੀਵਾਦੀ ਔਰਤ ਸੋਫ਼ੀਆ ਦਲੀਪ ਸਿੰਘ



ਡਾ. ਜੋਗਿੰਦਰ ਸਿੰਘ ਕੈਰੋਂ

ਸੋਫ਼ੀਆ ਮਹਾਰਾਜਾ ਦਲੀਪ ਸਿੰਘ ਦੀ ਸਭ ਤੋਂ ਛੋਟੀ ਧੀ ਸੀ ਜਾਂ ਕਹਿ ਲਿਆ ਜਾਵੇ ਕਿ ਇਹ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸੀ। ਇਸ ਦਾ ਜਨਮ 8 ਅਗਸਤ, 1876 ਇੰਗਲੈਂਡ ਵਿਚ ਹੋਇਆ ਸੀ। ਇਸ ਦੀ ਮਾਤਾ ਦਾ ਨਾਂ ਬਾਂਬਾ ਮੂਲਰ ਸੀ। ਇਸ ਦਾ ਪੂਰਾ ਨਾਂ ਸੋਫ਼ੀਆ ਅਲੈਗਜੈਂਡਰਾ ਸੀ। ਮਾਂ ਦੀ ਮੌਤ ਤੋਂ ਬਾਅਦ ਇਸ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਮਲਿਕਾ ਵਿਕਟੋਰੀਆ ਨੇ ਆਪਣੇ ਸਿਰ ਲੈ ਲਈ ਸੀ। ਜਦ ਸੋਫ਼ੀਆ ਕੁਝ ਵੱਡੀ ਹੋਈ ਤਾਂ ਉਸ ਨੇ ਆਪਣੇ ਸ਼ੌਕ ਪਾਲਣੇ ਸ਼ੁਰੂ ਕਰ ਦਿੱਤੇ, ਜਿਸ ਕਰਕੇ ਉਹ ਅਖ਼ਬਾਰਾਂ ਵਾਲਿਆਂ ਦੀ ਨਜ਼ਰੇ ਚੜ੍ਹ ਗਈ। ਅਖ਼ਬਾਰਾਂ ਵਿਚ ਸਭ ਤੋਂ ਵੱਧ ਰੌਲਾ-ਰੱਪਾ ਉਸ ਦੇ ਸਾਈਕਲ ਚਲਾਉਣ ਬਾਰੇ ਪਿਆ ਕਿਉਂਕਿ ਉਸ ਸਮੇਂ ਉੱਚੇ ਵਰਗ ਦੀਆਂ ਕੁੜੀਆਂ ਸਾਈਕਲ ਨਹੀਂ ਸਨ ਚਲਾਉਂਦੀਆਂ। ਸੋਫ਼ੀਆ ਤਾਂ ਚੰਗੀ ਘੋੜਸਵਾਰੀ ਵੀ ਕਰ ਲੈਂਦੀ ਸੀ। ਉਸ ਨੂੰ ਫੋਟੋਗ੍ਰਾਫ਼ੀ ਦਾ ਵੀ ਸ਼ੌਕ ਸੀ। ਉਸ ਦੀਆਂ ਭੈਣਾਂ ਨੂੰ ਉਸ ਦੇ ਸ਼ੌਕ ਚੰਗੇ ਨਹੀਂ ਸਨ ਲੱਗਦੇ। ਪੰਜਾਬ ਫੇਰੀ ਤੋਂ ਬਾਅਦ ਉਸ ਦੀ ਜ਼ਿੰਦਗੀ ਵਿਚ ਬਹੁਤ ਤਬਦੀਲੀ ਆ ਗਈ ਕਿਉਂਕਿ ਇਸ ਫੇਰੀ ਸਮੇਂ ਉਸ ਨੇ ਗੁਰਬਤ ਅਤੇ ਲੋਕਾਂ ਦੀ ਮੰਦਹਾਲੀ ਨੂੰ ਅੱਖੀਂ ਦੇਖਿਆ ਸੀ। ਮਨੁੱਖਾਂ ਵਿਚ ਇਹ ਨਾਬਰਾਬਰੀ ਉਸ ਨੂੰ ਚੰਗੀ ਨਹੀਂ ਸੀ ਲੱਗਦੀ। ਉਸ ਨੇ ਔਰਤਾਂ ਦੀ ਹਾਲਤ ਮਰਦਾਂ ਨਾਲੋਂ ਵੀ ਮਾੜੀ ਵੇਖੀ ਤਾਂ ਉਸ ਨੇ ਔਰਤਾਂ ਦੇ ਹੱਕਾਂ ਦੀ ਮੰਗ ਲੈ ਕੇ ਸੰਘਰਸ਼ ਸ਼ੁਰੂ ਕਰ ਦਿੱਤਾ। ਇਹ ਉਹ ਸਮਾਂ ਸੀ ਜਦ ਅਮਰੀਕਾ ਵਿਚ ਵੀ ਔਰਤਾਂ ਲਈ ਵੋਟਾਂ ਦੇ ਅਧਿਕਾਰਾਂ ਦੀ ਗੱਲ ਚੱਲ ਰਹੀ ਸੀ। ਇਸੇ ਸਮੇਂ ਹੀ ਬਰਤਾਨੀਆਂ ਵਿਚ ਵੀ ਐਨੀ ਬੇਸੰਟ ਨੇ ਔਰਤਾਂ ਦੇ ਹੱਕਾਂ ਦੀ ਜੰਗ ਸ਼ੁਰੂ ਕਰ ਦਿੱਤੀ ਸੀ। ਉਸ ਦੇ ਪ੍ਰਭਾਵ ਅਧੀਨ ਸੋਫ਼ੀਆ ਨੇ ਮਰਦਮਸ਼ੁਮਾਰੀ ਦੇ ਕਾਗ਼ਜ਼ ਉੱਪਰ ਕੁਝ ਵੀ ਭਰਨ ਤੋਂ ਇਨਕਾਰ ਕਰ ਦਿੱਤਾ। ਸਗੋਂ ਉਸ ਨੇ ਕਾਗ਼ਜ਼ਾਂ ਉੱਪਰ ਇਹ ਲਿਖ ਦਿੱਤਾ ਕਿ ਜਦੋਂ ਇਸ ਦੇਸ਼ ਵਿਚ ਔਰਤਾਂ ਦੀ ਕੋਈ ਔਕਾਤ ਹੀ ਨਹੀਂ ਤਾਂ ਮਰਦਮਸ਼ੁਮਾਰੀ ਦੇ ਕਾਗ਼ਜ਼ ਭਰਵਾਉਣ ਦੀ ਕੀ ਤੁਕ ਹੈ। ਉਸ ਨੇ ਉਸ ਫਾਰਮ ਦੇ ਹੇਠਾਂ ਆਪਣਾ ਨਾਂ ਲਿਖ ਕੇ ਦਸਤਖ਼ਤ ਵੀ ਕਰ ਦਿੱਤੇ। ਇਸ ਤੋਂ ਬਾਅਦ ਨਾਰੀਵਾਦੀ ਲਹਿਰ ਹੋਰ ਵੀ ਜ਼ੋਰ ਫੜਦੀ ਗਈ। ਉਸ ਦੇ ਸ਼ਾਹੀ ਖ਼ਾਨਦਾਨ ਨਾਲ ਸਬੰਧ ਹੋਣ ਕਰਕੇ ਇਸ ਲਹਿਰ ਵਿਚ ਹੋਰ ਵੀ ਬਹੁਤ ਸਾਰੀਆਂ ਔਰਤਾਂ ਸ਼ਾਮਲ ਹੋ ਗਈਆਂ ਜਿਨ੍ਹਾਂ ਵਿਚ ਕੁਝ ਉੱਚੇ ਖ਼ਾਨਦਾਨਾਂ ਦੀਆਂ ਔਰਤਾਂ ਵੀ ਸ਼ਾਮਿਲ ਸਨ। ਉਸ ਦੇ ਪ੍ਰਭਾਵ ਨਾਲ ਹੋਰ ਕਈ ਔਰਤਾਂ ਨੇ ਔਰਤਾਂ ਦੀ ਬਰਾਬਰੀ ਦੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ, ਨਾਲ ਹੀ ਉਨ੍ਹਾਂ ਨੇ ਇਹ ਫ਼ੈਸਲਾ ਕੀਤਾ ਕਿ ਜਿੰਨਾ ਚਿਰ ਔਰਤਾਂ ਵੋਟ ਦਾ ਅਧਿਕਾਰ ਨਹੀਂ ਮਿਲਦਾ, ਓਨਾ ਚਿਰ ਉਹ ਕਿਸੇ ਕਿਸਮ ਦਾ ਨਾ ਟੈਕਸ ਹੀ ਦੇਣਗੀਆਂ ਅਤੇ ਨਾ ਹੀ ਕੋਈ ਜ਼ੁਰਮਾਨਾ। ਜਦੋਂ ਵੀ ਔਰਤਾਂ ਦੇ ਹੱਕਾਂ ਦੀ ਲਹਿਰ ਦੀ ਹਮਾਇਤ ਵਿਚ ਕੋਈ ਜਲੂਸ ਵਗ਼ੈਰਾ ਨਿਕਲਦਾ ਤਾਂ ਉਹ ਆਪਣੀ ਬੱਘੀ ਉੱਪਰ ਔਰਤਾਂ ਦੇ ਹੱਕਾਂ ਬਾਰੇ ਵੱਖ-ਵੱਖ ਕਿਸਮ ਦੇ ਪੋਸਟਰ ਲਗਾ ਕੇ ਜਲੂਸ ਦੇ ਨਾਲ ਜਾਂਦੀ। ਟੈਕਸ ਨਾ ਭਰਨ ਦੇ ਵਿਰੁੱਧ ਭੂਮਿਕਾ ਨਿਭਾਉਣ ਕਰਕੇ ਉਸ ਨੂੰ ਅਦਾਲਤ ਵੱਲੋਂ ਕਈ ਵਾਰ ਜ਼ੁਰਮਾਨਾ ਕੀਤਾ ਗਿਆ ਪਰੰਤੂ ਉਸ ਨੇ ਇਹ ਜ਼ੁਰਮਾਨੇ ਭਰਨ ਤੋਂ ਵੀ ਇਨਕਾਰ ਕਰ ਦਿੱਤਾ। ਜੱਜ ਨੇ ਉਸ ਦੀ ਜਾਇਦਾਦ ਕੁਰਕ ਕਰ ਕੇ ਜ਼ੁਰਮਾਨਾ ਵਸੂਲਣ ਦੇ ਹੁਕਮ ਜਾਰੀ ਕਰ ਦਿੱਤੇ ਪਰ ਉਸ ਦਾ ਜਵਾਬ ਸੀ ਮੈਂ ਓਨਾ ਚਿਰ ਨਾ ਟੈਕਸ ਦਿਆਂਗੀ ਨਾ ਕੋਈ ਜ਼ੁਰਮਾਨਾ, ਜਿੰਨਾ ਚਿਰ ਸਰਕਾਰ ਦੇ ਖ਼ਰਚਿਆਂ ਵਿਚ ਮੇਰੀ ਰਾਇ ਸ਼ੁਮਾਰ ਨਾ ਹੋਵੇ। ਕੁਰਕੀ ਵਾਲੇ ਉਸ ਦੇ ਗਲ਼ੇ ਦਾ ਹਾਰ ਤੇ ਉਸ ਦੀਆਂ ਸੋਨੇ ਦੀਆਂ ਚੂੜੀਆਂ ਲੈ ਗਏ। ਜਦੋਂ ਉਨ੍ਹਾਂ ਨੇ ਇਨ੍ਹਾਂ ਚੀਜ਼ਾਂ ਦੀ ਨਿਲਾਮੀ ਰੱਖੀ ਤਾਂ ਉਨ੍ਹਾਂ ਨੂੰ ਕੋਈ ਵੀ ਖ਼ਰੀਦਣ ਲਈ ਨਾ ਆਇਆ। ਫੇਰ ਉਸ ਦੀ ਇਕ ਸਹੇਲੀ ਨੇ ਉਹ ਹਾਰ ਅਤੇ ਚੂੜੀਆਂ ਖ਼ਰੀਦ ਲਈਆਂ ਅਤੇ ਸੋਫ਼ੀਆ ਨੂੰ ਵਾਪਸ ਕਰ ਦਿੱਤੀਆਂ। ਜਦੋਂ ਸੰਸਾਰ ਜੰਗ ਛਿੜੀ ਤਾਂ ਔਰਤਾਂ ਨੇ ਵੋਟ ਪਾਉਣ ਦੇ ਅਧਿਕਾਰਾਂ ਦੀ ਲਹਿਰ ਬੰਦ ਕਰ ਦਿੱਤਾ ਅਤੇ ਸੋਫ਼ੀਆ ਜੰਗ ਵਿਚ ਜ਼ਖ਼ਮੀ ਹੋਏ ਫ਼ੌਜੀਆਂ ਦੀ ਸੇਵਾ-ਸੰਭਾਲ ਵਿਚ ਲੱਗ ਗਈ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਗੋਰੇ ਅਫ਼ਸਰਾਂ ਨੇ ਇਹ ਹੁਕਮ ਦੇ ਦਿੱਤਾ ਕਿ ਭਾਰਤੀ ਜ਼ਖ਼ਮੀਆਂ ਦੀ ਸੇਵਾ-ਸੰਭਾਲ ਗੋਰੀਆਂ ਔਰਤਾਂ ਨਹੀਂ ਕਰਨਗੀਆਂ। ਸੋਫ਼ੀਆ ਨੂੰ ਇਹ ਹੁਕਮ ਬੜਾ ਬੁਰਾ ਲੱਗਿਆ ਤੇ ਉਹ ਆਪ ਨਰਸਾਂ ਵਾਲੀ ਵਰਦੀ ਪਾ ਕੇ ਜ਼ਖ਼ਮੀਆਂ ਦੀ ਸੇਵਾ ਵਿਚ ਲੱਗ ਗਈ। ਸਰਕਾਰ ਸੋਫ਼ੀਆ ਦੀਆਂ ਕਾਰਵਾਈਆਂ ਉੱਪਰ ਡਾਢੀ ਔਖੀ ਸੀ। ਪਰੰਤੂ ਉਸ ਕਹਿ ਕੁਝ ਨਹੀਂ ਸੀ ਸਕਦੀ। ਜੇਕਰ ਪੁਲਿਸ ਉਸ ਨੂੰ ਗ੍ਰਿਫ਼ਤਾਰ ਵੀ ਕਰ ਲੈਂਦੀ ਪਰ ਫੇਰ ਜਲਦੀ ਹੀ ਛੱਡ ਦਿੰਦੀ। ਇਸ ਨਾਰੀਵਾਦੀ ਔਰਤ ਦਾ 25 ਅਗਸਤ, 1947 ਨੂੰ ਦਿਹਾਂਤ ਹੋ ਗਿਆ। ਮਰਨ ਤੋਂ ਪਹਿਲਾਂ ਉਹ ਭਾਰਤ ਲੜਕੀਆਂ ਦੇ ਸਕੂਲਾਂ ਲਈ ਕਾਫ਼ੀ ਪੈਸਾ ਦਾਨ ਕਰ ਗਈ। •



*ਔਰਤਾਂ ਦੇ ਹੱਕਾਂ ਦੀ ਮੰਗ*

*ਪੰਜਾਬ ਫੇਰੀ ਤੋਂ ਬਾਅਦ ਉਸ ਦੀ ਜ਼ਿੰਦਗੀ ’ਚ ਤਬਦੀਲੀ ਆ ਗਈ ਕਿਉਂਕਿ ਇਸ ਫੇਰੀ ਸਮੇਂ ਉਸ ਨੇ ਗੁਰਬਤ ਅਤੇ ਲੋਕਾਂ ਦੀ ਮੰਦਹਾਲੀ ਨੂੰ ਅੱਖੀਂ ਦੇਖਿਆ ਸੀ। ਮਨੁੱਖਾਂ ਵਿਚ ਇਹ ਨਾਬਰਾਬਰੀ ਉਸ ਨੂੰ ਚੰਗੀ ਨਹੀਂ ਸੀ ਲੱਗਦੀ। ਉਸ ਨੇ ਔਰਤਾਂ ਦੀ ਹਾਲਤ ਮਰਦਾਂ ਨਾਲੋਂ ਵੀ ਮਾੜੀ ਵੇਖੀ ਤਾਂ ਉਸ ਨੇ ਉਨ੍ਹਾਂ ਦੇ ਹੱਕਾਂ ਦੀ ਮੰਗ ਲੈ ਕੇ ਸੰਘਰਸ਼ ਸ਼ੁਰੂ ਕਰ ਦਿੱਤਾ।*

---

# ਵਿਰਸੇ ਦਾ ਮੁੱਢ ਹੁੰਦੇ ਨੇ ਸਾਂਝੇ ਪਰਿਵਾਰ

ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ ਅਤੇ ਮਨੁੱਖ ਇਕ ਸਮਾਜਿਕ ਪ੍ਰਾਣੀ ਜੋ ਸਾਮਜ ਵਿਚ ਰਹਿਕੇ ਹੀ ਵਿਕਾਸ ਕਰਦਾ ਹੈ। ਤੇਜ਼ ਤਕਨੀਕੀ ਅਤੇ ਆਰਥਿਕ ਵਿਕਾਸ ਦੇ ਯੁੱਗ ਵਿਚ ਅਸੀ ਅੱਗੇ ਤਾਂ ਬਹੁਤ ਨਿਕਲ ਆਏ ਹਾਂ ਪਰ ਨਾਲ ਹੀ ਆਪਣੀ ਭਾਈਚਾਰਕ ਸਾਂਝ ਨੂੰ ਬਹੁਤ ਪਿੱਛੇ ਛੱਡ ਆਏ ਹਾਂ। ਸਾਂਝੇ ਪਰਿਵਾਰ ਹੁਣ ਬੀਤੇ ਸਮੇਂ ਦੀ ਬਾਤ ਬਣਕੇ ਰਹਿ ਗਏ ਹਨ। ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ।

ਪਹਿਲਾਂ ਜਦ ਕਦੀ ਦੁੱਖ ਦੀ ਘੜੀ ਅਉਂਦੀ ਤਾਂ ਸਾਂਝਾ ਪਰਿਵਾਰ ਇੰਨਾਂ ਦੁੱਖਾਂ ਦਾ ਮੁਕਾਬਲਾ ਰਲ ਕੇ ਕਰਦਾ ਅਤੇ ਖ਼ੁਸ਼ੀਆਂ ਦੇ ਸਮੇਂ ਸਾਰੇ ਮਿਲ ਕੇ ਅਨੰਦ ਮਾਣਦੇ। ਸਾਂਝੇ ਪਰਿਵਾਰ ਸਾਡੇ ਵਿਰਸੇ ਦਾ ਮੁੱਢ ਸਨ, ਜਿੱਥੇ ਦਾਦਾ-ਦਾਦੀ, ਮਾਤਾ-ਪਿਤਾ, ਤਾਇਆ-ਤਾਈ, ਚਾਚਾ-ਚਾਚੀ ਸਾਰੇ ਇਕੱਠੇ ਮਿਲ ਕੇ ਰਹਿੰਦੇ ਸਨ। ਪਹਿਲਾਂ ਸਾਂਝੇ ਪਰਿਵਾਰਾਂ ਵਿਚ ਔਰਤਾਂ-ਮਰਦ ਇਕ ਦੂਜੇ ਦੀ ਘਰ ਅਤੇ ਖੇਤ ਦੇ ਕੰਮਾਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਮੱਦਦ ਕਰਵਾਉਂਦੇ ਸਨ। ਸਾਡੇ ਖਾਣ-ਪੀਣ, ਕੱਪੜਿਆਂ ਅਤੇ ਹੋਰ ਚੀਜ਼ਾ ਵਸਤਾਂ ਦੀ ਸਾਂਝ ਆਮ ਹੀ ਹੁੰਦੀ ਸੀ।

ਭਾਵੇਂ ਕਿ ਉੱਨਤੀ ਅਤੇ ਤਰੱਕੀ ਹਰੇਕ ਸਮਾਜ ਲਈ ਜ਼ਰੂਰੀ ਹੈ ਪਰ ਇਸ ਦੇ ਨਾਲ-ਨਾਲ ਪਰਿਵਾਰਕ ਸਾਂਝ ਤੇ ਆਪਸੀ ਰਿਸ਼ਤਿਆਂ ਨੂੰ ਵੀ ਸਾਂਭਣਾਂ ਜ਼ਰੂਰੀ ਹੈ। ਜਿਵੇਂ-ਜਿਵੇਂ ਮਨੁੱਖ ਨੇ ਵੱਧ ਪੜ੍ਹਾਈ ਅਤੇ ਤਰੱਕੀ ਕਰ ਲਈ ਹੈ ਉਸੇ ਤਰ੍ਹਾਂ ਹੀ ਉਹ ਸਾਂਝੇ ਪਰਿਵਾਰਾਂ ਤੋਂ ਟੁੱਟਦਾਂ-ਟੁੱਟਦਾਂ ਇਕੱਲੇਪਨ ਤੇ ਸੀਮਤ ਹੋ ਕੇ ਰਹਿ ਗਿਆ ਹੈ। ਸੂਚਨਾ ਤਕਨਾਲੋਜੀ ਦੇ ਵਧੇ ਸਾਧਨ ਮਨੁੱਖ ਲਈ ਭਾਵੇਂ ਬਹੁਤ ਉਪਯੋਗੀ ਹਨ ਪਰ ਇਨ੍ਹਾਂ ਦੇ ਵਿਸਥਾਰ ਨੇ ਸਾਡੇ ਆਪਸੀ ਸਬੰਧਾਂ ਵਿਚ ਪਿਆਰ ਨੂੰ ਵਧਾਉਣ ਦੀ ਥਾਂ ਘਟਾ ਦਿੱਤਾ ਹੈ। ਮਨੁੱਖ ਪੈਸੇ ਦੀ ਦੌੜ ਵਿਚ ਇਸ ਕਦਰ ਭੱਜ ਰਿਹਾ ਹੈ ਕਿ ਉਹ ਆਪਣੇ ਸੱਭਿਆਚਾਰ, ਭਾਈਚਾਰਕ ਸਾਂਝ, ਰਿਸ਼ਤੇ-ਨਾਤੇ ਭੁੱਲ ਗਿਆਂ ਹੈ। ਉਸ ਦੀ ਪੈਸੇ ਦੀ ਹੋੜ੍ਹ ਨੇ ਘਰਾਂ ਵਿਚ ਵੰਡੀਆਂ ਪਾ ਦਿੱਤੀਆਂ ਹਨ। ਵੱਧ ਰਹੀ ਪਦਾਰਥਵਾਦੀ ਸੋਚ ਨੇ ਪਰਿਵਾਰਕ ਸਾਂਝਾਂ ਵਿਚ ਤਰੇੜਾਂ ਪੈਦਾ ਕਰ ਦਿੱਤੀਆ ਹਨ। ਹੱਥੀ ਕੰਮ ਕਰਨ ਦੀ ਥਾਂ ਹੁਣ ਮਸ਼ੀਨਾਂ ਨੇ ਲੈ ਲਈ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਉਹ ਸਮਾਜ ਵਿਚ ਰਹਿਕੇ ਹੀ ਵਿਕਾਸ ਕਰਦਾ ਹੈ ਪਰ ਇਸ ਮਸ਼ੀਨੀ ਵਿਕਾਸ ਨੇ ਲੱਗਦਾ ਹੈ ਕਿ ਮਨੁੱਖ ਨੂੰ ਵੀ ਮਸ਼ੀਨ ਬਣਾ ਦਿੱਤਾ ਹੈ। ਇਸ ਤਕਨੀਕੀ ਵਿਕਾਸ ਦੇ ਯੁੱਗ ਵਿਚ ਮਨੁੱਖ ਇਕੱਲੇਪਨ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਇਸ ਪਸਰ ਰਹੇ ਇਕੱਲੇਪਣ ਨਾਲ ਮਨੁੱਖ ਵਿਚ ਸਹਿਨਸ਼ੀਲਤਾ ਘੱਟ ਰਹੀ ਹੈ ਤੇ ਘਬਰਾਹਟ ਵੱਧ ਰਹੀ ਹੈ। ਸਾਡੇ ਮਨ ਅੰਦਰਲਾ ਚੈਨ ਖ਼ਤਮ ਹੋ ਰਿਹਾ ਹੈ, ਸਬਰ, ਸੁੱਖ, ਸ਼ਾਂਤੀ ਖੰਭ ਲਾ ਕੇ ਉੱਡ ਗਏ ਹਨ। ਸਾਡੇ ਕੋਲ ਐਸ਼ੋ ਆਰਾਮ ਦੇ ਬਥੇਰੇ ਸਾਧਨ ਹੋਣ ਦੇ ਬਾਵਜੂਦ ਅੰਦਰੂਨੀ ਸੰਤੁਸ਼ਟੀ ਕਿਤੇ ਨਜ਼ਰ ਨਹੀਂ ਆ ਰਹੀ, ਛੋਟੇ ਪਰਿਵਾਰਾਂ ਵਿਚ ਵੀ ਝਗੜੇ-ਕਲੇਸ਼ ਵੱਧ ਰਹੇ ਹਨ। ਬਜ਼ੁਰਗ ਇਕੱਲਤਾ ਦਾ ਸੰਤਾਪ ਭੋਗ ਰਹੇ ਹਨ ਕਿਉਂਕਿ ਅੱਜ ਦੀ ਨਵੀ ਪੀੜ੍ਹੀ ਉਨ੍ਹਾਂ ਦੀ ਰਹਿਣੀ-ਬਹਿਣੀ ਤੇ ਸਲਾਹਾਂ ਨੂੰ ਪਸੰਦ ਨਹੀਂ ਕਰਦੀ। ਬਿਰਧ ਆਸ਼ਰਮਾਂ ਵਿਚ ਵਾਧਾ ਹੋ ਰਿਹਾ ਹੈ। ਪਹਿਲਾਂ ਬੱਚੇ ਜਿੱਥੇ ਦਾਦਾ-ਦਾਦੀ ਤੋਂ ਰਾਤ ਸਮੇਂ ਗੋਦੀ ਵਿਚ ਬੈਠ ਕੇ ਬਾਤਾਂ ਤੇ ਕਹਾਣੀਆਂ ਸੁਣ ਦੇ ਅਤੇ ਗੋਦ ਦੀ ਨਿੱਘ ਵਿਚ ਹੀ ਸੌਂ ਜਾਂਦੇ ਸੀ। ਅੱਜ ਦੇ ਬੱਚੇ ਇਸ ਅਨੰਦ ਨੂੰ ਮਾਨਣ ਤੋ ਸੱਖਣੇ ਹਨ।

ਦੁਨੀਆਂ ਭਰ ਵਿਚ ਪਰਿਵਾਰਾਂ ਨੇ ਆਪਣੇ ਢਾਂਚੇ ਦੇ ਸਬੰਧ ਵਿਚ ਪਿੱਛਲੇ ਕਈ ਦਹਾਕਿਆ ਦੌਰਾਨ ਅਤੇ ਸੰਸਾਰਕ ਰੁਝਾਨਾਂ ਅਤੇ ਜਨ-ਵਿਗਿਆਨ ਦੀ ਤਬਦੀਲੀ ਦੇ ਰੂਪ ਵਿਚ ਕਾਫ਼ੀ ਤਬਦੀਲੀ ਕੀਤੀ ਹੈ ਪਰ ਪਰਿਵਾਰ ਅਜੇ ਵੀ ਸਮਾਜ ਦੀ ਮੁੱਢਲੀ ਇਕਾਈ ਹੀ ਮੰਨਿਆ ਜਾਂਦਾ ਹੈ।

ਕਈ ਸੰਸਥਾਵਾਂ ਪਰਿਵਾਰਕ ਮੁੱਦਿਆਂ ਬਾਰੇ ਜਾਗਰੂਕਤਾ ਵਧਾਉਣ ਲਈ ਕੰਮ ਕਰ ਰਹੀਆਂ ਹਨ ਅਤੇ ਲੋਕਾਂ ਦੁਆਰਾ ਵੱਖ-ਵੱਖ ਪ੍ਰਭਾਵਾਂ ਦੇ ਗਿਆਨ ਨੂੰ ਵਧਾਉਂਦਾ ਹੈ ਜਿਸ ਨਾਲ ਪਰਿਵਾਰ ਪ੍ਰਭਾਵਿਤ ਹੋ ਸਕਦੇ ਹਨ। ਇਸ ਨਾਲ ਪਰਿਵਾਰਾਂ ਨਾਲ ਸਬੰਧਿਤ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਆਰਥਿਕ, ਜਨਸੰਖਿਅਕ ਅਤੇ ਸਮਾਜਿਕ ਪ੍ਰਕਿਰਿਆਵਾਂ ਦੇ ਗਿਆਨ ਨੂੰ ਵਧਾਉਣ ਦਾ ਮੌਕਾ ਮਿਲਦਾ ਹੈ।



ਪਿਆਰ, ਸਾਦਗੀ, ਮਿਲਵਰਤਣ, ਆਪਸੀ ਭਾਈਚਾਰਕ ਸਾਂਝ ਵਾਲੇ ਸਾਂਝੇ ਪਰਿਵਾਰਾਂ ਨੂੰ ਸੰਭਾਲਣ ਲਈ ਜ਼ਰੂਰੀ ਹੈ ਕਿ ਬਜ਼ੁਰਗਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ। ਮੋਬਾਈਲ ਦੀ ਵਰਤੋ ਲੋੜ ਅਨੁਸਾਰ ਹੀ ਕੀਤੀ ਜਾਵੇ ਤੇ ਵੱਧ ਤੋ ਵੱਧ ਸਮਾਂ ਪਰਿਵਾਰ ਨਾਲ ਗੱਲਾਂ ਕਰ ਕੇ ਬਤੀਤ ਕੀਤਾ ਜਾਵੇ। ਲੋੜ ਹੈ ਆਪਸੀ ਪਿਆਰ, ਸਾਂਝ ਨੂੰ ਬਰਕਰਾਰ ਰੱਖੀਏ ਤਾਂ ਕਿ ਟੁੱਟ ਰਹੀ ਭਾਈਚਾਰਕ ਸਾਂਝ, ਰਿਸ਼ਤਿਆਂ ਨੂੰ ਬਚਾ ਸਕੀਏ।

• ਲਖਵੀਰ ਸਿੰਘ
98556-00701

---

ਡਾ. ਪ੍ਰਿਤਪਾਲ ਸਿੰਘ ਮਹਿਰੋਕ

# ਚੇਤਿਆਂ ’ਚੋਂ ਵਿਸਰ ਗਿਆ ਲੋਕ-ਨਾਟ ਖਿਉੜੇ

ਪੰਜਾਬੀ ਲੋਕਧਾਰਾ ਵਿਚ ਲੋਕ ਨਾਟ ਦੇ ਜਿਨ੍ਹਾਂ ਰੂਪਾਂ ਤੇ ਵੰਨਗੀਆਂ ਨੇ ਲੋਕ ਮਨਾਂ ਵਿਚ ਆਪਣਾ ਸਨਮਾਨਯੋਗ ਸਥਾਨ ਬਣਾਈ ਰੱਖਿਆ ਹੈ ਉਨ੍ਹਾਂ ਵਿਚ ਖਿਉੜੇ ਦਾ ਲੋਕ ਨਾਟ ਬਹੁਤ ਘੱਟ ਜਾਣਿਆ ਜਾਂਦਾ ਹੈ। ਕਹਿੰਦੇ ਹਨ ਪਹਿਲੇ ਸਮਿਆਂ ਵਿਚ ਖਿਉੜੇ ਦਾ ਮਹੱਤਵ ਜ਼ਰੂਰ ਬਣਿਆ ਰਿਹਾ ਹੈ। ਸਵਾਲਾਂ ਜਵਾਬਾਂ ਦੇ ਲਹਿਜੇ ਵਿਚ ਲੋਕ ਧੁਨਾਂ ਉੱਪਰ ਗਾਏ ਜਾਣ ਵਾਲੇ ਵਿਸ਼ੇਸ਼ ਵੰਨਗੀ ਦੇ ਲੋਕ ਗੀਤਾਂ ਦੇ ਗਾਇਨ ਤੇ ਖੇਡੇ ਜਾਣ ਵਾਲੇ ਲੋਕ ਨਾਟ ਦੇ ਸੁਮੇਲ ਨੂੰ ਖਿਉੜੇ ਕਿਹਾ ਜਾਂਦਾ ਸੀ। ਵਿਆਹ ਦੇ ਮੌਕੇ ’ਤੇ ਔਰਤਾਂ ਦੀਆਂ ਦੋ ਟੋਲੀਆਂ ਆਹਮੋ ਸਾਹਮਣੇ ਬੈਠ ਕੇ ਹੇਕਾਂ ਲਗਾ-ਲਗਾ ਕੇ ਲੋਕ ਗੀਤ ਗਾਉਂਦੀਆਂ ਸਨ ਤੇ ਨਾਟਕ ਵੀ ਖੇਡਦੀਆਂ ਸਨ। ਲੋਕ ਗੀਤਾਂ ਰਾਹੀਂ ਸਵਾਲਾਂ ਜਵਾਬਾਂ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ ਤੇ ਲੋਕ ਨਾਟ ਉਸਰਦਾ ਜਾਂਦਾ ਸੀ। ਲੋਕ ਨਾਟ ਖੇਡਦਿਆਂ ਔਰਤ ਕਲਾਕਾਰ ਇਕ ਤੋਂ ਵੱਧ ਪਾਤਰਾਂ ਦਾ ਸਵਾਂਗ ਵੀ ਰਚ ਲੈਂਦੀਆਂ ਸਨ। ਵਿਆਹ ਦੇ ਚਾਵਾਂ ਮਲ੍ਹਾਰਾਂ ਵਾਲੇ ਮੌਕੇ ਅਤੇ ਖ਼ੁਸ਼ੀਆਂ ਵਾਲੇ ਹੋਰ ਸ਼ੁਭ ਅਵਸਰਾਂ ’ਤੇ ਵੀ ਖਿਉੜੇ ਖੇਡੇ/ ਗਾਏ ਜਾਂਦੇ ਸਨ।

ਖਿਉੜੇ ਦਾ ਲੋਕ ਨਾਟ ਖੇਡਣ ਵਾਸਤੇ ਬੜੇ ਅਜੀਬ ਤੇ ਵਿਲੱਖਣ ਕਿਸਮ ਦੇ ਸਥਾਨ ਨੂੰ ਰੰਗਮੰਚ ਵਜੋਂ ਵਰਤਿਆ ਜਾਂਦਾ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ,“ਆਹਮੋ ਸਾਹਮਣੇ ਸਥਿਤ ਦੋ ਮਕਾਨਾਂ ਦੀਆਂ ਛੱਤਾਂ ਜਾਂ ਚੌਤਰਿਆਂ ਉੱਤੇ ਦੋ ਟੋਲੀਆਂ ਵਿਚ ਬੈਠ ਕੇ ਔਰਤਾਂ ਨਾਟਕੀ ਸੰਵਾਦ ਉਚਾਰਦੀਆਂ ਸਨ। ਵਾਰਤਾਲਾਪਾਂ ਦਾ ਕੁਝ ਭਾਗ ਲੋਕ ਧੁਨਾਂ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਸੀ।’ (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1194)

ਲੋਕ ਨਾਟ ਖੇਡਣ ਵਾਲੀਆਂ ਔਰਤਾਂ ਇਕ ਦੂਜੀ ਨੂੰ ਸੰਬੋਧਿਤ ਕਰ ਕੇ ਆਪਣੇ-ਆਪਣੇ ਹਿੱਸੇ ਦਾ ਨਾਟਕੀ ਸੰਵਾਦ ਉਚਾਰਦੀਆਂ/ ਅਲਾਪਦੀਆਂ ਸਨ। ਉਚਾਰੇ ਜਾਣ ਵਾਲੇ ਸੰਵਾਦਾਂ ਦੇ ਕੁਝ ਹਿੱਸੇ ਨੂੰ ਵਿਚ-ਵਿਚਾਲੇ ਲੋਕ ਗੀਤਾਂ ਦੀਆਂ ਧੁਨਾਂ ਉੱਪਰ ਗਾ ਕੇ ਉਹ ਜਚਵੇਂ-ਫੱਬਵੇਂ ਅੰਦਾਜ਼ ਵਿਚ ਪ੍ਰਸਤੁਤ ਕਰਦੀਆਂ ਸਨ ਤੇ ਲੋਕ ਗੀਤਾਂ ਰਾਹੀਂ ਸਵਾਲ-ਜਵਾਬ ਕਰਨ ਦਾ ਖ਼ੁਸ਼ਗਵਾਰ ਮਾਹੌਲ ਸਿਰਜ ਲਿਆ ਜਾਂਦਾ ਸੀ। ਇਸ ਲੋਕ ਨਾਟ ਦੌਰਾਨ ਕਈ ਵਾਰ ਕਈ ਥਾਈਂ ਅਜਿਹੇ ਮੌਕਿਆਂ ਦੀ ਸਿਰਜਣਾ ਵੀ ਕੀਤੀ ਜਾਂਦੀ ਸੀ ਜਦੋਂ ਨਾਇਕਾ ਕਿਸੇ ਘਰ ਦੀ ਖਿੜਕੀ ਵਿਚ ਬੈਠ ਕੇ, ਟਿਕ-ਟਿਕੀ ਲਗਾ ਕੇ, ਬੜੀਆਂ ਸੱਧਰਾਂ ਨਾਲ ਆਪਣੇ ਪ੍ਰੇਮੀ ਦੀ ਉਡੀਕ ਕਰ ਰਹੀ ਹੁੰਦੀ ਸੀ। ਕਈ ਵਾਰ ਉਸ ਦਾ ਪ੍ਰੀਤਮ ( ਜੋ ਕਦੇ ਕਦਾਈਂ ਦਰਸ਼ਕਾਂ ਵਿਚ ਬੈਠਾ ਹੁੰਦਾ ਸੀ ) ਉੱਠ ਕੇ ਉਸ ਵੱਲ ਬੜੀਆਂ ਹਸਰਤ ਭਰੀਆਂ ਨਿਗਾਹਾਂ ਨਾਲ ਵੇਖਦਿਆਂ ਹੋਇਆਂ ਉਸ ਵੱਲ ਵਧਦਾ ਸੀ ਤੇ ਉਸ ਨਾਲ ਪਿਆਰ ਭਰੇ ਮਿੱਠੜੇ ਬੋਲਾਂ ਦੀ ਸਾਂਝ ਪਾਉਂਦਾ ਸੀ।

ਚਾਨਣੀਆਂ ਰਾਤਾਂ ਵਿਚ ਦੇਰ ਰਾਤ ਗਈ ਤੱਕ ਇਹ ਲੋਕ ਨਾਟ ਚੱਲਦਾ ਰਹਿੰਦਾ ਸੀ। ਕਹਿੰਦੇ ਹਨ ਪੁਰਾਣੇ ਵੇਲਿਆਂ ਵਿਚ ਬਹੁਤਾ ਕਰ ਕੇ ਅੰਮ੍ਰਿਤਸਰ ਤੇ ਲਾਹੌਰ ਵਿਚ ਖਿਉੜੇ ਖੇਡਣ ਦਾ ਚਲਨ ਵਧੇਰੇ ਪਾਇਆ ਜਾਂਦਾ ਸੀ। ਸਮੇਂ ਦੇ ਪਹੀਏ ਨੇ ਬੇਰੋਕ ਘੁੰਮਦਿਆਂ ਰਹਿਣਾ ਹੈ। ਵਕਤ ਦੇ ਬਦਲਣ ਨਾਲ ਬਹੁਤ ਕੁਝ ਨੇ ਬਦਲ ਜਾਣਾ ਹੁੰਦਾ ਹੈ। ਬਹੁਤ ਕੁਝ ਗੁਆਚ ਜਾਂਦਾ ਹੈ। ਲੋਕ ਨਾਟ ਵੀ ਲੋਪ ਹੁੰਦੇ ਜਾ ਰਹੇ ਹਨ। ਖਿਉੜੇ ਦਾ ਲੋਕ ਨਾਟ ਲੋਕ ਚੇਤਿਆਂ ਵਿੱਚੋਂ ਵੀ ਆਪਣਾ ਨਾਂ, ਰੂਪ, ਰਚਨਾ, ਸੁਭਾਅ, ਸਥਾਨ ਆਦਿ ਬਹੁਤੇ ਕੁਝ ਨੂੰ ਲਗਪਗ ਗਵਾ ਚੁੱਕਿਆ ਹੈ। ਲੋਕ ਨਾਟ ਪਰੰਪਰਾ ਬਾਰੇ ਕਾਫ਼ੀ ਖੋਜ ਕਾਰਜ ਹੋਇਆ ਹੈ। ਕਈ ਹੋਰ ਲੋਕ ਨਾਟਾਂ ਉੱਪਰ ਤੇ ਖਿਉੜੇ ਲੋਕ ਨਾਟ ਉੱਪਰ ਬਹੁਤਾ ਕੰਮ ਨਹੀਂ ਹੋਇਆ। ਇਸ ਦਿਸ਼ਾ ਵੱਲ ਹੋਰ ਖੋਜ ਕਾਰਜ ਕਰਨ/ਕਰਵਾਉਣ ਵਾਸਤੇ ਸੰਸਾਧਨ ਜੁਟਾਉਣ ਦੀ ਲੋੜ ਹੈ ਜਿਨ੍ਹਾਂ ਨੂੰ ਆਧਾਰ ਬਣਾ ਕੇ ਖੋਜਾਰਥੀ ਠੋਸ ਕੰਮ ਕਰ ਸਕਣ। •

98885-10185



*ਨਾਟਕੀ ਸੰਵਾਦ*

*‘ਖਿਉੜਾ’ ਲੋਕ ਨਾਟ ਖੇਡਣ ਵਾਸਤੇ ਬੜੇ ਅਜੀਬ ਤੇ ਵਿਲੱਖਣ ਕਿਸਮ ਦੇ ਸਥਾਨ ਨੂੰ ਰੰਗਮੰਚ ਵਜੋਂ ਵਰਤਿਆ ਜਾਂਦਾ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ,‘ਆਹਮੋ-ਸਾਹਮਣੇ ਸਥਿਤ ਦੋ ਮਕਾਨਾਂ ਦੀਆਂ ਛੱਤਾਂ ਜਾਂ ਚੌਤਰਿਆਂ ਉੱਤੇ ਦੋ ਟੋਲੀਆਂ ਵਿਚ ਬੈਠ ਕੇ ਔਰਤਾਂ ਨਾਟਕੀ ਸੰਵਾਦ ਉਚਾਰਦੀਆਂ ਸਨ। ਵਾਰਤਾਲਾਪਾਂ ਦਾ ਕੁਝ ਭਾਗ ਲੋਕ ਧੁਨਾਂ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਸੀ।’*



# ਹਰਿਆਣਾ 'ਚ ਇੰਡੀਆ ਗੱਠਜੋੜ ਸਾਰੀਆਂ 10 ਸੀਟਾਂ ਜਿੱਤੇਗਾ: ਢਾਂਡਾ



ਸ਼ਾਹਬਾਦ ਮਾਰਕੰਡਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਅਨੁਰਾਗ ਢਾਂਡਾ ਨੇ ਵੱਖ-ਵੱਖ ਮੁੱਦਿਆਂ 'ਤੇ ਹਰਿਆਣਾ ਸਰਕਾਰ ਨੂੰ ਘੇਰਿਆ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਹਰਿਆਣਾ ਸਰਕਾਰ ਨੇ ਮੰਨਿਆ ਕਿ ਉਹ ਸਾਢੇ 9 ਸਾਲ ਵਿਚ ਆਪਣੇ ਕੰਮਾਂ ਤੇ ਨੀਤੀਆਂ ਨਾਲ ਲੋਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਤੌਰ 'ਤੇ ਮਨੋਹਰ ਲਾਲ ਖੱਟਰ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਜਦੋਂ ਲੱਗਾ ਕਿ ਸੂਬੇ ਦੇ ਲੋਕ ਸਰਕਾਰ ਤੋਂ ਨਾਰਾਜ਼ ਹਨ ਤਾਂ ਪਾਰਟੀ ਦੀ ਲੀਡਰਸ਼ਿਪ ਨੇ ਚੋਣਾਂ ਤੋਂ ਪਹਿਲਾਂ ਮਨੋਹਰ ਲਾਲ ਖੱਟਰ ਨੂੰ ਹਟਾ ਕੇ ਨਾਇਬ ਸੈਣੀ ਨੂੰ ਮੁੱਖ ਮੰਤਰੀ ਬਣਾ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਦੇ ਕਾਰਕੁਨ ਕਹਿ ਰਹੇ ਹਨ ਕਿ ਓਬੀਸੀ ਮੁੱਖ ਮੰਤਰੀ ਬਣਾਇਆ ਗਿਆ ਹੈ। ਇਸ ਦਾ ਮਤਲਬ ਸਾਫ ਹੈ ਕਿ ਕੰਮ ਦੇ ਆਧਾਰ 'ਤੇ ਨਹੀਂ ਬਲਕਿ ਜਾਤੀ ਦੇ ਆਧਾਰ 'ਤੇ ਮੁੱਖ ਮੰਤਰੀ ਬਣਾਇਆ ਗਿਆ ਹੈ। ਢਾਂਡਾ ਨੇ ਕਿਹਾ ਕਿ ਨਾਇਬ ਸੈਣੀ ਨੂੰ ਮੁੱਖ ਮੰਤਰੀ ਬਣਾਉਣ ਤੋਂ ਬਾਅਦ ਵੀ ਮਨੋਹਰ ਲਾਲ ਖੱਟਰ 'ਸੁਪਰ ਸੀਐੱਮ' ਦੀ ਤਰ੍ਹਾਂ ਕੰਮ ਕਰ ਰਹੇ ਹਨ। ਉਨ੍ਹਾਂ ਕੋਲ ਕੋਈ ਸੰਵਿਧਾਨਕ ਅਹੁਦਾ ਨਹੀਂ ਹੈ ਅਤੇ ਵਿਧਾਨ ਸਭਾ ਤੋਂ ਵੀ ਅਸਤੀਫਾ ਦੇ ਚੁੱਕੇ ਹਨ, ਪਰ ਬੀਤੇ ਕੱਲ੍ਹ ਜਦੋਂ ਰਵਿਦਾਸ ਯਾਦਗਾਰ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਸੀ ਤਾਂ ਉਸ 'ਤੇ ਖੱਟਰ ਦਾ ਨਾਮ ਉਪਰ ਸੀ ਅਤੇ ਹੇਠਾਂ ਨਾਇਬ ਸੈਣੀ ਦਾ ਨਾਂ ਸੀ। ਜੋ ਮੁੱਖ ਮੰਤਰੀ ਦੇ ਅਹੁਦੇ ਨਾਲ ਕਿਸੇ ਵਿਸ਼ੇਸ਼ ਵਿਅਕਤੀ ਦਾ ਵੀ ਅਪਮਾਨ ਸੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਇੰਡੀਆ ਗੱਠਜੋੜ ਲੋਕ ਸਭਾ ਦੀਆਂ ਸਾਰੀਆਂ 10 ਸੀਟਾਂ ਵੱਡੇ ਫਰਕ ਨਾਲ ਜਿੱਤੇਗਾ। ਇਸ ਵਾਰ ਇੰਡੀਆ ਗੱਠਜੋੜ ਦੀ ਸਿੱਧੀ ਲੜਾਈ ਭਾਜਪਾ ਨਾਲ ਹੈ। ਜੋ ਲੋਕ ਦੇਸ਼ ਵਿਚ ਸੰਵਿਧਾਨ ਦਾ ਰਾਜ ਚਾਹੁੰਦੇ ਹਨ ਉਹ ਇੰਡੀਆ ਗੱਠਜੋੜ ਨੂੰ ਵੋਟ ਦੇਣਗੇ। ਇਸ ਮੌਕੇ ਗਹਿਲ ਸਿੰਘ ਸੰਧੂ, ਸਵਾਮੀ ਕ੍ਰਿਸ਼ਨ ਨੰਦ, ਮੋਨਾ ਸਿਵਾਚ ਤੇ ਅਨਿਲ ਪੰਜੇਟਾ ਮੌਜੂਦ ਸਨ।

# ਮੁੱਖ ਮੰਤਰੀ ਸੈਣੀ ਮਾਤਾ ਮਨਸਾ ਦੇਵੀ ਮੰਦਰ ਵਿੱਚ ਨਤਮਸਤਕ



ਪੰਚਕੂਲਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਨਵੇਂ ਬਣੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਮਾਤਾ ਮਨਸਾ ਦੇਵੀ ਮੰਦਰ 'ਚ ਮੱਥਾ ਟੇਕਿਆ। ਉਨ੍ਹਾਂ ਦੇ ਨਾਲ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਅਤੇ ਵੱਡੀ ਗਿਣਤੀ ਭਾਜਪਾ ਆਗੂ ਸ਼ਾਮਲ ਸਨ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਸਰਕਾਰ ਨੇ ਬੀਤੇ ਦਸ ਸਾਲਾਂ ਵਿੱਚ ਹਰ ਵਰਗ ਦੇ ਲੋਕਾਂ ਦਾ ਧਿਆਨ ਰੱਖਿਆ।

ਉਨ੍ਹਾਂ ਨੇ ਮੰਦਰ ਦੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਜ਼ਿਲ੍ਹਾ ਭਾਜਪਾ ਪ੍ਰਧਾਨ ਦੀਪਕ ਸ਼ਰਮਾ, ਪੰਚਕੂਲਾ ਦੇ ਮੇਅਰ ਕੁਲਭੂਸ਼ਣ ਗੋਇਲ, ਰਣਜੀਤਾ ਮਹਿਤਾ ਅਤੇ ਡਿਪਟੀ ਕਮਿਸ਼ਨਰ ਸੁਸ਼ੀਲ ਸਾਰਵਾਨ ਹਾਜ਼ਰ ਸਨ।

# ਭਾਰਤ ਵਿਕਾਸ ਪਰਿਸ਼ਦ ਦੇ ਅਹੁਦੇਦਾਰ ਚੁਣੇ



ਰਤੀਆ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਵਿਕਾਸ ਪਰਿਸ਼ਦ ਇਕਾਈ ਰਤੀਆ ਦੇ ਪ੍ਰਧਾਨ, ਸਕੱਤਰ ਅਤੇ ਵਿੱਤ ਸਕੱਤਰ ਦੀ ਚੋਣ ਲਈ ਇੱਥੇ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਰਵਿੰਦਰ ਮਹਿਤਾ ਸੂਬਾਈ ਮੀਤ ਪ੍ਰਧਾਨ ਸੰਪਰਕ ਭਾਰਤ ਵਿਕਾਸ ਪਰਿਸ਼ਦ ਨੇ ਕੀਤੀ। ਇਸ ਮੌਕੇ ਹਰਿਆਣਾ ਪੱਛਮੀ ਦੇ ਸੂਬਾਈ ਕਨਵੀਨਰ ਮਹਿੰਦਰ ਦਹਮਨੀਆ ਅਤੇ ਸਾਬਕਾ ਸੂਬਾਈ ਮੀਤ ਸਕੱਤਰ ਸੰਜੇ ਗੁਪਤਾ ਚੋਣ ਅਬਜ਼ਰਵਰ ਵਜੋਂ ਹਾਜ਼ਰ ਸਨ। ਮੀਟਿੰਗ ਦੀ ਸ਼ੁਰੂਆਤ ਵਿੱਚ ਇਕਾਈ ਦੇ ਸਰਪ੍ਰਸਤ ਡਾ. ਨਰੇਸ਼ ਗੋਇਲ ਅਤੇ ਪ੍ਰਧਾਨ ਸਾਹਿਲ ਚਿਲਾਨਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸੰਸਥਾ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ। ਇਸ ਤੋਂ ਬਾਅਦ ਸਕੱਤਰ ਗੌਰਵ ਚੋਪੜਾ ਨੇ ਸੈਸ਼ਨ 2023-24 ਵਿਚ ਸ਼ਾਖਾ ਵੱਲੋਂ ਕੀਤੇ ਕੰਮਾਂ ਦੀ ਰਿਪੋਰਟ ਪੜ੍ਹੀ। ਉਪਰੰਤ ਚੋਣ ਆਬਜ਼ਰਵਰ ਮਹਿੰਦਰ ਦਹਮਣੀਆ ਅਤੇ ਸੰਜੇ ਗੁਪਤਾ ਨੇ ਸਮੂਹ ਮੈਂਬਰਾਂ ਨੂੰ ਚੋਣਾਂ ਸਬੰਧੀ ਨਿਯਮਾਂ ਦੀ ਵਿਆਖਿਆ ਕੀਤੀ ਅਤੇ ਚੋਣ ਪ੍ਰਕਿਰਿਆ ਸ਼ੁਰੂ ਕਰਵਾਈ। ਗੁਰਵਿੰਦਰ ਸਿੰਘ ਨੇ ਪ੍ਰਧਾਨ ਦੇ ਅਹੁਦੇ ਲਈ ਸਾਹਿਲ ਚਿਲਾਨਾ ਦੇ ਨਾਂ ਦੀ ਤਜਵੀਜ਼ ਰੱਖੀ, ਜਿਸ ਨੂੰ ਰਾਜ ਕੁਮਾਰ ਸਿੰਗਲਾ ਅਤੇ ਰਾਜ ਕੁਮਾਰ ਮੋਗਾ ਨੇ ਪ੍ਰਵਾਨਗੀ ਦਿੱਤੀ।

ਪ੍ਰਵੀਨ ਤਨੇਜਾ ਨੇ ਸਕੱਤਰ ਦੇ ਅਹੁਦੇ ਲਈ ਗੌਰਵ ਚੋਪੜਾ ਦੇ ਨਾਂ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਨਿਤੀਸ਼ ਅਗਰਵਾਲ ਅਤੇ ਗਿਰਧਾਰੀ ਲਾਲ ਨੇ ਮਨਜ਼ੂਰੀ ਦਿੱਤੀ। ਪ੍ਰੇਮ ਬਾਂਸਲ ਨੇ ਵਿੱਤ ਸਕੱਤਰ ਦੇ ਅਹੁਦੇ ਲਈ ਲਕਸ਼ਮਣ ਜਿੰਦਲ (ਰਿੰਕੂ) ਦੇ ਨਾਂ ਦੀ ਤਜਵੀਜ਼ ਰੱਖੀ, ਜਿਸ ਨੂੰ ਬਸੰਤ ਲਾਲ ਬੱਤਰਾ ਅਤੇ ਸੋਹਣ ਤਨੇਜਾ ਨੇ ਪ੍ਰਵਾਨਗੀ ਦਿੱਤੀ। ਇਸ ਮੀਟਿੰਗ ਵਿੱਚ ਪਰਿਸ਼ਦ ਪਰਿਵਾਰ ਦੇ ਚਾਰ ਨਵੇਂ ਮੈਂਬਰ ਜੀ.ਐਨ. ਇੰਟਰਨੈਸ਼ਨਲ ਸਕੂਲ ਦੇ ਡਾਇਰੈਕਟਰ ਗਗਨ ਸੈਣੀ, ਰਾਮ ਕੁਮਾਰ ਸਚਦੇਵਾ, ਡਾ. ਗੌਰਵ ਜੈਨ ਅਤੇ ਅਵਤਾਰ ਢੀਂਗਰਾ ਦਾ ਸਵਾਗਤ ਕੀਤਾ। ਇਸ ਮੌਕੇ ਰਵਿੰਦਰ ਮਹਿਤਾ, ਡਾ. ਨਰੇਸ਼ ਗੋਇਲ, ਰਾਜ ਸਿੰਗਲਾ, ਸੋਹਣ ਤਨੇਜਾ, ਰਾਜ ਕੁਮਾਰ ਮੋਂਗਾ, ਗੁਰਵਿੰਦਰ ਸਿੰਘ, ਪ੍ਰੇਮ ਬਾਂਸਲ, ਸੀਨੀਅਰ ਮੈਂਬਰ ਬੀ.ਐੱਲ.ਬਤਰਾ, ਗਿਰਧਾਰੀ ਲਾਲ ਤੇ ਪ੍ਰਦੀਪ ਬਾਂਸਲ ਆਦਿ ਹਾਜ਼ਰ ਸਨ।

# ਜਨਤਕ ਥਾਵਾਂ ਤੋਂ ਪ੍ਰਚਾਰ ਸਮੱਗਰੀ ਹਟਾਉਣ ਦੇ ਨਿਰਦੇਸ਼



ਸ਼ਾਹਬਾਦ ਮਾਰਕੰਡਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਧਿਕਾਰੀ ਅਤੇ ਡਿਪਟੀ ਕਮਿਸ਼ਨਰ ਸ਼ਾਂਤਨੂੰ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਕੁਰੂਕਸ਼ੇਤਰ ਵਿਚ ਚੋਣ ਜ਼ਾਬਤੇ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ। ਇਸ ਲਈ ਅਧਿਕਾਰੀਆਂ ਨੂੰ ਸਭ ਤੋਂ ਪਹਿਲਾਂ 24 ਘੰਟਿਆਂ ਅੰਦਰ ਆਪਣੇ ਖੇਤਰਾਂ ਤੋਂ ਸਿਆਸੀ ਪਾਰਟੀਆਂ ਤੇ ਸਰਕਾਰ ਨਾਲ ਸਬੰਧਿਤ ਪ੍ਰਾਪਤੀਆਂ ਦੀ ਪ੍ਰਚਾਰ ਸਮੱਗਰੀ ਨੂੰ ਹਟਾਇਆ ਜਾਣਾ ਜ਼ਰੂਰੀ ਹੈ। ਇਸ ਦੌਰਾਨ ਉਨ੍ਹਾਂ ਹਦਾਇਤ ਕੀਤੀ ਕਿ ਪੇਂਡੂ ਖੇਤਰਾਂ ਵਿਚ ਬੀਡੀਪੀਓ ਅਤੇ ਸ਼ਹਿਰੀ ਖੇਤਰਾਂ ਵਿੱਚ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰ ਤੇ ਨਗਰ ਨਿਗਮ ਸੱਕਤਰ ਦੀ ਨਿਗਰਾਨੀ ਹੇਠ ਤੁਰੰਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਅਣਗਹਿਲੀ ਕਰਨ ਵਾਲੇ ਕਿਸੇ ਵੀ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਕੱਲ੍ਹ ਦੇਰ ਸ਼ਾਮ ਮਿਨੀ ਸਕੱਤਰੇਤ ਵਿੱਚ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਨਤਕ ਮੀਟਿੰਗਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਨੂੰ ਮਨਜ਼ੂਰੀ ਲੈਣੀ ਪਵੇਗੀ। ਲੋਕ ਸਭਾ ਚੋਣਾਂ ਨਾਲ ਸਬੰਧਿਤ ਕੋਈ ਵੀ ਸ਼ਿਕਾਇਤ ਟੋਲ ਫਰੀ ਨੰਬਰ 1950 'ਤੇ ਦਰਜ ਕਰਵਾਈ ਜਾ ਸਕਦੀ ਹੈ। ਸਰਕਾਰੀ ਤੇ ਵਿਦਿਅਕ ਅਦਾਰਿਆਂ ਵਿਚ ਸਿਆਸੀ ਪਾਰਟੀਆਂ ਮੀਟਿੰਗਾਂ ਨਹੀਂ ਕਰ ਸਕਣਗੀਆਂ। ਉਨ੍ਹਾਂ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵੀ ਅਪੀਲ ਕੀਤੀ ਕਿ ਉਥਹ ਚੋਣ ਆਦਰਸ਼ ਜ਼ਾਬਤੇ ਦੀ ਸਖਤੀ ਨਾਲ ਪਾਲਣਾ ਕਰਨ। ਕਿਸੇ ਵੀ ਤਰ੍ਹਾਂ ਦੀ ਸਰਕਾਰੀ ਜਾਂ ਗੈਰ-ਸਰਕਾਰੀ ਜਾਇਦਾਦ 'ਤੇ ਕਿਸੇ ਤਰ੍ਹਾਂ ਦੀ ਗੜਬੜੀ ਨਹੀਂ ਹੋਣੀ ਚਾਹੀਦੀ। ਜੇ ਕੋਈ ਸਿਆਸੀ ਪਾਰਟੀ ਅਜਿਹਾ ਕਰਦੀ ਹੈ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਅਧਿਕਾਰੀ ਤੇ ਸਿਆਸੀ ਆਗੂ ਵੀ ਹਾਜ਼ਰ ਸਨ।

# ਖੇਤੀ 'ਵਰਸਿਟੀ ਵਿੱਚ ਦੋ ਰੋਜ਼ਾ ਕਿਸਾਨ ਮੇਲਾ



ਟੋਹਾਣਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਵਿੱਚ 18 ਤੇ 19 ਮਾਰਚ ਨੂੰ ਦੋ ਰੋਜ਼ਾ ਕਿਸਾਨ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਕੀਤੀ ਮੀਟਿੰਗ ਬਾਰੇ ਯੂਨੀਵਰਸਿਟੀ ਦੇ ਅਧਿਕਾਰੀ ਡਾ. ਬਲਵਾਨ ਨੇ ਦੱਸਿਆ ਕਿ ਕਿਸਾਨ ਮੇਲਾ ਯੂਨੀਵਰਸਿਟੀ ਦੇ ਗੇਟ ਨੰਬਰ ਤਿੰਨ 'ਤੇ ਬਾਲਸੰਮਦ ਰੋਡ ਸਥਿਤ 'ਵਰਸਿਟੀ ਦੇ ਖੇਡ ਮੈਦਾਨ ਵਿੱਚ ਲੱਗੇਗਾ। ਮੇਲੇ ਵਿੱਚ ਹਰਿਆਣਾ ਦੇ ਕਿਸਾਨਾਂ ਤੋਂ ਇਲਾਵਾ ਪੰਜਾਬ, ਰਾਜਸਥਾਨ, ਦਿੱਲੀ, ਉੱਤਰ ਪ੍ਰਦੇਸ਼ ਦੇ ਕਿਸਾਨ, ਬੀਜ ਕੰਪਨੀਆਂ ਤੇ ਖੇਤੀ ਦੇ ਆਧੁਨਿਕ ਔਜ਼ਾਰ ਤਿਆਰ ਕਰਨ ਵਾਲੀਆਂ ਕੰਪਨੀਆਂ ਸਟਾਲ ਲਾਉਣਗੀਆਂ।

19 ਮਾਰਚ ਵਾਲੇ ਸਮਾਗਮ ਵਿੱਚ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਦੋ ਅਗਾਂਗਵਧੂ ਕਿਸਾਨ ਮਹਿਲਾ ਤੇ ਮਰਦਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਦੋ ਰੋਜ਼ਾ ਕਿਸਾਨ ਮੇਲੇ ਦੀ ਪ੍ਰਧਾਨਗੀ ਹਰਿਆਣਾ ਖੇਤੀਬਾੜੀ ਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਬੀ.ਆਰ. ਕੰਬੋਜ ਕਰਨਗੇ।

# ਕਾਂਗਰਸੀ ਆਗੂਆਂ ਵੱਲੋਂ ਪਿੰਡਾਂ ਦਾ ਦੌਰਾ



ਸ਼ਾਹਬਾਦ ਮਾਰਕੰਡਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਕਾਂਗਰਸ ਦੇ ਸੂਬਾ ਕਾਰਜਕਾਰਨੀ ਮੈਂਬਰ ਸੰਜੀਵ ਭੁੱਖੜੀ ਨੇ ਅੱਜ ਘਰ ਘਰ ਕਾਂਗਰਸ ਮੁਹਿੰਮ ਤਹਿਤ ਪਿੰਡ ਕਾਲਵਾ, ਬੁਹਾਵੀ ਤੇ ਸੰਘੋਰ ਦਾ ਦੌਰਾ ਕਰਕੇ ਲੋਕਾਂ ਨੂੰ ਪਾਰਟੀ ਦੀਆਂ ਨੀਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣਨ 'ਤੇ ਲੋਕਾਂ ਨੂੰ 300 ਯੂਨਿਟ ਬਿਜਲੀ ਮੁਫਤ, ਬਜ਼ੁਰਗਾਂ ਨੂੰ 6 ਹਜ਼ਾਰ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ ਅਤੇ ਨੌਜਵਾਨਾਂ ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਔਰਤਾਂ ਨੂੰ ਰਸੋਈ ਗੈਸ ਸਿਲੰਡਰ 500 ਰੁਪਏ ਵਿਚ ਮਿਲੇਗਾ। ਉਨ੍ਹਾਂ ਹਰਿਆਣਾ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਭਾਜਪਾ ਨੇ ਹੁਣ ਤੱਕ ਜਿੰਨੀਆਂ ਵੀ ਗਾਰੰਟੀਆਂ ਦਿੱਤੀਆਂ ਹਨ, ਉਹ ਪੂਰੀਆਂ ਨਹੀਂ ਹੋਈਆਂ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਕਿਸਾਨ ਤੇ ਮਜ਼ਦੂਰ ਵਿਰੋਧੀ ਹੈ। ਇਸ ਦੌਰਾਨ ਉਨ੍ਹਾਂ ਨੇ ਸੂਬੇ ਦੀ ਮਾੜੀ ਕਾਨੂੰਨ ਵਿਵਸਥਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਹਰ ਵਿਅਕਤੀ ਪ੍ਰੇਸ਼ਾਨ ਹੈ। ਸਰਕਾਰ ਕਾਨੂੰਨ ਵਿਵਸਥਾ ਬਣਾਏ ਰੱਖਣ ਵਿੱਚ ਨਾਕਾਮ ਹੋ ਚੁੱਕੀ ਹੈ ਤੇ ਵਪਾਰੀਆਂ ਨੂੰ ਫਿਰੌਤੀਆਂ ਲਈ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਕਦੇ ਆਮਦਨ, ਨਿਵੇਸ਼, ਰੁਜ਼ਗਾਰ ਤੇ ਕਾਨੂੰਨ ਵਿਵਸਥਾ ਵਿੱਚ ਪਹਿਲੇ ਸਥਾਨ 'ਤੇ ਸੀ, ਜੋ ਫਾਡੀ ਹੋ ਚੁੱਕਾ ਹੈ। ਇਸ ਮੌਕੇ ਜ਼ੋਨ ਇੰਚਾਰਜ ਪ੍ਰਿੰਸ ਘਿਸਰਪੜੀ, ਜੋਗਿੰਦਰ ਬੁਹਾਵੀ, ਅਮਨ ਸ਼ਰਮਾ ਬੁਹਾਵੀ, ਨੀਰਜ ਕੁਮਾਰ, ਸੋਹਣ ਕਸ਼ਯਪ, ਮਾਮ ਚੰਦ ਬੀੜ ਕਾਲਵਾ, ਪ੍ਰਦੀਪ ਈਸ਼ਰਹੇੜੀ, ਰਾਜ ਪਾਲ, ਬਲਦੇਵ ਸਿੰਘ, ਰਣਧੀਰ ਪਾਲ, ਧਿਆਨ ਚੰਦ ਤੇ ਹੋਰ ਪਾਰਟੀ ਵਰਕਰ ਮੌਜੂਦ ਸਨ।

# ਵਿਦਿਆਰਥਣਾਂ ਵੱਲੋਂ ਕਲਾ ਦਾ ਪ੍ਰਦਰਸ਼ਨ



ਪੰਚਕੂਲਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਮਹਿਲਾ ਕਾਲਜ ਪੰਚਕੂਲਾ ਸੈਕਟਰ-14 'ਚ 3 ਰੋਜ਼ਾ 'ਪੇਪਰ ਬੈਗ ਅਤੇ ਪੇਪਰ ਫਲਾਵਰ ਮੇਕਿੰਗ' ਵਰਕਸ਼ਾਪ ਕਰਵਾਈ ਗਈ। ਵਰਕਸ਼ਾਪ ਦਾ ਉਦਘਾਟਨ ਕਾਲਜ ਦੀ ਪ੍ਰਿੰਸੀਪਲ ਡਾ. ਰਿਚਾ ਸੇਤੀਆ ਨੇ ਕੀਤਾ। ਇਹ ਵਰਕਸ਼ਾਪ ਕਾਲਜ ਦੇ ਆਈਕਿਊਏਸੀ ਅਤੇ ਬੋਟਨੀ ਵਿਭਾਗ ਦੁਆਰਾ ਕਰਵਾਈ ਗਈ।

ਵਰਕਸ਼ਾਪ ਵਿੱਚ ਬੀਐੱਸਸੀ ਮੈਡੀਕਲ ਅਤੇ ਐੱਮਐੱਸਸੀ ਬਾਇਓਲੋਜੀ ਵਿਭਾਗਾਂ ਦੀਆਂ ਕੁਲ 41 ਵਿਦਿਆਰਥਣਾਂ ਨੇ ਭਾਗ ਲਿਆ। ਆਈਕਿਊਏਸੀ ਕੋਆਰਡੀਨੇਟਰ ਸ੍ਰੀਮਤੀ ਤਾਰਾ ਜਯੰਤ ਦੀ ਮਦਦ ਨਾਲ ਵਿਦਿਆਰਥੀਆਂ ਨੇ ਪੇਪਰ ਬੈਗ ਅਤੇ ਕਾਗਜ਼ ਦੇ ਫੁੱਲ ਬਣਾ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਕਾਲਜ ਦੀ ਪ੍ਰਿੰਸੀਪਲ ਰਿਚਾ ਸੇਤੀਆ ਨੇ ਦੱਸਿਆ ਕਿ ਪੇਪਰ ਬੈਗ ਮੇਕਿੰਗ ਵਿੱਚ ਸਨੇਹਾ ਮਲਿਕ ਪਹਿਲੇ, ਨੈਨਸੀ ਦੂਜੇ ਅਤੇ ਤਨੂ ਤੀਜੇ ਸਥਾਨ 'ਤੇ ਰਹੀ। ਪੇਪਰ ਫੁੱਲ ਮੇਕਿੰਗ ਵਿੱਚ ਅੰਜਲੀ ਪਹਿਲੇ, ਈਸ਼ਾ ਦੂਜੇ ਅਤੇ ਤਨੂ ਤੀਜੇ ਸਥਾਨ 'ਤੇ ਰਹੀ।

# ਵਾਹਨ ਚੋਰੀ ਕਰਨ ਦੇ ਦੋਸ਼ ਹੇਠ ਪੰਜ ਕਾਬੂ

ਫਰੀਦਾਬਾਦ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੁਲੀਸ ਨੇ ਵਾਹਨ ਚੋਰੀ ਕਰਨ ਦੇ ਦੋਸ਼ ਹੇਠ 5 ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਪੁਲੀਸ ਬੁਲਾਰੇ ਸੂਬਾ ਸਿੰਘ ਨੇ ਦੱਸਿਆ ਕਿ ਸੰਦੀਪ, ਬਬਲੂ, ਦਿਨੇਸ਼ ਉਰਫ਼ ਗੰਜਾ, ਅਭਿਸ਼ੇਕ ਅਤੇ ਆਰਿਫ਼ ਸ਼ਾਮਲ ਹਨ। ਮੁਲਜ਼ਮ ਸੰਦੀਪ ਪਲਵਲ ਦਾ ਰਹਿਣ ਵਾਲਾ ਹੈ, ਜਦੋਂ ਕਿ ਮੁਲਜ਼ਮ ਬਬਲੂ ਅਤੇ ਦਿਨੇਸ਼ ਉਰਫ਼ ਗਾਂਜਾ ਸੰਜੇ ਕਲੋਨੀ ਦਾ ਵਸਨੀਕ ਹੈ ਅਤੇ ਆਰਿਫ਼ ਨੂਹਾਨ ਦਾ ਰਹਿਣ ਵਾਲਾ ਹੈ। ਪੁਲੀਸ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਪਲਵਲ ਅਤੇ ਗੁਰੂਗ੍ਰਾਮ ਵਿੱਚ ਪਹਿਲਾਂ ਵੀ ਚੋਰੀ ਦੇ ਕੇਸ ਦਰਜ ਹਨ। ਮੁਲਜ਼ਮ ਆਰਿਫ਼ ਖ਼ਿਲਾਫ਼ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ, ਜਿਸ ਲਈ ਉਸ ਨੂੰ ਪੁਲੀਸ ਰਿਮਾਂਡ 'ਤੇ ਲਿਆ ਹੈ। ਕ੍ਰਾਈਮ ਬ੍ਰਾਂਚ ਸੈਕਟਰ-48 ਦੀ ਟੀਮ ਨੇ ਐਨਆਈਟੀ ਪੁਲੀ ਨੰਬਰ 3 ਨੇੜਿਓਂ ਮੁਲਜ਼ਮ ਅਭਿਸ਼ੇਕ ਉਰਫ ਗੁੱਲੂ ਨੂੰ ਆਟੋ ਸਮੇਤ ਕਾਬੂ ਕੀਤਾ, ਜੋ ਕਿ ਉਸ ਨੇ ਜਲਸਾ ਤੋਂ ਚੋਰੀ ਕੀਤਾ ਸੀ।

# ਕਬੂਤਰਬਾਜ਼ੀ ਦੇ ਮਾਮਲੇ ਵਿੱਚ ਮੁਲਜ਼ਮ ਗ੍ਰਿਫ਼ਤਾਰ

ਅੰਬਾਲਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਬਰਾੜਾ ਵਿਚ ਦਰਜ ਕਬੂਤਰਬਾਜ਼ੀ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਪੁਲੀਸ ਨੇ ਮੁਲਜ਼ਮ ਰਾਜ ਕੁਮਾਰ ਵਾਸੀ ਵਾਰਡ ਨੰਬਰ-1, ਢੁਰਲਕ ਰੋਡ ਘਰੌਂਡਾ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਦੇ ਹੁਕਮਾਂ 'ਤੇ ਦੋ ਦਿਨ ਦੇ ਰਿਮਾਂਡ 'ਤੇ ਲਿਆ ਹੈ। ਇਸ ਮਾਮਲੇ ਸਬੰਧੀ ਫੂਲ ਚੰਦ ਨਿਵਾਸੀ ਉਗਾਲਾ ਨੇ 4 ਮਈ 2023 ਨੂੰ ਥਾਣਾ ਬਰਾੜਾ ਵਿਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਮੁਲਜ਼ਮ ਰਾਜ ਕੁਮਾਰ ਅਤੇ ਹੋਰਨਾਂ ਨੇ ਉਸ ਦੇ ਲੜਕੇ ਅਜੇ ਕੁਮਾਰ ਨੂੰ ਸਪੇਨ ਤੋਂ ਅਮਰੀਕਾ ਭੇਜਣ ਲਈ 15 ਮਾਰਚ 2023 ਨੂੰ 20 ਲੱਖ ਰੁਪਏ ਲਏ ਸਨ। ਮੁਲਜ਼ਮ ਨੇ ਨਾ ਤਾਂ ਉਸ ਦੇ ਲੜਕੇ ਨੂੰ ਅਮਰੀਕਾ ਭੇਜਿਆ ਅਤੇ ਨਾ ਹੀ ਰਕਮ ਵਾਪਸ ਕੀਤੀ। ਪੁਲੀਸ ਨੇ ਰਾਜ ਕੁਮਾਰ ਅਤੇ ਜਸਬੀਰ ਖ਼ਿਲਾਫ਼ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵੱਖ ਵੱਖ ਸ਼ਖਸੀਅਤਾਂ ਦਾ ਸਨਮਾਨ




ਚੰਡੀਗੜ੍ਹ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਵਿਖੇ ਪਹਿਲਾ 'ਦਿ ਟ੍ਰਿਬਿਊਨ ਲਾਈਫ਼ ਸਟਾਈਲ ਐਵਾਰਡਜ਼-2024' ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਵਿੱਤ, ਕਰ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਸ਼ਿਰਕਤ ਕੀਤੀ। ਟ੍ਰਿਬਿਊਨ ਟਰੱਸਟ ਦੇ ਜਨਰਲ ਮੈਨੇਜਰ ਅਮਿਤ ਸ਼ਰਮਾ ਤੇ ਐਸੋਸੀਏਟ ਐਡੀਟਰ ਸੰਜੀਵ ਬਰਿਆਣਾ ਪ੍ਰੋਗਰਾਮ 'ਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਟ੍ਰਿਬਿਊਨ ਸਮੂਹ ਵੱਲੋਂ ਕਰਵਾਏ 'ਲਾਈਫ਼ ਸਟਾਈਲ ਐਵਾਰਡਜ਼-2024' ਦੀ ਸ਼ਲਾਘਾ ਕੀਤੀ ਜਿਸ 'ਚ ਉੱਤਰੀ ਖੇਤਰ ਦੀਆਂ ਉੱਘੀਆਂ ਹਸਤੀਆਂ ਨੂੰ ਸਨਮਾਨਿਤ ਕੀਤਾ। ਟ੍ਰਿਬਿਊਨ ਸਮੂਹ ਵੱਲੋਂ ਇਹ ਐਵਾਰਡ ਸ਼ੋਅ ਸੁਭਾਸ਼ ਮਾਂਗਟ ਐਂਡ ਗਰੁੱਪ ਅਤੇ ਗਲੋਬ ਟੋਇਟਾ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਟ੍ਰਿਬਿਊਨ ਸਮੂਹ ਵੱਲੋਂ ਵੱਖ-ਵੱਖ ਖੇਤਰਾਂ ਦੀਆਂ ਨਾਮਵਰ ਹਸਤੀਆਂ ਨੂੰ ਸਨਮਾਨਤ ਕਰਨਾ ਇਕ ਸ਼ਲਾਘਾਯੋਗ ਉਪਰਾਲਾ ਹੈ ਇਨ੍ਹਾਂ ਨਾਮਵਰ ਸ਼ਖਸੀਅਤਾਂ ਦੇ ਜੀਵਨ ਤੋਂ ਸੇਧ ਲੈ ਕੇ ਨੌਜਵਾਨ ਉਤਸ਼ਾਹਿਤ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਟ੍ਰਿਬਿਊਨ ਅਦਾਰੇ ਨੇ ਅਜਿਹਾ ਕਾਰਜ ਕਰਕੇ ਜਿੱਥੇ ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਹੈ ਉੱਥੇ ਇਕ ਉੱਚਾ ਪਲੇਟਫੋਰਮ ਮੁਹੱਈਆ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਟ੍ਰਿਬਿਊਨ ਸਮੂਹ ਸਮਾਜ ਭਲਾਈ ਕਾਰਜਾਂ ਲਈ ਹਮੇਸ਼ਾ ਹੀ ਜਾਣਿਆ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ ਕੈਬਨਿਟ ਮੰਤਰੀ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਖ-ਵੱਖ ਖੇਤਰਾਂ ਵਿੱਚ ਵਧ ਚੜ੍ਹ ਕੇ ਕੰਮ ਕਰਨ ਤਾਂ ਜੋ ਪੰਜਾਬ ਦਾ ਨਾਮ ਦੁਨੀਆਂ ਭਰ ਵਿੱਚ ਰੋਸ਼ਨ ਕੀਤਾ ਜਾ ਸਕੇ। ਇਸ ਮੌਕੇ ਜਾਦੂਗਰ ਆਸ਼ੀਸ਼ ਨੇ ਜਾਦੂਗਰੀ ਦੇ ਟ੍ਰਿਕ ਦਿਖਾ ਕੇ ਲੋਕਾਂ ਦਾ ਮਨ ਮੋਹਿਆ। ਦੱਸਣਯੋਗ ਹੈ ਕਿ ਦਿ ਟ੍ਰਿਬਿਊਨ ਵੱਲੋਂ ਪਹਿਲੀ ਵਾਰ 'ਲਾਈਫ਼ ਸਟਾਈਲ ਐਵਾਰਡਜ਼-2024' ਪ੍ਰੋਗਰਾਮ ਕਰਵਾਇਆ ਗਿਆ ਹੈ। ਇਸ ਵਿੱਚ ਇਮੀਗ੍ਰੇਸ਼ਨ, ਆਈਲੈਟਸ, ਸਿਹਤ, ਰੀਅਲ ਅਸਟੇਟ, ਫੂਡ, ਸਿੱਖਿਆ ਸਮੇਤ ਹੋਰਨਾਂ ਖੇਤਰਾਂ ਵਿੱਚ ਮੱਲ੍ਹਾਂ ਮਾਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ ਹੈ।

# ਕਾਲਜ ਵਿੱਚ ਤ੍ਰੈ-ਭਾਸ਼ੀ ਕਵਿਤਾ ਮੁਕਾਬਲੇ ਕਰਵਾਏ




ਸ਼ਾਹਬਾਦ ਮਾਰਕੰਡਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਉਰਦੂ ਸ਼ਾਇਰ ਪ੍ਰੋ. ਆਰਪੀ ਸ਼ੇਖ ਦੀ ਯਾਦ ਵਿਚ ਸਥਾਨਕ ਮਾਰਕੰਡਾ ਨੈਸ਼ਨਲ ਕਾਲਜ ਵਿੱਚ ਤ੍ਰੈ-ਭਾਸ਼ੀ ਕਵਿਤਾ ਮੁਕਾਬਲਾ ਕਰਵਾਇਆ ਗਿਆ। ਇਸ ਸਬੰਧੀ ਸਮਾਗਮ ਦੀ ਪ੍ਰਧਾਨਗੀ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਯਸ਼ਪਾਲ ਵਧਵਾ ਨੇ ਕੀਤੀ। ਉਨ੍ਹਾਂ ਨੇ ਮਰਹੂਮ ਸ਼ੇਖ ਦੀ ਸ਼ਾਇਰੀ ਬਾਰੇ ਚਰਚਾ ਕਰਦਿਆਂ ਕਿਹਾ ਕਿ ਪ੍ਰੋ. ਸ਼ੇਖ ਦੇ ਕਲਾਮ ਵਿਚ ਮਹਾਨ ਸ਼ਾਇਰ ਅਸ਼ਦ ਅੱਲਾ ਖਾਂ ਗਾਲਿਬ ਦਾ ਫਲਸਫਾ ਤੇ ਅੰਦਾਜ ਝਲਕਦਾ ਹੈ।

ਉਨ੍ਹਾਂ ਦੱਸਿਆ ਕਿ ਪ੍ਰੋ. ਸ਼ੇਖ ਨੇ ਇਕ ਆਦਰਸ਼ ਅਧਿਆਪਕ ਤੇ ਕਵੀ ਵਜੋਂ ਸਮਾਜ ਨੂੰ ਆਪਣਾ ਜੀਵਨ ਸਮਰਪਿਤ ਕੀਤਾ। ਉਨ੍ਹਾਂ ਨੇ ਪ੍ਰੋ. ਸ਼ੇਖ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ। ਇਸ ਤੋਂ ਪਹਿਲਾਂ ਉਨ੍ਹਾਂ ਤੇ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ੋਕ ਕੁਮਾਰ ਨੇ ਮਾਂ ਸਰਸਵਤੀ ਦੇ ਸਾਹਮਣੇ ਦੀਪ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਅਸ਼ੋਕ ਕੁਮਾਰ ਨੇ ਦੱਸਿਆ ਕਿ ਮੁਕਾਬਲੇ ਵਿਚ ਵੱਖ-ਵੱਖ ਕਾਲਜਾਂ ਦੇ ਕਰੀਬ 30 ਵਿਦਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਨੇ ਕਾਲਜਾਂ ਤੋਂ ਆਏ ਭਾਗੀਦਾਰਾਂ ਦੀ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਜੀਵਨ ਦੌਰਾਨ ਸਟੇਜ 'ਤੇ ਆ ਕੇ ਆਪਣੀ ਪ੍ਰਤਿਭਾ ਨੂੰ ਨਿਖਾਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਮੁਕਾਬਲਿਆਂ ਵਿਚ ਪੰਜਾਬੀ ਕਵਿਤਾ ਵਿਚ ਗੁਰਜੋਤ ਸਿੰਘ ਨੇ ਪਹਿਲਾ ਤੇ ਖੁਸ਼ੀ ਨੇ ਦੂਜਾ, ਹਿੰਦੀ ਕਵਿਤਾ ਵਿਚ ਮੰਨਤ ਨੇ ਪਹਿਲਾ ਤੇ ਦਿਵਿਆਂਸ਼ੀ ਨੇ ਦੂਜਾ, ਅੰਗਰੇਜ਼ੀ ਕਵਿਤਾ ਵਿਚ ਆਰਜ਼ੂ ਨੇ ਪਹਿਲਾ ਦੀਪਾਂਸ਼ੀ ਨੇ ਦੂਜਾ, ਉਰਦੂ ਵਿਚ ਰਬਨੂਰ ਨੇ ਪਹਿਲਾ ਤੇ ਅੰਕੁਸ਼ ਨੇ ਦੂਜਾ, ਕੈਰੀ ਓਕੇ ਮੁਕਾਬਲੇ ਵਿਚ ਰਬਨੂਰ ਨੇ ਪਹਿਲਾ, ਗੁਰਜੋਤ ਨੇ ਦੂਜਾ ਤਰੁਣ ਕੁਮਾਰ ਨੇ ਤੀਜਾ ਸਥਾਨ ਹਾਸਲ ਕੀਤਾ।

ਇਸ ਦੌਰਾਨ ਟਰਾਫੀ ਜੀਐਮਐਨ ਕਾਲਜ ਅੰਬਾਲਾ ਛਾਉਣੀ ਨੇ ਜਿੱਤੀ। ਜੱਜਮੈਂਟ ਦੀ ਭੂਮਿਕਾ ਕੁਲਵੰਤ ਸਿੰਘ ਚਾਵਲਾ ਰਫੀਕ, ਸੁਰਿੰਦਰ ਬਾਂਸਲ ਤੇ ਬ੍ਰਿਜ ਸ਼ਰਮਾ ਨੇ ਨਿਭਾਈ। ਇਸ ਮੌਕੇ ਪ੍ਰੋ. ਸ਼ਾਲਿਨੀ ਸ਼ਰਮਾ, ਡਾ. ਦੇਵ ਰਾਜ, ਪ੍ਰੋ. ਚੂਹੜ ਸਿੰਘ, ਡਾ. ਜਵਾਹਰ ਲਾਲ ਤੇ ਭਾਵਨੀ ਤੇਜ ਪਾਲ ਆਦਿ ਹਾਜ਼ਰ ਸਨ।

# ਭਾਜਪਾ ਦੀਆਂ ਲੋਕ ਮਾਰੂ ਨੀਤੀਆਂ ਤੋਂ ਵਪਾਰੀ ਪ੍ਰੇਸ਼ਾਨ: ਗੁਪਤਾ

ਸ਼ਾਹਬਾਦ ਮਾਰਕੰਡਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੁਰੂਕਸ਼ੇਤਰ ਲੋਕ ਸਭਾ ਹਲਕੇ ਤੋਂ ਇੰਡੀਆ ਗੱਠਜੋੜ ਤਹਿਤ 'ਆਪ' ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਅਤੇ ਵਿਧਾਇਕ ਮੇਵਾ ਸਿੰਘ ਨੇ ਅਨਾਜ ਮੰਡੀ ਬਾਬੈਨ ਵਿਚ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਦਾ ਵਪਾਰੀ ਵਰਗ ਭਾਜਪਾ ਦੀਆਂ ਨੀਤੀਆਂ ਤੋਂ ਤੰਗ ਆ ਚੁੱਕਾ ਹੈ। ਇਸ ਲਈ ਉਹ ਸੂਬੇ ਵਿੱਚ ਸੱਤਾ ਤਬਦੀਲੀ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇੰਡੀਆ ਗੱਠਜੋੜ ਕੁਰੂਕਸ਼ੇਤਰ ਲੋਕ ਸਭਾ ਹਲਕਾ ਦੇ ਨਾਲ ਨਾਲ ਸੂਬੇ ਦੀਆਂ ਸਾਰੀਆਂ 10 ਸੀਟਾਂ 'ਤੇ ਜਿੱਤ ਹਸਲ ਕਰੇਗਾ। ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਬਦਲ ਦਿੱਤੇ ਜਾਣ ਨੂੰ ਲੈ ਕੇ ਆਪਣੀ ਪ੍ਰਕਿਰਿਆ ਦਿੰਦੇ ਹੋਏ ਕਿਹਾ ਕਿ ਸਿਰਫ ਚਿਹਰਾ ਬਦਲਣ ਨਾਲ ਹੀ ਭਾਜਪਾ ਆਪਣੀ ਅਸਲੀਅਤ ਨੂੰ ਨਹੀਂ ਲੁਕਾ ਸਕਦੀ। ਗੁਪਤਾ ਨੇ ਕਿਹਾ ਕਿ ਭਾਜਪਾ ਸਰਕਾਰ ਸੂਬੇ ਦੇ ਲੋਕਾਂ ਨਾਲ ਪੋਰਟਲ ਪੋਰਟਲ ਖੇਡ ਰਹੀ ਹੈ। ਸੂਬੇ ਵਿਚ ਮਹਿੰਗਾਈ ਨੰਬਰ ਇਕ 'ਤੇ ਹੈ। ਗੁਪਤਾ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਬਾਬੈਨ ਮੰਡੀ ਵਿਚ ਪਿਛਲੇ ਲੰਮੇ ਸਮੇਂ ਤੋਂ ਪਾਣੀ ਦੀ ਨਿਕਾਸੀ ਵਿਚ ਦਿੱਕਤ ਨਾਲ ਕਿਸਾਨ ਤੇ ਵਪਾਰੀ ਪ੍ਰੇਸ਼ਾਨ ਹਨ ਤੇ ਉਹ ਇਸ ਸਮੱਸਿਆ ਦਾ ਹੱਲ ਪ੍ਰਮੁੱਖਤਾ ਨਾਲ ਕਰਾਉਣਗੇ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਾਉਣਾ ਉਨ੍ਹਾਂ ਦੀ ਪਹਿਲ ਹੋਵੇਗੀ। ਲਾਡਵਾ ਦੇ ਵਿਧਾਇਕ ਮੇਵਾ ਸਿੰਘ ਨੇ ਡਾ ਸੁਸ਼ੀਲ ਗੁਪਤਾ ਨੂੰ ਭਰੋਸਾ ਦਿਵਾਇਆ ਕਿ ਕਾਂਗਰਸ ਪਾਰਟੀ ਦਾ ਇਕ ਇਕ ਕਾਰਕੁਨ ਉਨ੍ਹਾਂ ਨਾਲ ਖੜ੍ਹਾ ਹੈ। ਇਸ ਮੌਕੇ ਪਾਰਟੀ ਦੇ ਕਿਸਾਨ ਸੈੱਲ ਦੇ ਸੂਬਾ ਮੀਤ ਪ੍ਰਧਾਨ ਗੁਰਦੇਵ ਸੁਰਾ ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਨਾਇਬ ਸਿੰਘ ਪਟਾਕ ਮਾਜਰਾ, ਡਾ. ਸਾਰਿਕਾ, ਗੁਰਪ੍ਰੀਤ ਕੌਲਾ ਪੁਰ, ਜਗਦੀਪ ਕੌਰ, ਸੰਦੀਪ ਸਮਾਨੀ, ਖੇਮ ਚੰਦ, ਲਾਭ ਸਿੰਘ ਅੰਟਾਲ ਤੇ ਸ਼ਮਸ਼ੇਰ ਮਲਿਕ ਆਦਿ ਹਾਜ਼ਰ ਸਨ।

# ਮਾਤਾ ਮਨਸਾ ਦੇਵੀ ਕੰਪਲੈਕਸ ਦੇ ਨਵੇਂ ਗਲਿਆਰੇ ਦਾ ਨੀਂਹ ਪੱਥਰ ਰੱਖਿਆ



ਪੰਚਕੂਲਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਮਾਤਾ ਮਨਸਾ ਦੇਵੀ ਮੰਦਰ ਨੇੜੇ 6.11 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਵਾਧੂ ਗਲਿਆਰੇ ਦਾ ਨੀਂਹ ਪੱਥਰ ਰੱਖਿਆ। ਇਸ ਕੋਰੀਡੋਰ ਦਾ ਨਿਰਮਾਣ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਵੱਲੋਂ ਕੀਤਾ ਜਾਵੇਗਾ ਅਤੇ ਇਹ ਕੰਮ ਕਰੀਬ ਛੇ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ। ਸ੍ਰੀ ਗੁਪਤਾ ਨੇ ਕਿਹਾ ਕਿ ਮਾਤਾ ਮਨਸਾ ਦੇਵੀ ਮੰਦਰ ਨਾ ਸਿਰਫ਼ ਸ਼ਹਿਰ ਦੀ ਵਿਲੱਖਣ ਪਛਾਣ ਹੈ, ਸਗੋਂ ਕਰੋੜਾਂ ਲੋਕਾਂ ਦੀ ਆਸਥਾ ਦਾ ਕੇਂਦਰ ਵੀ ਹੈ। ਉਨ੍ਹਾਂ ਕਿਹਾ ਕਿ ਮੰਦਰ ਕੰਪਲੈਕਸ ਨੂੰ ਕਾਸ਼ੀ ਕੋਰੀਡੋਰ ਦੀ ਤਰਜ਼ 'ਤੇ ਵਿਕਸਤ ਕੀਤਾ ਜਾਵੇਗਾ। ਨਵੀਂ ਉਸਾਰੀ ਸੈਂਟਰਲ ਬਿਲਡਿੰਗ ਰਿਸਰਚ ਇੰਸਟੀਚਿਊਟ, ਰੁੜਕੀ ਦੁਆਰਾ ਤਿਆਰ ਡਰਾਇੰਗ ਅਨੁਸਾਰ ਹੋਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਸੁਸ਼ੀਲ ਸਾਰਵਾਨ, ਨਗਰ ਨਿਗਮ ਦੇ ਮੇਅਰ ਕੁਲਭੂਸ਼ਣ ਗੋਇਲ ਅਤੇ ਨਗਰ ਨਿਗਮ ਕਮਿਸ਼ਨਰ ਸਚਿਨ ਗੁਪਤਾ, ਸ਼ਰਾਈਨ ਬੋਰਡ ਦੇ ਸੀਈਓ ਅਸ਼ੋਕ ਕੁਮਾਰ ਬਾਂਸਲ ਆਦਿ ਹਾਜ਼ਰ ਸਨ।

# ਨਾਇਬ ਸਿੰਘ ਸੈਣੀ ਨੇ ਗੁਰੂ ਰਵਿਦਾਸ ਯਾਦਗਾਰ ਦਾ ਨੀਂਹ ਪੱਥਰ ਰੱਖਿਆ



ਸ਼ਾਹਬਾਦ ਮਾਰਕੰਡਾ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਮੌਜੂਦਗੀ ਵਿਚ ਕੁਰੂਕਸ਼ੇਤਰ ਦੇ ਉਮੜੀ ਰੋਡ ਸਥਿਤ 5.39 ਏਕੜ ਜ਼ਮੀਨ ਵਿੱਚ ਬਣਨ ਵਾਲੇ ਸ਼੍ਰੋਮਣੀ ਗੁਰੂ ਰਵਿਦਾਸ ਸਮਾਰਕ ਦਾ ਨੀਂਹ ਪੱਥਰ ਰੱਖਿਆ। ਇਸ ਯਾਦਗਾਰ ਦੀ ਉਸਾਰੀ 'ਤੇ ਕਰੀਬ 25 ਕਰੋੜ ਰੁਪਏ ਖਰਚ ਹੋਣਗੇ। ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਗੁਰੂ ਰਵਿਦਾਸ ਯਾਦਗਾਰ ਦਾ ਨੀਂਹ ਪੱਥਰ ਰੱਖਣ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਅਗਸਤ 2023 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੱਧ ਪ੍ਰਦੇਸ਼ ਵਿਚ ਗੁਰੂ ਰਵਿਦਾਸ ਦੇ ਵਿਸ਼ਾਲ ਮੰਦਰ ਦਾ ਨੀਂਹ ਪੱਥਰ ਰਖਿੱਆ ਸੀ, ਜਿਸ ਦੀ ਸ਼ਾਨਦਾਰ ਇਮਾਰਤ ਨੂੰ ਬਣਦੇ ਦੇਖ ਉਨ੍ਹਾਂ ਦੇ ਮਨ ਵਿਚ ਹਰਿਆਣਾ ਵਿਚ ਵੀ ਗੁਰੂ ਰਵਿਦਾਸ ਦੀ ਯਾਦਗਾਰ ਬਣਾਉਣ ਦਾ ਵਿਚਾਰ ਆਇਆ।

ਇਸ ਦੌਰਾਨ ਉਨ੍ਹਾਂ ਗੁਰੂ ਰਵਿਦਾਸ ਨੂੰ ਸਿਜਦਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਨੇ ਸੂਬੇ ਦੇ ਗਰੀਬਾਂ, ਨੌਜਵਾਨਾਂ, ਨਾਰੀ ਸ਼ਕਤੀ ਤੇ ਕਿਸਾਨਾਂ ਦੇ ਵਿਕਾਸ ਲਈ ਪਹਿਲ ਕਦਮੀ ਕਰਦਿਆਂ ਕਈ ਭਲਾਈ ਸਕੀਮਾਂ ਲਾਗੂ ਕੀਤਆਂ ਹਨ। ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਹੁਣ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਇਨ੍ਹਾਂ ਸਕੀਮਾਂ ਨੂੰ ਲਗਾਤਾਰ ਅੱਗੇ ਲਿਜਾਉਣ ਲਈ ਕੰਮ ਕਰਨਗੇ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਮਨੋਹਰ ਲਾਲ ਖੱਟਰ ਵਲੋਂ ਲਾਗੂ ਕੀਤੀਆਂ ਗਈਆਂ ਨੀਤੀਆਂ ਤੇ ਯੋਜਨਾਵਾਂ ਨੂੰ ਹਰ ਘਰ ਤਕ ਪਹੁੰਚਾਇਆ ਜਾਵੇਗਾ। ਉਨ੍ਹਾਂ ਵਲੋਂ ਬਣਾਈਆਂ ਸਕੀਮਾਂ ਦੇ ਨਤੀਜੇ ਵਜੋਂ ਅੱਜ 12 ਲੱਖ ਤੋਂ ਵੱਧ ਗਰੀਬ ਪਰਿਵਾਰ ਗਰੀਬੀ ਰੇਖਾ ਤੋਂ ਬਾਹਰ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀਆਂ ਨੀਤੀਆਂ ਵਜੋਂ ਅੱਜ ਹਰਿਆਣਾ ਵਿਚ ਇਕ ਤਰਫਾ ਮਾਹੌਲ ਬਣਿਆ ਹੋਇਆ ਹੈ। ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਸੂਬੇ ਦੇ ਲੋਕ ਸਾਰੀਆਂ 10 ਲੋਕ ਸਭਾ ਸੀਟਾਂ ਭਾਜਪਾ ਦੀ ਝੋਲੀ ਪਾਉਣਗੇ।

# ਰੇਵਾੜੀ ਫੈਕਟਰੀ ਧਮਾਕਾ: ਮੁੱਖ ਮੰਤਰੀ ਵੱਲੋਂ ਨਿਆਂਇਕ ਜਾਂਚ ਦੇ ਹੁਕਮ



ਚੰਡੀਗੜ੍ਹ, 21 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰੇਵਾੜੀ ਜ਼ਿਲ੍ਹੇ ਵਿੱਚ ਇੱਕ ਕਲਪੁਰਜੇ ਬਣਾਉਣ ਵਾਲੀ ਕੰਪਨੀ ਦੀ ਫੈਕਟਰੀ ਵਿਚ ਬੁਆਇਲਰ ਧਮਾਕੇ ਦੀ ਘਟਨਾ ਦੀ ਨਿਆਂਇਕ ਜਾਂਚ ਦੇ ਹੁਕਮ ਦਿੱਤੇ ਹਨ। ਇਸ ਹਾਦਸੇ ਵਿੱਚ 40 ਮਜ਼ਦੂਰ ਜ਼ਖ਼ਮੀ ਹੋ ਗਏ ਹਨ। ਅਧਿਕਾਰੀਆਂ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਨੇ ਉਪ ਮੰਡਲ ਮੈਜਿਸਟਰੇਟ (ਐਸਡੀਐਮ) ਦੀ ਅਗਵਾਈ ਵਿੱਚ ਜਾਂਚ ਦੇ ਹੁਕਮ ਦਿੱਤੇ ਹਨ। ਸੈਣੀ ਨੇ ਰੇਵਾੜੀ ਦੇ ਡਿਪਟੀ ਕਮਿਸ਼ਨਰ ਨੂੰ ਜ਼ਖ਼ਮੀਆਂ ਦਾ ਬਿਹਤਰੀਨ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਹਨ। ਪੁਲੀਸ ਨੇ ਦੱਸਿਆ ਕਿ ਸ਼ਨਿਚਰਵਾਰ ਨੂੰ ਰੇਵਾੜੀ ਜ਼ਿਲ੍ਹੇ ਦੇ ਧਾਰੂਹੇੜਾ ਦੇ ਉਦਯੋਗਿਕ ਖੇਤਰ ਵਿੱਚ ਇੱਕ 'ਆਟੋ ਪਾਰਟਸ' ਬਣਾਉਣ ਵਾਲੀ ਕੰਪਨੀ ਦੇ ਬੁਆਇਲਰ 'ਚ ਧਮਾਕਾ ਹੋਣ ਕਾਰਨ ਲਗਪਗ 40 ਮਜ਼ਦੂਰ ਝੁਲਸ ਗਏ।

# ਸਾਡੀ ਅਕਾਲੀ ਦਲ ਨਾਲ ਗੱਲਬਾਤ ਜਾਰੀ ਹੈ ਅਤੇ 2-3 ਦਿਨਾਂ 'ਚ ਇਸ ਬਾਬਤ ਸਥਿਤੀ ਸਪੱਸ਼ਟ ਹੋ ਜਾਵੇਗੀ : ਸ਼ਾਹ

**ਨਵੀਂ ਦਿੱਲੀ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾਂ ਚੋਣਾਂ 2024 ਦਾ ਬਿਗੁਲ ਵਜ ਚੁੱਕਾ ਹੈ, ਜਿਸ ਨੂੰ ਲੈ ਕੇ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਕਾਲੀ ਦਲ ਨਾਲ ਗਠਜੋੜ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡੀ ਅਕਾਲੀ ਦਲ ਨਾਲ ਗੱਲਬਾਤ ਜਾਰੀ ਹੈ ਅਤੇ 2-3 ਦਿਨਾਂ 'ਚ ਇਸ ਬਾਬਤ ਸਥਿਤੀ ਸਪੱਸ਼ਟ ਹੋ ਜਾਵੇਗੀ। ਸੀਟਾਂ ਦੀ ਵੰਡ ਨੂੰ ਲੈ ਕੇ ਜੇਕਰ ਸਥਿਤੀ ਸਾਫ਼ ਹੁੰਦੀ ਹੈ ਤਾਂ 2-3 ਦਿਨਾਂ ਵਿਚ ਗਠਜੋੜ ਸੰਭਵ ਹੈ। ਸ਼ਾਹ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਐੱਨ.ਡੀ.ਏ. ਦੇ ਸਾਰੇ ਸਹਿਯੋਗੀ ਇਕ ਮੰਚ 'ਤੇ ਇਕੱਠੇ ਹੋਣ। ਦੱਸ ਦੇਈਏ ਕਿ ਅਕਾਲੀ-ਭਾਜਪਾ ਦਾ ਗਠਜੋੜ ਕਿਸਾਨ ਅੰਦੋਲਨ ਅਤੇ ਤਿੰਨ ਕਾਲੇ ਖੇਤੀ



ਕਾਨੂੰਨਾਂ ਕਾਰਨ ਟੁੱਟਿਆ ਸੀ, ਕਿਉਂਕਿ ਕਿਸਾਨ ਪਿੰਡ ਬਾਦਲ ਜਾ ਕੇ ਬੈਠ ਗਏ ਸਨ। ਹੁਣ ਇਹ ਗਠਜੋੜ ਫਿਰ ਤੋਂ ਜੁੜ ਸਕਦਾ ਹੈ। ਸ਼ਾਹ ਮੁਤਾਬਕ ਕੁਝ ਪ੍ਰਪੋਜਲ ਸਾਨੂੰ ਭੇਜੇ ਜਾ ਰਹੇ ਹਨ। ਹਾਲਾਂਕਿ ਅਕਾਲੀ ਦਲ ਵਲੋਂ ਇਸ ਬਾਬਤ ਖੁੱਲ੍ਹ ਕੇ ਗੱਲਬਾਤ ਨਹੀਂ ਕੀਤੀ ਗਈ। ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਸਾਨੂੰ 370 ਪਾਰ ਦਾ ਸੁਫ਼ਨਾ ਪੂਰਾ ਕਰਨਾ ਹੈ ਤਾਂ ਸਾਨੂੰ ਪੰਜਾਬ ਦੇ ਸਹਿਯੋਗ ਦੀ ਲੋੜ ਹੈ। ਦੱਸਣਯੋਗ ਹੈ ਕਿ ਭਾਜਪਾ ਲੋਕ ਸਭਾ ਚੋਣਾਂ ਨੂੰ ਲੈ ਕੇ ਹੁਣ ਤੱਕ 'ਅਬ ਕੀ ਬਾਰ 400 ਪਾਰ' ਦਾ ਨਾਅਰਾ ਦਿੰਦੀ ਰਹੀ ਹੈ।

ਓਧਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਨੇ ਇਹ ਬਿਆਨ ਦਿੱਤਾ ਸੀ ਕਿ ਉਹ ਦਿੱਲੀ ਗਏ ਹੀ ਨਹੀਂ ਤਾਂ ਗਠਜੋੜ ਦਾ ਸਵਾਲ ਹੀ ਨਹੀਂ ਪਰ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਕਾਫੀ ਅਹਿਮ ਹੈ। ਦਰਅਸਲ ਸੁਖਬੀਰ ਦਾ ਇਹ ਬਿਆਨ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਕਿਸਾਨ ਅੰਦੋਲਨ2.0 ਕਾਰਨ ਹੈ, ਕਿਉਂਕਿ ਕਿਸਾਨਾਂ ਦੀ ਮੰਗਾਂ ਨੂੰ ਲੈ ਕੇ ਅਕਾਲੀ ਦਲ ਨੇ ਗਠਜੋੜ ਤੋੜਿਆ ਸੀ। ਹੁਣ ਮੌਜੂਦਾ ਸਿਆਸੀ ਮਾਹੌਲ ਨੂੰ ਵੇਖਿਆ ਜਾਵੇ ਤਾਂ ਅਕਾਲੀ ਤੇ ਭਾਜਪਾ ਨਾਲ ਗਠਜੋੜ ਹੋ ਸਕਦਾ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ 1 ਜੂਨ ਨੂੰ ਲੋਕ ਸਭਾ ਲਈ ਚੋਣਾਂ ਪੈਣਗੀਆਂ ਅਤੇ 4 ਜੂਨ ਨੂੰ ਨਤੀਜੇ ਆਉਣਗੇ।

# ਚੋਣਾਂ ਦੌਰਾਨ ਮੁਫ਼ਤ ਸੌਗਾਤਾਂ ਦਾ ਵਾਅਦਾ ਕਰਨ ਵਾਲੇ ਦਲਾਂ ਖ਼ਿਲਾਫ਼ ਪਟੀਸ਼ਨ ਸੁਣਨ ਲਈ ਸੁਪਰੀਮ ਕੋਰਟ ਰਾਜ਼ੀ

**ਨਵੀਂ ਦਿੱਲੀ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਚੋਣਾਂ ਦੌਰਾਨ ਮੁਫ਼ਤ ਸੌਗਾਤਾਂ ਤੇ ਸਹੂਲਤਾਂ ਦਾ ਵਾਅਦਾ ਕਰਨ ਵਾਲੀਆਂ ਸਿਆਸੀ ਪਾਰਟੀਆਂ ਖ਼ਿਲਾਫ਼ ਜਨਹਿੱਤ ਪਟੀਸ਼ਨ ਵੀਰਵਾਰ ਨੂੰ ਸੁਣਵਾਈ ਲਈ ਸੂਚੀਬੱਧ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਹ ਅਹਿਮ ਕਦਮ 19 ਅਪਰੈਲ ਤੋਂ ਸ਼ੁਰੂ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਚੁੱਕਿਆ ਗਿਆ ਹੈ।

ਜਨਹਿਤ ਪਟੀਸ਼ਨ 'ਚ ਚੋਣ ਕਮਿਸ਼ਨ ਤੋਂ ਅਜਿਹੀਆਂ ਸਿਆਸੀ ਪਾਰਟੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਅਤੇ ਚੋਣ ਨਿਸ਼ਾਨ ਜ਼ਬਤ ਕਰਨ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ,



ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਅੱਜ ਕਿਹਾ, 'ਇਹ ਮਹੱਤਵਪੂਰਨ ਹੈ। ਅਸੀਂ ਇਸ ਨੂੰ ਕੱਲ੍ਹ ਸੁਣਾਂਗੇ।'

# ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਲਈ ਨੋਟੀਫ਼ਿਕੇਸ਼ਨ ਕੀਤਾ ਜਾਰੀ

**ਨਵੀਂ ਦਿੱਲੀ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ 'ਚ 102 ਸੀਟਾਂ ਲਈ ਬੁੱਧਵਾਰ ਨੂੰ ਨੋਟੀਫ਼ਿਕੇਸ਼ਨ ਜਾਰੀ ਕੀਤੀ ਹੈ। ਪਹਿਲੇ ਗੇੜ ਵਿਚ 19 ਅਪ੍ਰੈਲ ਨੂੰ 17 ਸੂਬਿਆਂ ਅਤੇ 4 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 102 ਲੋਕ ਸਭਾ ਸੀਟਾਂ ਲਈ ਵੋਟਿੰਗ ਹੋਵੇਗੀ। ਇਨ੍ਹਾਂ 'ਚ ਤਾਮਿਲਨਾਡੂ ਦੀਆਂ 33, ਰਾਜਸਥਾਨ ਦੀਆਂ 12, ਉੱਤਰ ਪ੍ਰਦੇਸ਼ ਦੀਆਂ 8, ਮੱਧ ਪ੍ਰਦੇਸ਼ ਦੀਆਂ 6, ਉੱਤਰਾਖੰਡ, ਅਸਾਮ ਅਤੇ ਮਹਾਰਾਸ਼ਟਰ ਦੀਆਂ 5-5, ਬਿਹਾਰ ਦੀਆਂ 4, ਪੱਛਮੀ ਬੰਗਾਲ ਦੀਆਂ 3, ਅਰੁਣਾਚਲ ਪ੍ਰਦੇਸ਼, ਮਨੀਪੁਰ ਅਤੇ ਮੇਘਾਲਿਆ ਦੀਆਂ 2-2 ਸੀਟਾਂ ਹਨ।

ਛੱਤੀਸਗੜ੍ਹ ਮਿਜ਼ੋਰਮ, ਨਾਗਾਲੈਂਡ, ਸਿੱਕਮ, ਤ੍ਰਿਪੁਰਾ, ਅਨਾਦਮਨ ਅਤੇ



ਨਿਕੋਬਾਰ ਟਾਪੂ, ਜੰਮੂ ਅਤੇ ਕਸ਼ਮੀਰ, ਲਕਸ਼ਦੀਪ ਅਤੇ ਪੁਡੂਚੇਰੀ ਵਿਚ ਇਕ-ਇਕ ਸੀਟ 'ਤੇ ਪਹਿਲੇ ਪੜਾਅ ਵਿਚ ਵੋਟਿੰਗ ਹੋਵੇਗੀ। ਨਾਮਜ਼ਦਗੀ ਇਸ ਮਹੀਨੇ ਦੀ 27 ਤਾਰੀਖ਼ ਤੱਕ ਭਰੇ ਜਾ ਸਕਦੇ ਹਨ। ਵੋਟਿੰਗ 19 ਅਪ੍ਰੈਲ ਨੂੰ ਹੋਵੇਗੀ। ਲੋਕ ਸਭਾ ਦੀਆਂ 543 ਸੀਟਾਂ ਲਈ ਆਮ ਚੋਣਾਂ 19 ਅਪ੍ਰੈਲ ਤੋਂ ਸ਼ੁਰੂ ਹੋ ਕੇ 7 ਗੇੜ ਵਿਚ ਹੋਣਗੀਆਂ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ।

# ਪਿੰਡ ਗੁੱਜਰਾਂ ਵਿਖੇ 4 ਵਿਅਕਤੀਆਂ ਦੀ ਗੈਰ ਕੁਦਰਤੀ ਮੌਤ ਦੀ ਜਾਂਚ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਾਈ ਪਾਵਰ ਕਮੇਟੀ ਦਾ ਗਠਨ

## ਚੇਅਰਮੈਨ ਐਸ.ਡੀ.ਐਮ ਦਿੜ੍ਹਬਾ ਦੀ ਅਗਵਾਈ ਹੇਠ ਕਮੇਟੀ 72 ਘੰਟਿਆਂ ਅੰਦਰ ਸੌਂਪੇਗੀ ਰਿਪੋਰਟ

**ਸੰਗਰੂਰ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੜ੍ਹਬਾ ਦੇ ਪਿੰਡ ਗੁੱਜਰਾਂ ਵਿਖੇ 4 ਵਿਅਕਤੀਆਂ ਦੀ ਗੈਰ ਕੁਦਰਤੀ ਤੌਰ 'ਤੇ ਹੋਈ ਮੌਤ ਦੇ ਮਾਮਲੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਫੌਰੀ ਕਦਮ ਚੁੱਕਦਿਆਂ ਹਾਈ ਪਾਵਰ ਜਾਂਚ ਕਮੇਟੀ ਦਾ ਗਠਨ ਕੀਤਾ ਹੈ ਜੋ ਕਿ ਇਨ੍ਹਾਂ ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਵੱਖ-ਵੱਖ ਪਹਿਲੂਆਂ ਤੇ ਤੱਥਾਂ ਦੇ ਆਧਾਰ 'ਤੇ ਪੜਤਾਲ ਕਰਕੇ ਅਗਲੇ 72 ਘੰਟਿਆਂ ਵਿੱਚ ਆਪਣੀ ਰਿਪੋਰਟ ਸੌਂਪੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਐਸ.ਐਸ.ਪੀ ਸਰਤਾਜ ਸਿੰਘ ਚਹਿਲ ਸਮੇਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਹਾਈ ਪਾਵਰ ਜਾਂਚ ਕਮੇਟੀ ਦਾ ਚੇਅਰਮੈਨ ਐਸ.ਡੀ.ਐਮ ਦਿੜ੍ਹਬਾ ਨੂੰ ਲਗਾਇਆ ਗਿਆ ਹੈ ਜਦਕਿ ਡੀ.ਐਸ.ਪੀ ਦਿੜ੍ਹਬਾ, ਸੀਨੀਅਰ ਮੈਡੀਕਲ ਅਫ਼ਸਰ ਦਿੜ੍ਹਬਾ ਤੇ ਈ.ਟੀ.ਓ ਦਿੜ੍ਹਬਾ (ਆਬਕਾਰੀ) ਨੂੰ ਮੈਂਬਰ ਲਗਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਿਹਤ ਵਿਭਾਗ, ਐਕਸਾਈਜ਼ ਵਿਭਾਗ, ਪੁਲਿਸ ਤੇ ਸਿਵਲ ਪ੍ਰਸ਼ਾਸਨ 'ਤੇ ਅਧਾਰਿਤ ਇਸ ਟੀਮ ਦੀ ਰਿਪੋਰਟ ਤੋਂ ਬਾਅਦ ਇਸ ਦੁਖਾਂਤਕ ਘਟਨਾ ਲਈ ਜਿੰਮੇਵਾਰ ਪਾਏ ਜਾਣ ਵਾਲੇ ਵਿਅਕਤੀਆਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ 4 ਵਿਅਕਤੀਆਂ ਦੀ ਹੋਈ ਗੈਰ ਕੁਦਰਤੀ ਮੌਤ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪ੍ਰਸ਼ਾਸਨ ਨੇ ਫੌਰੀ ਕਾਰਵਾਈ ਕਰਦਿਆਂ ਪਿੰਡ ਗੁੱਜਰਾਂ ਵਿਖੇ ਘਰ ਘਰ ਸਰਵੇਖਣ ਸ਼ੁਰੂ ਕਰਵਾ ਦਿੱਤਾ ਹੈ ਕਿ ਜੇਕਰ ਕਿਸੇ ਘਰ ਵਿੱਚ ਕਿਸੇ ਵਿਅਕਤੀ ਦੀ ਸਿਹਤ ਖਰਾਬ ਹੋਣ ਸਬੰਧੀ ਕੋਈ ਲੱਛਣ ਸਾਹਮਣੇ ਆਉਣ 'ਤੇ ਫੌਰੀ ਮੈਡੀਕਲ ਸੁਵਿਧਾ ਮੁਹੱਈਆ ਕਰਵਾਈ ਜਾ ਸਕੇ ਤਾਂ ਜੋ ਕੋਈ ਹੋਰ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਉਨ੍ਹਾਂ ਦੱਸਿਆ ਕਿ ਸਰਵੇਖਣ ਕਰ ਰਹੀਆਂ ਇਨ੍ਹਾਂ ਟੀਮਾਂ ਵਿੱਚ ਸਿਵਲ ਸਰਜਨ ਦਫ਼ਤਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦਫ਼ਤਰ, ਬਲਾਕ ਵਿਕਾਸ ਤੇ ਪੰਚਾਇਤ ਵਿਭਾਗ, ਮਾਲ ਵਿਭਾਗ ਤੇ ਪੁਲਿਸ ਵਿਭਾਗ ਦੇ ਨੁਮਾਇੰਦੇ ਸ਼ਾਮਲ ਹਨ।

ਇਸ ਘਟਨਾ ਸਬੰਧੀ ਜ਼ਿਲ੍ਹਾ ਪੁਲਿਸ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਦਿੰਦਿਆਂ ਐਸ.ਐਸ.ਪੀ ਸਰਤਾਜ ਸਿੰਘ ਚਹਿਲ ਨੇ ਦੱਸਿਆ ਕਿ ਮਾਮਲੇ ਦੀ ਜਾਣਕਾਰੀ ਮਿਲਦਿਆਂ ਹੀ ਪੁਲਿਸ ਟੀਮ ਸਬੰਧਤ ਪਿੰਡ ਵਿੱਚ ਪਹੁੰਚੀ ਅਤੇ ਕਥਿਤ ਦੋਸ਼ੀਆਂ ਵਿਰੁੱਧ ਧਾਰਾ 302 ਤਹਿਤ ਕਤਲ ਦਾ ਮਾਮਲਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਢਲੀ ਤਫ਼ਤੀਸ਼ ਦੌਰਾਨ ਪਹਿਲਾਂ ਸੁਖਵਿੰਦਰ ਸਿੰਘ ਸੁੱਖੀ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਫਿਰ ਮਨਪ੍ਰੀਤ ਸਿੰਘ ਮਨੀ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਕਿ ਪਿੰਡ ਗੁੱਜਰਾਂ ਦੇ ਹੀ ਵਸਨੀਕ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੀ ਤਫ਼ਤੀਸ਼ ਜਾਰੀ ਹੈ।

# ਕੇਜਰੀਵਾਲ ਦੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਨੇ ਮੰਗਿਆ ਈ.ਡੀ. ਤੋਂ ਜਵਾਬ

**ਨਵੀਂ ਦਿੱਲੀ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਹਾਈ ਕੋਰਟ ਨੇ ਸ਼ਰਾਬ ਨੀਤੀ ਘਪਲੇ ਦੇ ਮਾਮਲੇ 'ਚ ਸੰਮਨ ਨੂੰ ਚੁਣੌਤੀ ਦੇਣ ਵਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਬੁੱਧਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੋਂ ਜਵਾਬ ਤਲਬ ਕੀਤਾ। ਜੱਜ ਸੁਰੇਸ਼ ਕੁਮਾਰ ਕੈਤ ਅਤੇ ਜੱਜ ਮਨੋਜ ਜੈਨ ਦੀ ਬੈਂਚ ਨੇ ਈਡੀ ਨੂੰ 2 ਹਫ਼ਤਿਆਂ 'ਚ ਆਪਣਾ ਜਵਾਬ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ। ਹਾਈ ਕੋਰਟ ਇਸ ਮਾਮਲੇ 'ਚ ਅਗਲੀ ਸੁਣਵਾਈ 22 ਅਪ੍ਰੈਲ ਨੂੰ ਕਰੇਗਾ। ਸੁਣਵਾਈ ਦੌਰਾਨ ਬੈਂਚ ਨੇ ਮੁੱਖ ਮੰਤਰੀ ਕੇਜਰੀਵਾਲ ਦਾ ਪੱਖ ਰੱਖ ਰਹੇ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਤੋਂ ਪੁੱਛਿਆ,"ਪੇਸ਼ (ਈ.ਡੀ. ਦੇ ਸਾਹਮਣੇ) ਕਿਉਂ ਨਹੀਂ ਹੁੰਦੇ।"

ਸਿੰਘਵੀ ਨੇ ਆਮ ਆਦਮੀ ਪਾਰਟੀ ਨੇਤਾ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਦੀ ਈਡੀ ਵਲੋਂ ਕੀਤੀ ਗਈ ਗ੍ਰਿਫ਼ਤਾਰੀ ਦਾ ਜ਼ਿਕਰ ਕਰਦੇ ਹੋਏ ਜਵਾਬ ਦਿੱਤਾ ਕਿ ਉਨ੍ਹਾਂ ਨੂੰ (ਮੁੱਖ ਮੰਤਰੀ ਕੇਜਰੀਵਾਲ



ਨੂੰ) ਖ਼ਦਸ਼ਾ ਹੈ ਕਿ ਈਡੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਵੇਗੀ। ਉਨ੍ਹਾਂ ਨੇ ਅਦਾਲਤ ਤੋਂ ਗੁਹਾਰ ਲਗਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਜਾਵੇ ਤਾਂ ਉਹ ਪੇਸ਼ ਹੋਣ ਲਈ ਤਿਆਰ ਹਨ। ਦੂਜੇ ਪਾਸੇ ਈ.ਡੀ. ਦਾ ਪੱਖ ਰੱਖਦੇ ਹੋਏ ਐਡੀਸ਼ਨਲ ਸਾਲਿਸੀਟਰ ਜਨਰਲ ਐੱਸ.ਵੀ. ਰਾਜੂ ਅਤੇ ਐਡਵੋਕੇਟ ਜੋਹੇਬ ਹੁਸੈਨ ਨੇ ਸ਼੍ਰੀ ਸਿੰਘਵੀ ਦੀਆਂ ਕੇਜਰੀਵਾਲ ਨੂੰ ਰਾਹਤ ਦੇਣ ਦੀਆਂ ਦਲੀਲਾਂ ਦਾ ਵਿਰੋਧ ਕੀਤਾ।

ਉਨ੍ਹਾਂ ਨੇ ਦਲੀਲ ਦਿੰਦੇ ਹੋਏ ਸ਼੍ਰੀ ਕੇਜਰੀਵਾਲ ਦੀ ਪਟੀਸ਼ਨ 'ਤੇ ਸਵਾਲ ਖੜ੍ਹੇ ਕੀਤੇ ਅਤੇ ਕਿਹਾ ਕਿ ਪਟੀਸ਼ਨ ਸੁਣਵਾਈ ਲਈ ਯੋਗ ਨਹੀਂ ਹੈ। ਹਾਈ ਕੋਰਟ ਨੇ ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਸ ਮਾਮਲੇ 'ਚ ਈ.ਡੀ. ਨੂੰ ਆਪਣਾ ਜਵਾਬ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਮਨੀ ਲਾਂਡਰਿੰਗ ਮਾਮਲੇ 'ਚ ਈ.ਡੀ. ਦੇ ਵਾਰ-ਵਾਰ ਸੰਮਨ 'ਤੇ ਉਸ ਦੇ ਸਾਹਮਣੇ ਪੁੱਛ-ਗਿੱਛ ਲਈ ਪੇਸ਼ ਨਹੀਂ ਹੋਣ ਦੇ ਦੋਸ਼ ਮਾਮਲੇ 'ਚ ਸ਼ਨੀਵਾਰ ਨੂੰ ਦਿੱਲੀ ਦੀ ਇਕ ਅਦਾਲਤ 'ਚ ਪੇਸ਼ ਹੋਏ ਸਨ, ਜਿੱਥੇ ਉਨ੍ਹਾਂ ਨੂੰ ਸ਼ਰਤਾਂ ਨਾਲ ਜ਼ਮਾਨਤ ਮਿਲ ਗਈ ਸੀ। ਰਾਊਜ਼ ਐਵੇਨਿਊ ਸਥਿਤ ਐਡੀਸ਼ਨਲ ਮੁੱਖ ਮੈਟਰੋਪੋਲੀਟਨ ਮੈਜਿਸਟ੍ਰੇਟ (ਏ.ਸੀ.ਐੱਮ.ਐੱਮ.) ਦਿਵਿਆ ਮਲਹੋਤਰਾ ਦੀ ਅਦਾਲਤ ਨੇ ਸੰਬੰਧਤ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਦੋਸ਼ੀ ਕੇਜਰੀਵਾਲ ਨੂੰ 15 ਹਜ਼ਾਰ ਰੁਪਏ ਦੇ ਜ਼ਮਾਨਤ ਬਾਂਡ ਜਾਂ ਇੰਨੀ ਰੁਪਏ ਦੀ ਜ਼ਮਾਨਤ ਰਾਸ਼ੀ ਜਮ੍ਹਾ ਕਰਨ ਦੀ ਸ਼ਰਤ 'ਤੇ ਜ਼ਮਾਨਤ ਅਰਜ਼ੀ ਮਨਜ਼ੂਰ ਕੀਤੀ ਸੀ। ਈ.ਡੀ. ਨੇ ਅਦਾਲਤ ਨੂੰ ਸ਼ਿਕਾਇਤ ਕਰਦੇ ਹੋਏ ਕਿਹਾ ਸੀ ਕਿ ਮਨੀ ਲਾਂਡਰਿੰਗ ਐਕਟ (ਪੀ.ਐੱਮ.ਐੱਲ.ਏ.) ਦੇ ਪ੍ਰਬੰਧਾਂ ਦੇ ਅਧੀਨ ਕਈ ਵਾਰ ਸੰਮਨ ਭੇਜਣ ਤੋਂ ਬਾਅਦ ਵੀ ਸ਼੍ਰੀ ਕੇਜਰੀਵਾਲ ਪੁੱਛ-ਗਿੱਛ ਲਈ ਉਸ ਦੇ ਸਾਹਮਣੇ ਪੇਸ਼ ਨਹੀਂ ਹੋਏ। ਇਸ ਤੋਂ ਪਹਿਲਾਂ ਕੇਜਰੀਵਾਲ 17 ਫਰਵਰੀ ਨੂੰ ਵਰਚੁਅਲ ਮਾਧਿਅਮ ਨਾਲ ਏ.ਸੀ.ਐੱਮ.ਐੱਮ. ਦੀ ਅਦਾਲਤ 'ਚ ਪੇਸ਼ ਹੋਏ ਸਨ।

# ਵਿਜੀਲੈਂਸ ਬਿਊਰੋ ਵੱਲੋਂ 20 ਹਜ਼ਾਰ ਰਿਸ਼ਵਤ ਲੈਂਦਾ ਐਸ.ਡੀ.ਐਮ. ਦਫ਼ਤਰ ਦਾ ਬਿੱਲ ਕਲਰਕ ਗ੍ਰਿਫ਼ਤਾਰ

**ਚੰਡੀਗੜ੍ਹ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਬੁੱਧਵਾਰ ਨੂੰ ਐਸ.ਡੀ.ਐਮ ਦਫਤਰ ਮੋਹਾਲੀ ਵਿਖੇ ਤਾਇਨਾਤ ਬਿਲ ਕਲਰਕ ਨਰਿੰਦਰ ਕੁਮਾਰ ਨੂੰ 20,000 ਰੁਪਏ ਰਿਸ਼ਵਤ ਲੈਂਦਾ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਬੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਯਾਦਵਿੰਦਰ ਸਿੰਘ ਵਾਸੀ ਪਿੰਡ ਲਾਂਡਰਾਂ, ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਸ਼ਿਕਾਇਤ ਕਰਤਾ ਤੋਂ ਉਸਦੇ ਸਹੁਰੇ ਕੇਸਰ ਸਿੰਘ, ਵਾਸੀ ਪਿੰਡ ਚਾਚੂ ਮਾਜਰਾ, ਐਸ.ਏ.ਐਸ. ਨਗਰ, ਦੇ ਜ਼ਮੀਨੀ ਸਮਝੌਤੇ ਮੁਕੱਦਮੇ ਦੀ ਅਦਾਲਤੀ ਫੀਸ ਦੀ ਵਾਪਸੀ ਨਾਲ ਸਬੰਧਤ 4,09,390 ਰੁਪਏ ਦੇ ਦੋ ਬਿਲਾਂ ਦੀ ਕਲੀਅਰੈਂਸ ਬਦਲੇ 40,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਦੋਸ਼ੀ ਪਹਿਲਾਂ ਹੀ 20,000 ਰੁਪਏ ਲੈ ਚੁੱਕਾ ਹੈ ਅਤੇ ਰਿਸ਼ਵਤ ਦੀ ਬਕਾਇਆ ਰਕਮ ਦੀ ਮੰਗ ਕਰ ਰਿਹਾ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਸਕੂਐਡ-1, ਮੋਹਾਲੀ, ਪੰਜਾਬ ਵਿਖੇ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਰਾਮਪਾਲ ਮਾਜਰਾ ਦੀ ਇਨੈਲੋ 'ਚ ਵਾਪਸੀ, ਪਾਰਟੀ ਨੇ ਸੂਬਾ ਪ੍ਰਧਾਨ ਬਣਾਇਆ

**ਚੰਡੀਗੜ੍ਹ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਾਬਕਾ ਵਿਧਾਇਕ ਰਾਮਪਾਲ ਮਾਜਰਾ ਅੱਜ ਮੁੜ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਵਿਚ ਸ਼ਾਮਲ ਹੋ ਗਏ ਅਤੇ ਪਾਰਟੀ ਨੇ ਉਨ੍ਹਾਂ ਨੂੰ ਸੂਬਾ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਫਰਵਰੀ 'ਚ ਨਫੇ ਸਿੰਘ ਰਾਠੀ ਦੀ ਗੋਲੀ



ਮਾਰ ਕੇ ਹੱਤਿਆ ਕਰਨ ਤੋਂ ਬਾਅਦ ਸੂਬਾ ਇਕਾਈ ਦੇ ਮੁਖੀ ਦਾ ਅਹੁਦਾ ਖਾਲੀ ਸੀ। ਮਾਜਰਾ 2019 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿਚ ਸ਼ਾਮਲ ਹੋ ਗਏ ਸਨ ਪਰ ਖੇਤੀਬਾੜੀ ਕਾਨੂੰਨਾਂ ਵਿਰੁੱਧ ਅੰਦੋਲਨ ਦੌਰਾਨ ਪਾਰਟੀ ਛੱਡ ਗਏ ਸਨ।

# ਜ਼ੋਮੈਟੋ ਦਾ ਯੂ-ਟਰਨ: ਸ਼ਾਕਾਹਾਰੀ ਸੇਵਾ ਲਈ ਹਰੀ ਵਰਦੀ ਦਾ ਫ਼ੈਸਲਾ ਵਾਪਸ ਲਿਆ

**ਨਵੀਂ ਦਿੱਲੀ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਕਾਹਾਰੀ ਉਤਪਾਦਾਂ ਦੀ ਸਪਲਾਈ ਲਈ ਵੱਖਰੀ ਸੇਵਾ ਸ਼ੁਰੂ ਕਰਨ 'ਤੇ ਆਲੋਚਨਾ ਦਾ ਸ਼ਿਕਾਰ ਹੋ ਰਹੇ ਆਨਲਾਈਨ ਫੂਡ ਡਿਲੀਵਰੀ ਕੰਪਨੀ ਜ਼ੋਮੈਟੋ ਨੇ ਅੱਜ ਕਿਹਾ ਕਿ ਉਸ ਦੇ ਸਾਰੇ ਕਰਮਚਾਰੀ ਪਹਿਲਾਂ ਵਾਂਗ ਸਿਰਫ਼ ਲਾਲ ਰੰਗ ਦੀ ਵਰਦੀ 'ਚ ਹੀ ਨਜ਼ਰ ਆਉਣਗੇ। ਜ਼ੋਮੈਟੋ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੀਪਇੰਦਰ ਗੋਇਲ ਨੇ ਸ਼ੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਵਿੱਚ ਕਿਹਾ,'ਸ਼ਾਕਾਹਾਰੀ ਉਤਪਾਦਾਂ ਦੀ ਸਪਲਾਈ ਕਰਨ ਵਾਲੇ ਕਰਮਚਾਰੀਆਂ ਨੂੰ ਹਰੀ ਵਰਦੀ ਪਹਿਨਣ ਦੇ ਵਿਚਾਰ ਨੂੰ ਛੱਡਿਆ ਜਾ ਰਿਹਾ ਹੈ ਅਤੇ ਸਾਰੇ ਸਪਲਾਇਰ ਲਾਲ ਵਰਦੀਆਂ ਵਿੱਚ ਹੀ ਰਹਿਣਗੇ।'

# ਭਾਰਤ 2036 ਦੀ ਓਲੰਪਿਕਸ ਦੀ ਮੇਜ਼ਬਾਨੀ ਲਈ ਤਿਆਰ: ਠਾਕੁਰ

**ਨਵੀਂ ਦਿੱਲੀ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡ ਅਤੇ ਯੁਵਾ ਮਾਮਲਿਆਂ ਬਾਰੇ ਮੰਤਰੀ ਅਨੁਰਾਗ ਠਾਕੁਰ ਨੇ ਅੱਜ ਕਿਹਾ ਕਿ ਭਾਰਤ 2030 ਵਿੱਚ ਯੂਥ ਓਲੰਪਿਕ ਅਤੇ 2036 ਵਿੱਚ ਸਮਰ ਓਲੰਪਿਕ ਦੀ ਮੇਜ਼ਬਾਨੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗਾ। ਇਥੇ ਸਮਾਗਮ ਵਿੱਚ ਸ੍ਰੀ ਠਾਕੁਰ ਨੇ ਕਿਹਾ ਕਿ ਜਿਸ ਸਮੇਂ ਓਲੰਪਿਕਸ ਲਈ ਦਾਅਵੇਦਾਰੀਆਂ ਮੰਗੀਆਂ ਜਾਣਗੀਆਂ ਤਾਂ ਭਾਰਤ ਖੇਡ ਮੁਕਾਬਲਿਆਂ ਦੀ ਮੇਜ਼ਬਾਨੀ ਲਈ ਤਿਆਰ ਹੋਵੇਗਾ। ਭਾਰਤ 2030 ਯੂਥ ਓਲੰਪਿਕ ਅਤੇ 2036 ਦੇ ਸਮਰ



ਓਲੰਪਿਕ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ। ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਹੈ ਤੇ ਵਿਸ਼ਾਲ ਯੁਵਾ ਸ਼ਕਤੀ ਵਾਲਾ ਦੇਸ਼ ਹੈ।

# ਪੰਜਾਬ ਪੁਲਿਸ ਨੂੰ ਵੱਡੀ ਕਾਮਯਾਬੀ ਥਾਣਾ ਏਅਰ ਪੋਰਟ ਵੱਲੋਂ ਪਿਸਟਲ ਦੀ ਨੋਕ ਤੇ ਲੁੱਟਾਂ-ਖੋਹਾਂ ਕਰਨ ਵਾਲੇ ਇੱਕ ਸਰਗਰਮ ਗੈਂਗ ਦਾ ਕੀਤਾ ਪਰਦਾਫਾਸ਼

## 3 ਕਾਬੂ ਅਤੇ 2 ਪਿਸਟਲ ਤੇ 1 ਖਿਡੌਣਾ ਪਿਸਟਲ ਬ੍ਰਾਮਦ

**ਅੰਮ੍ਰਿਤਸਰ, 20 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਕਮਿਸ਼ਨਰ ਪੁਲਿਸ,ਅੰਮ੍ਰਿਤਸਰ ਦੀਆਂ ਹਦਾਇਤਾਂ ਤੇ ਡਾ. ਪ੍ਰਗਿਆ ਜੈਨ, ਆਈ.ਪੀ.ਐਸ, ਡੀ.ਸੀ.ਪੀ ਸਿਟੀ,ਅੰਮ੍ਰਿਤਸਰ ਅਤੇ ਸ੍ਰੀ ਪ੍ਰਭਜੋਤ ਸਿੰਘ ਵਿਰਕ, ਪੀ.ਪੀ.ਐਸ, ਏ.ਡੀ.ਸੀ.ਪੀ ਸਿਟੀ-2,ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਜਸਵੀਰ ਸਿੰਘ, ਪੀ.ਪੀ.ਐਸ, ਏ.ਸੀ.ਪੀ, ਏਅਰਪੋਰਟ, ਅੰਮ੍ਰਿਤਸਰ ਦੀ ਨਿਗਰਾਨੀ ਹੇਠ ਸਬ-ਇਸਪੈਕਟਰ ਕੁਲਜੀਤ ਕੌਰ, ਮੁੱਖ ਅਫ਼ਸਰ ਥਾਣਾ ਏਅਰਪੋਰਟ,ਅੰਮ੍ਰਿਤਸਰ ਦੀ ਪੁਲਿਸ ਪਾਰਟੀ ਏ.ਐਸ.ਆਈ ਰਾਮ ਸਿੰਘ ਸਮੇਤ ਸਾਥੀ ਕਰਮਚਾਰੀਆਂ ਵੱਲੋਂ ਲੁੱਟ ਖੋਹ ਦੀ ਵਾਰਦਾਤ ਨੂੰ ਅੰਜ਼ਾਮ ਦੇਣ ਦੀ ਫਿਰਾਕ ਵਿੱਚ ਘੁੰਮ ਰਹੇ 03 ਵਿਅਕਤੀਆਂ ਨੂੰ ਕਾਬੂ ਕਰਕੇ 02 ਪਿਸਟਲ .32 ਬੋਰ ਸਮੇਤ 05 ਕਾਰਤੂਸ, 01 ਖਿਡੋਣਾ ਪਿਸਟਲ ਅਤੇ 01 ਲੋਹੇ ਦੀ ਕਿਰਚ ਬ੍ਰਾਮਦ ਕਰਨ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਸ ਮੌਕੇ ਤੇ ਏ.ਡੀ.ਸੀ.ਪੀ ਸਿਟੀ-2, ਨੇ ਦੱਸਿਆਂ ਕਿ ਥਾਣਾ ਏਅਰਪੋਰਟ ਦੀ ਪੁਲਿਸ ਪਾਰਟੀ ਗਸ਼ਤ ਦੌਰਾਨ ਪਿੰਡ ਬੱਲ ਸਿੰਚਦਰ ਤੋਂ ਕੱਚਾ ਰਸਤਾ ਮੜੀਆਂ ਵੱਲ ਨੂੰ ਜਾ ਰਿਹਾ ਸੀ ਕਿ ਜਦ ਪੁਲਿਸ ਪਾਰਟੀ ਮੜ੍ਹੀਆ ਦੇ ਨਜ਼ਦੀਕ ਖੇਤਰ ਵਿੱਖੇ, ਸਾਹਮਣੇ ਤੋਂ ਤਿੰਨ ਨੌਜਵਾਨ ਪੈਦਲ ਆਉਂਦੇ ਦਿਖਾਈ



ਦਿੱਤੇ, ਜੋ ਪੁਲਿਸ ਪਾਰਟੀ ਨੂੰ ਦੇਖ ਕੇ ਯਕਦਮ ਖੇਤਾਂ ਵੱਲ ਨੂੰ ਦੌੜ੍ਹ ਪਏ, ਪੁਲਿਸ ਪਾਰਟੀ ਵੱਲੋਂ ਪਿੱਛੇ ਕਰਕੇ ਬੜੀ ਮੁਸ਼ਤੈਦੀ ਨਾਲ ਇੱਕ ਨੌਜਵਾਨ ਕਰਨ ਮਸੀਹ ਪੁੱਤਰ ਯੋਨਸ ਮਸੀਹ ਵਾਸੀ ਪਿੰਡ ਪਿੰਡੀ ਥਾਣਾ ਘਣੀਆ-ਕੇ-ਬਾਗਰ, ਤਹਿਸੀਲ ਬਟਾਲਾ ਜਿਲਾ ਗੁਰਦਾਸਪੁਰ ਨੂੰ ਕਾਬੂ ਕਰਕੇ *ਇਸ ਪਾਸੋਂ ਇੱਕ ਖਿਡੌਣਾਂ ਪਿਸਟਲ ਅਤੇ ਇੱਕ ਲੋਹੇ ਦੀ ਕਿਰਚ* ਬ੍ਰਾਮਦ ਕੀਤੀ ਗਈ। ਇਸ ਪਾਸੋਂ *ਸ਼ੁਰੂਆਤੀ ਪੁੱਛਗਿੱਛ ਦੌਰਾਨ ਇਸਦੀ ਨਿਸ਼ਾਨਦੇਹੀ ਤੇ ਇੱਕ ਪਿਸਟਲ .32 ਬੋਰ ਹੋਰ ਬ੍ਰਾਮਦ ਕੀਤਾ ਗਿਆ। ਇਸਦੇ ਮੌਕਾ ਤੋਂ ਭੱਜ ਨਿਕਲੇ 02 ਹੋਰ ਸਾਥੀਆਂ ਸਾਗਰ ਸ਼ਰਮਾਂ ਉਰਫ਼ ਚੋਪੜਾ* ਪੁੱਤਰ ਨਰਿੰਦਰ ਕੁਮਾਰ ਵਾਸੀ ਪਿੰਡ ਧਿਆਨਪੁਰ, ਜਿਲ੍ਹਾ ਗੁਰਦਾਸਪੁਰ ਅਤੇ *ਮਦਨ ਮਸੀਹ ਉਰਫ ਮੱਟੂ* ਪੁੱਤਰ ਨਿਆਮਤ ਮਸੀਹ ਵਾਸੀ ਪਿੰਡ ਡਾਲੇ ਚੱਕ, ਜਿਲ੍ਹਾ ਗੁਰਦਾਸਪੁਰ ਨੂੰ ਗ੍ਰਿਫ਼ਤਾਰ ਕਰਕੇ ਇਹਨਾਂ ਪਾਸੋਂ ਇੱਕ ਪਿਸਟਲ .32 ਬੋਰ ਬ੍ਰਾਮਦ ਕੀਤਾ ਗਿਆ। ਉਹਨਾਂ ਦੱਸਿਆ ਕਿ ਫੜੇ ਗਏ ਤਿੰਨੇ ਮੁਲਜ਼ਮਾਂ ਨੇ ਇੱਕ ਗੈਗ ਬਣਾਇਆ ਹੈ ਤੇ ਇਹ ਰਾਤ ਸਮੇਂ ਰਾਹਗੀਰਾਂ ਪਾਸੋਂ ਲੁੱਟ-ਖੋਹ ਕਰਦੇ ਸਨ। ਉਸ, ਦਿਨ ਵੀ ਇਹ ਕਿਸੇ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜ਼ਾਮ ਦੇਣ ਦੀ ਫਿਰਾਕ ਵਿੱਚ ਘੁੰਮ ਰਹੇ ਸਨ, ਜੋ ਪੁਲਿਸ ਪਾਰਟੀ ਵੱਲੋਂ ਬੜੀ ਮੁਸ਼ਤੈਦੀ ਨਾਲ ਕਾਬੂ ਕੀਤਾ ਗਿਆ।

# ਚੋਣ ਜ਼ਾਬਤੇ ਦੌਰਾਨ ਲੱਖਾਂ ਰੁਪਿਆਂ ਨਾਲ ਭਰੀ ਕਾਰ ਛੱਡ ਭੱਜੇ ਨੌਜਵਾਨ

**ਜਗਰਾਓਂ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਤਹਿਤ ਵਿਸ਼ੇਸ਼ ਨਾਕਾਬੰਦੀ ਕਰਕੇ ਵਾਹਨਾਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ। ਇਸ ਦੇ ਮੱਦੇਨਜ਼ਰ ਦਿਹਾਤੀ ਪੁਲਸ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ, ਜਦੋਂ ਟ੍ਰੈਫਿਕ ਪੁਲਸ ਅਤੇ ਥਾਣਾ ਸਿਟੀ ਪੁਲਸ ਦੀਆਂ ਟੀਮਾਂ ਨੇ ਨਾਕੇਬੰਦੀ ਦੌਰਾਨ ਇੱਕ ਵਰਨਾ ਕਾਰ 'ਚੋਂ ਲੱਖਾਂ ਰੁਪਏ ਦੀ ਨਕਦੀ ਬਰਾਮਦ ਕੀਤੀ।

ਥਾਣਾ ਸਿਟੀ ਜਗਰਾਓਂ ਵਿਖੇ ਕੀਤੀ ਗਈ ਪ੍ਰੈੱਸ ਵਾਰਤਾ ਦੌਰਾਨ ਜਾਣਕਾਰੀ ਸਾਂਝੀ ਕਰਦਿਆਂ ਡੀ. ਐੱਸ. ਪੀ. ਮਨਜੀਤ ਸਿੰਘ ਰਾਣਾ ਨੇ ਦੱਸਿਆ ਕਿ ਨਾਕੇਬੰਦੀ ਦੌਰਾਨ ਪੁਲਸ ਟੀਮ ਨੂੰ ਸ਼ਾਮ ਦੇ ਸਮੇਂ ਮੋਗਾ ਸਾਈਡ ਤੋਂ ਇੱਕ ਵਰਨਾ ਕਾਰ ਆਉਂਦੀ ਦਿਖਾਈ ਦਿੱਤੀ। ਇਸ ਕਾਰ ਨੂੰ ਨਾਕੇ 'ਤੇ ਮੌਜੂਦ ਪੁਲਸ ਮੁਲਾਜ਼ਮਾਂ ਨੇ ਰੁਕਣ ਦਾ ਇਸ਼ਾਰਾ ਕੀਤਾ ਪਰ ਕਾਰ ਸਵਾਰ ਬੜੀ ਤੇਜ਼ ਰਫ਼ਤਾਰ ਨਾਲ ਕਾਰ ਨਾਕੇ ਤੋਂ ਭਜਾ ਕੇ ਸਿੱਧਵਾਂ



ਬੇਟ ਰੋਡ ਵੱਲ ਲੈ ਗਏ। ਜਦੋਂ ਪੁਲਸ ਨੇ ਕਾਰ ਸਵਾਰਾਂ ਦਾ ਪਿੱਛਾ ਕੀਤਾ ਤਾਂ ਉਹ ਕੁੱਝ ਹੀ ਦੂਰੀ 'ਤੇ ਆਪਣੀ ਕਾਰ ਛੱਡ ਕੇ ਮੌਕੇ ਤੋਂ ਭੱਜ ਗਏ।

ਬਾਜ਼ਾਰ 'ਚ ਭੀੜ ਜ਼ਿਆਦਾ ਹੋਣ ਕਾਰਨ ਕਾਰ ਸਵਾਰ ਮੌਕੇ ਤੋਂ ਭੱਜਣ 'ਚ ਕਾਮਯਾਬ ਹੋ ਗਏ। ਡੀ. ਐੱਸ. ਪੀ. ਨੇ ਦੱਸਿਆ ਕਿ ਜਦੋਂ ਪੁਲਸ ਵੱਲੋਂ ਕਾਰ ਦੀ ਤਲਾਸ਼ੀ ਲਈ ਗਈ ਤਾਂ ਕਾਰ ਵਿੱਚੋਂ ਭਾਰਤੀ ਕਰੰਸੀ ਬਰਾਮਦ ਹੋਈ। ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ। ਜਦੋਂ ਜਗਰਾਓਂ ਪੁੱਜ ਕੇ ਰਕਮ ਦੀ ਗਿਣਤੀ ਕੀਤੀ ਗਈ ਤਾਂ ਕੁੱਲ ਰਕਮ 40 ਲੱਖ, 25 ਹਜ਼ਾਰ 850 ਰੁਪਏ ਨਿਕਲੀ, ਜਿਸ ਨੂੰ ਮਾਲਖ਼ਾਨਾ ਥਾਣੇ 'ਚ ਜਮ੍ਹਾਂ ਕਰਵਾਇਆ ਗਿਆ।

ਡੀ. ਐੱਸ. ਪੀ. ਰਾਣਾ ਨੇ ਦੱਸਿਆ ਕਿ ਭੱਜਣ ਵਾਲੇ ਨੌਜਵਾਨਾਂ ਦੇ ਨਾਂ ਜਤਿਸ਼ ਗਰੋਵਰ ਵਾਸੀ ਮੁਹੱਲਾ ਬੁੱਧਵਾਸ ਵਾਲ ਫਿਰੋਜ਼ਪੁਰ, ਯੋਗੇਸ਼ ਕੁਮਾਰ ਵਾਸੀ ਵਾਰਡ ਨੰਬਰ-8 ਰਾਮਦਾਸ ਨਗਰ ਫਿਰੋਜ਼ਪੁਰ ਅਤੇ ਰੋਹਿਤ ਸੇਠੀ ਵਾਸੀ ਫਿਰੋਜ਼ਪੁਰ ਹੈ। ਇਸ ਸਬੰਧੀ ਆਮਦਨ ਟੈਕਸ ਵਿਭਾਗ ਨੂੰ ਇਤਲਾਹ ਦਿੱਤੀ ਗਈ, ਜਿਨ੍ਹਾਂ ਨੇ ਅਗਲੀ ਕਾਰਵਾਈ ਸ਼ੁਰੂ ਕੀਤੀ।

# ਅਸੀਂ ਮੂਸੇਵਾਲਾ ਦੇ ਮਾਪਿਆਂ ਨੂੰ ਕੋਈ ਚਿੱਠੀ ਨਹੀ ਕੱਢੀ, ਕੇਂਦਰ ਸਰਕਾਰ ਲੂੰਬੜ ਚਾਲਾਂ ਚੱਲ ਰਹੀ ਹੈ, ਕੇਂਦਰ ਸਰਕਾਰ ਦੀ ਸੋਚ ਘਟੀਆ ਹੈ: ਬਲਬੀਰ ਸਿੰਘ

**ਚੰਡੀਗੜ੍ਹ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਰਹੂਮ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਮਾਪਿਆਂ ਘਰ ਪੁੱਤਰ ਦਾ ਜਨਮ ਹੋਇਆ ਹੈ। ਮਰਹੂਮ ਗਾਇਕ ਦੀ ਮਾਤਾ ਚਰਨ ਕੌਰ ਨੇ 58 ਸਾਲ ਦੀ ਉਮਰ ਵਿਚ IVF ਰਾਹੀਂ ਬੱਚੇ ਨੂੰ ਜਨਮ ਦਿੱਤਾ ਹੈ। ਇਸ ਵਿਚਾਲੇ ਕੇਂਦਰ ਸਰਕਾਰ ਨੇ ਇਕ ਨੋਟਿਸ ਜਾਰੀ ਕਰ ਕੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਹੈ। ਕੇਂਦਰ ਸਰਕਾਰ ਮੁਤਾਬਕ Assisted Reproductive Technology (regulation) act 2021 ਦੇ ਸੈਕਸ਼ਨ 21 (ਜੀ) (ਆਈ) ਅਨੁਸਾਰ, ART ਸਰਵਿਸ ਲੈਣ ਲਈ ਉਮਰ ਦੀ ਸੀਮਾਂ 21 ਤੋਂ 50 ਸਾਲ ਤੱਕ ਹੈ। ਇਸ ਚਿੱਠੀ ਰਾਹੀਂ ਉਨ੍ਹਾਂ ਕਿਹਾ ਕਿ ਸੰਬਧਿਤ ਵਿਭਾਗ ਇਸ



ਮਾਮਲੇ ਦੀ ਜਾਂਚ ਕਰਕੇ ਅਤੇ ਇਸ ਮਾਮਲੇ 'ਚ ਕੀ ਐਕਸ਼ਨ ਲਿਆ ਹੈ ਉਸ ਦੀ ਰਿਪੋਰਟ ਕੇਂਦਰ ਸਰਕਾਰ ਦੇ ਪਰਿਵਾਰ ਭਲਾਈ ਵਿਭਾਗ ਨੂੰ ਭੇਜੇ।

ਇਸ ਨੂੰ ਲੈ ਕੇ ਪੰਜਾਬ ਦੇ ਸਿਹਤ ਮੰਤਰੀ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਬਲਕੌਰ ਸਿੰਘ ਅਤੇ ਚਰਨ ਕੌਰ ਨੂੰ ਲੱਖ-ਲੱਖ ਵਧਾਈਆਂ ਦਿੰਦਿਆਂ ਕਿਹਾ ਹੈ ਕਿ ਸਾਡੇ ਵੱਲੋਂ ਉਨ੍ਹਾਂ ਨੂੰ ਬਿਲਕੁੱਲ ਪਰੇਸ਼ਾਨ ਨਹੀਂ ਕੀਤਾ ਜਾਵੇਗਾ। ਉਕਤ ਚਿੱਠੀ ਕੇਂਦਰ ਸਰਕਾਰ ਨੇ ਭੇਜੀ ਹੈ।

ਕੇਂਦਰ ਸਰਕਾਰ ਲੂੰਬੜ ਚਾਲਾਂ ਚੱਲ ਰਹੀ ਹੈ, ਉਨ੍ਹਾਂ ਦੀ ਸੋਚ ਘਟੀਆ ਹੈ। ਉਨ੍ਹਾਂ ਭਰੋਸਾ ਦਵਾਇਆ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਬਿਲਕੁੱਲ ਵੀ ਪਰੇਸ਼ਾਨ ਨਹੀਂ ਕੀਤਾ ਜਾਵੇਗਾ।

**ਮੂਸੇਵਾਲਾ ਦੇ ਪਰਿਵਾਰ ਨੂੰ ਨਵ-ਜੰਮੇ ਬੱਚੇ ਦੀ ਵਧਾਈ!!**

ਅਸੀਂ ਕੋਈ ਚਿੱਠੀ ਨੀ ਕੱਢੀ, ਕੇਂਦਰ ਸਰਕਾਰ ਲੂੰਬੜ ਚਾਲਾਂ ਚੱਲ ਰਹੀ ਹੈ, ਕੇਂਦਰ ਸਰਕਾਰ ਦੀ ਸੋਚ ਘਟੀਆ ਹੈ

ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਸੋਸ਼ਲ ਮੀਡੀਆ ਰਾਹੀਂ ਵੀ ਸਪਸ਼ਟੀਕਰਨ ਦਿੱਤਾ ਗਿਆ ਹੈ।

ਉਨ੍ਹਾਂ ਟਵੀਟ ਕੀਤਾ ਹੈ ਕਿ, ਦਰਅਸਲ ਪੰਜਾਬ ਸਰਕਾਰ ਤੋਂ ਸਿੱਧੂ ਮੂਸੇਵਾਲਾ ਦੇ ਮਾਤਾ ਜੀ ਸਰਦਾਰਨੀ ਚਰਨ ਕੌਰ ਦੇ ਆਈ.ਵੀ.ਐਫ਼. ਇਲਾਜ ਦੀ ਰਿਪੋਰਟ ਦੀ ਮੰਗ, ਕੇਂਦਰ ਦੀ ਸਰਕਾਰ ਵੱਲੋਂ ਕੀਤੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਦੀਆਂ ਭਾਵਨਾਵਾਂ, ਉਨ੍ਹਾਂ ਦੇ ਜਜ਼ਬਾਤਾਂ ਦਾ ਦਿਲੋਂ ਸਨਮਾਨ ਕਰਦੇ ਹਨ, ਪਰ ਇਨ੍ਹਾਂ ਕਾਗ਼ਜ਼ਾਤਾਂ ਦੀ ਮੰਗ ਕੇਂਦਰ ਸਰਕਾਰ ਵੱਲੋਂ ਕੀਤੀ ਗਈ ਹੈ। ਸਮੂਹ ਪੰਜਾਬੀਆਂ ਅਤੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਦੇ ਸ਼ੁਭਚਿੰਤਕਾਂ ਨੂੰ ਅਪੀਲ ਹੈ ਕਿ ਉਹ ਅਫ਼ਵਾਹਾਂ ਤੋਂ ਸੁਚੇਤ ਰਹਿਣ। ਇਸ ਦੇ ਨਾਲ ਹੀ ਕੇਂਦਰ ਵੱਲੋਂ ਜਾਰੀ ਪੱਤਰ ਵੀ ਸਾਂਝਾ ਕੀਤਾ ਗਿਆ ਹੈ।

ਦਰਅਸਲ ਪੰਜਾਬ ਸਰਕਾਰ ਤੋਂ ਸਿੱਧੂ ਮੂਸੇਵਾਲਾ ਦੇ ਮਾਤਾ ਜੀ ਸਰਦਾਰਨੀ ਚਰਨ ਕੌਰ ਦੇ ਆਈ.ਵੀ.ਐਫ਼. ਇਲਾਜ ਦੀ ਰਿਪੋਰਟ ਦੀ ਮੰਗ, ਕੇਂਦਰ ਦੀ @BJPDIndia ਸਰਕਾਰ ਵੱਲੋਂ ਕੀਤੀ ਗਈ ਹੈ।

# ਪੰਜਾਬ ਦੇ ਸਾਰੇ ਪੁਲਸ ਅਧਿਕਾਰੀ/ਕਰਮਚਾਰੀ ਚੋਣ ਕਮਿਸ਼ਨ ਦੇ ਡੈਪੂਟੇਸ਼ਨ 'ਤੇ : ਸਿਬਿਨ ਸੀ

**ਚੰਡੀਗੜ੍ਹ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਜਾਣਕਾਰੀ ਦਿੱਤੀ ਹੈ ਕਿ ਲੋਕ ਸਭਾ ਚੋਣਾਂ-2024 ਸਬੰਧੀ ਆਦਰਸ਼ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਸੂਬੇ ਦੇ ਸਾਰੇ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ (ਡਾਇਰੈਕਟਰ ਜਨਰਲ ਆਫ਼ ਪੁਲਸ ਤੋਂ ਲੈ ਕੇ ਕਾਂਸਟੇਬਲ ਤੱਕ) ਨੂੰ ਭਾਰਤੀ ਚੋਣ ਕਮਿਸ਼ਨ ਦੇ ਡੈਪੂਟੇਸ਼ਨ 'ਤੇ ਮੰਨਿਆ ਜਾਵੇਗਾ। ਇਹ ਪ੍ਰਕਿਰਿਆ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 28ਏ ਦੇ ਉਪਬੰਧਾਂ ਅਨੁਸਾਰ ਚੋਣਾਂ ਦੇ ਪ੍ਰਬੰਧਨ ਅਤੇ ਸੰਚਾਲਨ 'ਚ ਉਨ੍ਹਾਂ ਦੀ ਸਿੱਧੀ ਜਾਂ ਅਸਿੱਧੀ ਸ਼ਮੂਲੀਅਤ ਕਰਕੇ



ਅਪਣਾਈ ਜਾਂਦੀ ਹੈ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਉਪਰੋਕਤ ਹੁਕਮ ਪੁਲਸ ਦੇ ਡਾਇਰੈਕਟਰ ਜਨਰਲ, ਪੁਲਸ ਦੇ ਵਧੀਕ ਡਾਇਰੈਕਟਰ ਜਨਰਲਾਂ, ਪੁਲਸ ਦੇ ਇੰਸਪੈਕਟਰ ਜਨਰਲਾਂ (ਹੈੱਡਕੁਆਰਟਰ ਅਤੇ ਫੀਲਡ), ਪੁਲਸ ਕਮਿਸ਼ਨਰਾਂ, ਪੁਲਸ ਡਿਪਟੀ ਇੰਸਪੈਕਟਰ ਜਨਰਲਾਂ (ਹੈੱਡਕੁਆਰਟਰਾਂ ਅਤੇ ਫੀਲਡ) ਸਹਾਇਕ ਇੰਸਪੈਕਟਰ ਜਨਰਲ ਆਫ ਪੁਲਸ (ਹੈੱਡਕੁਆਰਟਰ ਅਤੇ ਫੀਲਡ), ਸੀਨੀਅਰ ਪੁਲਸ ਸੁਪਰਡੈਂਟ, ਪੁਲਸ ਸੁਪਰਡੈਂਟ, ਸਬ-ਡਵੀਜ਼ਨਲ ਪੁਲਸ ਅਫ਼ਸਰ ਜਿਵੇਂ ਕਿ ਡਿਪਟੀ ਸੁਪਰਡੈਂਟ ਆਫ ਪੁਲਸ, ਅਤੇ ਹੋਰ ਪੁਲਸ ਅਧਿਕਾਰੀ/ਸਮੇਤ ਇੰਸਪੈਕਟਰ, ਸਬ ਇੰਸਪੈਕਟਰ, ਸਹਾਇਕ ਸਬ-ਇੰਸਪੈਕਟਰ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ 'ਤੇ ਲਾਗੂ ਹੋਣਗੇ।

# ਦੇਵ ਮਾਨ ਦੀ ਅਗਵਾਈ ਵਿੱਚ ਡਾ ਬਲਵੀਰ ਸਿੰਘ ਦੇ ਹੱਕ ਵਿੱਚ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

**ਨਾਭਾ 21 ਮਾਰਚ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀ ਆਮ ਆਦਮੀ ਪਾਰਟੀ ਵੱਲੋਂ ਡਾ ਬਲਵੀਰ ਸਿੰਘ ਸਿਹਤ ਮੰਤਰੀ ਪੰਜਾਬ ਨੂੰ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਹੈ। ਜਿਸ ਨੂੰ ਲੈ ਕੇ ਅੱਜ ਰੋਟਰੀ ਕਲੱਬ ਨਾਭਾ ਵਿਖੇ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਵਿੱਚ ਪਹਿਲੀ ਮੀਟਿੰਗ ਕੀਤੀ ਗਈ। ਜਿਸ ਨੇ ਰੈਲੀ ਦਾ ਰੂਪ ਧਾਰਨ ਕਰ ਦਿੱਤਾ। ਇਸ ਰੈਲੀ ਨੂੰ ਰਮੇਸ਼ ਕੁਮਾਰ ਸਿੰਗਲਾ ਸਾਬਕਾ ਵਿਧਾਇਕ, ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਚੇਅਰਮੈਨ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਸੁਰਿੰਦਰਪਾਲ ਸ਼ਰਮਾਂ ਚੇਅਰਮੈਨ, ਸੁਜਾਤਾ ਚਾਵਲਾ ਪ੍ਰਧਾਨ ਨਗਰ ਕੌਂਸਲ, ਕਰਮਜੀਤ ਸਿੰਘ ਅਲਹੋਰਾਂ ਪ੍ਰਧਾਨ ਅਨਾਜ ਮੰਡੀ ਨਾਭਾ ਅਤੇ ਹੋਰ ਆਹੁਦੇਦਾਰਾਂ ਨੇ ਸੰਬੋਧਨ ਕੀਤਾ ਉਹਨਾਂ ਕਿਹਾ ਕਿ ਅਸੀਂ ਸਾਰੇ ਇੱਕਜੁੱਟ ਹੋ ਕੇ ਇਲੈਕਸ਼ਨ ਲੜਾਂਗੇ ਅਤੇ ਨਾਭੇ ਹਲਕੇ ਵਿੱਚੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਾਂਗੇ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ ਬਲਵੀਰ ਸਿੰਘ ਅਤੇ ਵਿਧਾਇਕ ਦੇਵ ਮਾਨ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੀ ਗਿਣਤੀ ਵਿੱਚ ਜਿੱਤਾਉਣਗੇ ਕਿਉਂਕਿ ਕੇਂਦਰ ਦੀ ਸਰਕਾਰ ਨੇ ਸਾਰੇ ਵਰਗਾਂ ਨੂੰ ਕੁਝ ਵੀ ਨਹੀਂ ਦਿੱਤਾ ਤੇ ਹਰੇਕ ਖੇਤਰ ਵਿੱਚ ਧੱਕੇਸ਼ਾਹੀ ਕੀਤੀ ਹੈ। ਇਸ ਲਈ ਕੇਂਦਰ ਦੀ ਮੋਦੀ ਸਰਕਾਰ ਤੋਂ ਹਰੇਕ ਵਰਗ ਦੇ ਲੋਕ ਦੁਖੀ ਹਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੀਆਂ ਵੋਟਾਂ ਨਾਲ ਪਾ ਕੇ ਜਿਤਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਕਰਵਾਏ ਹਨ। ਜਿਸ ਨੂੰ ਦੇਖਦੇ ਹੋਏ ਲੋਕ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਸਾਥ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਟਿਵਾਣਾ, ਤੇਜਿੰਦਰ ਸਿੰਘ ਖਹਿਰਾ, ਰਜਿੰਦਰ ਸਿੰਘ ਮੋਹਲ, ਸੁਖਵਿੰਦਰ ਸਿੰਘ ਦੁਲੱਦੀ, ਗੁਰਦੀਪ ਕੌਰ ਕਲੱਰ ਮਾਜਰੀ, ਕਮਲ ਭਾਦਸੋ, ਸੁਖਜਿੰਦਰ ਸਿੰਘ ਟੌਹੜਾ ਮੇਜਰ ਸਿੰਘ ਤੁੰਗਾ, ਅਵਤਾਰ ਸਿੰਘ ਟੌਹੜਾ, ਭਲਿੰਦਰ ਸਿੰਘ ਭੋਲਾ ਮਾਨ, ਰੁਪਿੰਦਰ ਸਿੰਘ ਭਾਦਸੋਂ, ਡਾ ਸੁਖਦੇਵ ਸਿੰਘ ਸੰਧੂ, ਗੋਨਾ ਗਰਗ, ਸੂਬੇਦਾਰ ਗੁਰਿੰਦਰ ਸਿੰਘ, ਧਰਮਿੰਦਰ ਸਿੰਘ ਸੁੱਖੇਵਾਲ, ਭੁਪਿੰਦਰ ਸਿੰਘ ਕੱਲਰ ਮਾਜਰੀ, ਜਗਵਿੰਦਰ ਸਿੰਘ ਪੂਨੀਆ, ਨਵਜੋਤ ਸਿੰਘ ਪੂਨੀਆਂ, ਬੱਬੂ ਛੀਟਾਂਵਾਲਾ, ਕਪਿਲ ਮਾਨ ?, ਸੁਖਦੇਵ ਮਾਨ, ਦੀਪਕ ਨਾਗਪਾਲ ਪੰਕਜ ਪੱਪੂ, ਮਾਨਟੂ ਪਹੂਜਾ, ਕੌਂਸਲਰ ਹਰਪ੍ਰੀਤ ਸਿੰਘ , ਪ੍ਰਿੰਸ ਸ਼ਰਮਾ, ਕੌਂਸਲਰ ਰੋਜੀ ਨਾਗਪਾਲ, ਸੋਨੀਆ ਪਹੂਜਾ ਕੌਂਸਲਰ, ਸੰਜੇ ਮੱਗੋ, ਗੁਲਾਬ ਮਾਨ, ਗੁਰਲਾਲ ਸਿੰਘ ਮੱਲੀ ਚੇਅਰਮੈਨ, ਬਿੱਲਾ ਕੋਟ, ਇੰਦਰਜੀਤ ਸਿੰਘ ਬਿੱਟਾ, ਬਿੱਲਾ ਖੋਖ, ਹਰਵਿੰਦਰ ਸਿੰਘ ਭੜੀ, ਬਿੱਲਾ ਨਾਭਾ, ਮਾਸਟਰ ਕ੍ਰਿਸ਼ਨ ਸਿੰਘ, ਗੁਰਜੰਟ ਸਿੰਘ ਅਚੱਲ, ਸੰਮੀ ਗਲਵੱਟੀ, ਕਾਲਾ ਕਿਤਾਬਾਂ ਵਾਲਾ, ਕਰਮਾ ਟੋਪਰ, ਸੋਮਨਾਥ, ਊਸਾ ਰਾਣੀ, ਨਰਿੰਦਰਜੀਤ ਸਿੰਘ ਭਾਟੀਆ, ਸੋਨੂ ਵਾਰਡ ਨੰਬਰ 9 ਹਾਜ਼ਰ ਸਨ।

# ਸੀ.ਪੀ.ਆਈ.(ਐਮ) ਪੰਜਾਬ ਦੀ ਦੋ ਰੋਜ਼ਾ ਮੀਟਿੰਗ ਸੰਪੰਨ

## ਜਲੰਧਰ ਲੋਕ ਸਭਾ ਸੀਟ ਤੋਂ ਮਾਸਟਰ ਪਰਸ਼ੋਤਮ ਲਾਲ ਬਿਲਗਾ ਹੋਣਗੇ ਉਮੀਦਵਾਰ, ਦੂਜੀ ਸੀਟ ਸਬੰਧੀ ਐਲਾਨ ਛੇਤੀ

**ਜਲੰਧਰ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦ ਕਮਿਊਨਿਸਟ ਪਾਰਟੀ ( ਮਾਰਕਸਵਾਦੀ ) ਦੀ ਦੋ ਰੋਜ਼ਾ ਮੀਟਿੰਗ ਮੀਟਿੰਗ ਸਥਾਨਕ ਭਾਈ ਰਤਨ ਸਿੰਘ ਯਾਦਗਾਰੀ ਬਿਲਡਿੰਗ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਦੋਵੇਂ ਦਿਨ ਕ੍ਰਮਵਾਰ ਸਾਥੀ ਸੁਖਪ੍ਰੀਤ ਸਿੰਘ ਜੌਹਲ ਅਤੇ ਸਾਥੀ ਸੁੱਚਾ ਸਿੰਘ ਅਜਨਾਲਾ ਨੇ ਕੀਤੀ। ਮੀਟਿੰਗ ਵਿੱਚ ਪਾਰਟੀ ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਨਿਲੋਤਪਾਲ ਬਾਸੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੇ ਆਰੰਭ ਵਿੱਚ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਹੋਏ ਫੈਸਲੇ ਮੁਤਾਬਕ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਐਲਾਨ ਕੀਤਾ ਕਿ ਸੀ.ਪੀ.ਆਈ.(ਐਮ) ਜਲੰਧਰ ਲੋਕ ਸਭਾ ਸੀਟ ਲੜੇਗੀ ਅਤੇ ਇਸ ਸੀਟ ਤੋਂ ਉਮੀਦਵਾਰ ਮਾਸਟਰ ਪਰਸ਼ੋਤਮ ਲਾਲ ਬਿਲਗਾ ਹੋਣਗੇ। ਉਨ੍ਹਾਂ ਕਿਹਾ ਕਿ ਪਾਰਟੀ ਦੇ ਪਹਿਲਾਂ ਕੀਤੇ ਫੈਸਲੇ ਮੁਤਾਬਕ ਸ੍ਰੀ ਅਨੰਦਪੁਰ ਸਾਹਿਬ ਦੀ ਲੋਕ ਸਭਾ ਸੀਟ ਲੜੀ ਜਾਵੇਗੀ। ਇਸ ਸੀਟ ਲਈ ਉਮੀਦਵਾਰ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਕਾਮਰੇਡ ਸੇਖੋਂ ਨੇ ਕਿਹਾ ਕਿ ਜਲੰਧਰ ਸੀਟ ਦੀ ਚੋਣ ਮੁਹਿੰਮ ਨੂੰ ਯੋਜਨਾਬੱਧ ਢੰਗ ਨਾਲ ਚਲਾਉਣ ਲਈ ਅਗਲੇ ਮਹੀਨੇ ਅਪ੍ਰੈਲ ਦੇ ਦੂਜੇ ਹਫਤੇ ਜਲੰਧਰ ਵਿਖੇ ਸੂਬਾ ਪੱਧਰੀ ਵਿਸ਼ਾਲ ਇਕੱਠ ਕਰਕੇ ਵਿਧਾਨ ਸਭਾ ਹਲਕਿਆਂ ਦੇ ਮੁਤਾਬਕ ਡਿਊਟੀਆਂ ਲਗਾ ਦਿੱਤੀਆਂ ਜਾਣਗੀਆਂ। ਇਸ ਇਕੱਠ ਵਿੱਚ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੀ ਸ਼ਾਮਲ ਹੋਵੇਗੀ। ਇਸ ਮੌਕੇ 'ਤੇ ਪਾਰਟੀ ਦੇ ਪੋਲਿਟ ਬਿਊਰੋ ਮੈਂਬਰ ਕਾਮਰੇਡ ਨਿਲੋਤਪਾਲ ਬਾਸੂ ਨੇ ਬੋਲਦਿਆਂ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਨੇ ਚੋਣ ਬਾਂਡਾ ਰਾਹੀਂ ਭਾਜਪਾ ਦੁਆਰਾ ਕਾਰਪੋਰੇਟ ਘਰਾਣਿਆਂ ਅਤੇ ਕੰਪਨੀਆਂ ਤੋਂ ਇਕੱਠੇ ਕੀਤੇ ਕਰੋੜਾਂ-ਅਰਬਾਂ ਦੇ ਧਨ ਨੇ ਸਾਫ਼ ਕਰ ਦਿੱਤਾ ਹੈ ਕਿ ਭਾਜਪਾ-ਆਰ.ਐਸ.ਐਸ. ਦਾ ਮਕਸਦ ਕਾਰਪੋਰੇਟਾਂ ਅਤੇ ਅਮੀਰਾਂ ਦੇ ਹੱਕਾਂ ਹਿੱਤਾਂ ਦੀ ਰਖਵਾਲੀ ਕਰਨਾ ਹੈ। ਅੱਜ ਭਾਜਪਾ ਦੇਸ਼ ਦੇ ਅਸਲ ਮੁੱਦਿਆਂ ਰੋਟੀ-ਰੋਜੀ ਸਮੇਤ ਭ੍ਰਿਸ਼ਟਾਚਾਰ , ਬੇਕਾਰੀ , ਮਹਿੰਗਾਈ , ਭੁੱਖਮਰੀ ਆਦਿ ਤੋਂ ਧਿਆਨ ਲਾਂਭੇ ਕਰਨ ਲਈ ਧਰਮ , ਜਾਤ ਜਿਹੇ ਫਿਰਕੂ ਪੱਤੇ ਖੇਡ ਕੇ ਮੁੜ ਸੱਤਾ 'ਤੇ ਕਾਬਜ਼ ਹੋਣ ਲਈ ਯਤਨ ਕਰ ਰਹੀ ਹੈ ਪਰੰਤੂ ਜ਼ਮੀਨੀ ਹਕੀਕਤਾਂ ਭਾਜਪਾ-ਆਰ.ਐਸ.ਐਸ. ਦੇ ਬਿਲਕੁਲ ਉਲਟ ਹਨ। ਹਿਮਾਚਲ ਪ੍ਰਦੇਸ਼ ਸਮੇਤ ਹੋਰਨਾਂ ਸੂਬਿਆਂ ਵਿੱਚ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ, ਆਗੂਆਂ ਨੂੰ ਜਬਰੀ ਤੇ ਲਾਲਚ ਦੇ ਕੇ ਆਪਣੇ ਨਾਲ ਜੋੜ ਰਹੀ ਹੈ ਇਸ ਤੋਂ ਸਪੱਸ਼ਟ ਹੈ ਕਿ ਭਾਜਪਾ ਦੀ ਜਨਤਾ ਵਿੱਚੋਂ ਆਧਾਰ ਖੁਰ ਚੁੱਕਾ ਹੈ।



ਉਨ੍ਹਾਂ ਕਿਹਾ ਕਿ ਭਾਜਪਾ ਦਲਿਤ , ਘੱਟ ਗਿਣਤੀਆਂ ਅਤੇ ਕਿਸਾਨ ਵਿਰੋਧੀ ਹੋਣ ਦੇ ਨਾਲ ਨਾਲ ਤਾਨਾਸ਼ਾਹੀ ਰਵੱਈਏ ਵਾਲੀ ਅਤੇ ਤਾਕਤਾਂ ਦੇ ਕੇਂਦਰੀਕਰਨ ਦੀ ਕੱਟੜ ਆਲੰਬਰਦਾਰ ਹੈ। ਇੰਨ੍ਹਾਂ ਹਾਲਤਾਂ ਵਿੱਚ ਸੀ.ਪੀ.ਆਈ.(ਐਮ) ਦੀ ਪੰਜਾਬ ਦੇ ਸੰਦਰਭ ਵਿੱਚ ਯਤਨ ਹੋਵੇਗਾ ਕਿ ਸਾਰੀਆਂ ਧਰਮ ਨਿਰਪੱਖ , ਜਮਹੂਰੀ , ਦੇਸ਼ ਭਗਤਕ ਤਾਕਤਾਂ ਨੂੰ ਇਕੱਠਾ ਕਰਕੇ ਭਾਜਪਾ ਸਮੇਤ ਹਰ ਤਰ੍ਹਾਂ ਦੀਆਂ ਫਿਰਕੂ ਨੂੰ ਜਨਤਾ ਵਿੱਚੋਂ ਨਿਖੇੜ ਕੇ ਮਾਤ ਦਿੱਤੀ ਜਾਵੇ।

ਕਾਮਰੇਡ ਸੇਖੋਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪੰਜਾਬ ਦੀ ਆਰਥਿਕ ਹਾਲਤ ਦਿਨ ਬ ਦਿਨ ਨਿੱਘਰਦੀ ਜਾ ਰਹੀ ਹੈ। ਅਮਨ ਕਾਨੂੰਨ ਅਤੇ ਨਸ਼ਿਆਂ ਦੇ ਮਾਮਲੇ ਵਿੱਚ ਸਥਿਤੀ ਚਿੰਤਾਜਨਕ ਹੈ ਅਤੇ ਸਰਕਾਰ ਇਸ ਪਾਸੇ ਬਿਲਕੁਲ ਵੀ ਗੰਭੀਰ ਨਹੀਂ। ਗੁਰਦਾਸਪੁਰ ਜੇਲ੍ਹ ਦੀ ਘਟਨਾ ਇਸ ਦੀ ਤਾਜ਼ਾ ਮਿਸਾਲ ਹੈ।

ਕਾਮਰੇਡ ਸੇਖੋਂ ਨੇ ਕਿਹਾ ਕਿ ਸ਼ਹੀਦ ਏ ਆਜ਼ਮ ਭਗਤ ਸਿੰਘ , ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਖਟਕੜ ਕਲਾਂ ਵਿਖੇ ਮਨਾਇਆ ਜਾਵੇਗਾ ਜਿਸ ਵਿੱਚ ਜਨਵਾਦੀ ਨੌਜਵਾਨ ਸਭਾ ਦੇ ਪੰਜਾਬ ਭਰ ਵਿੱਚੋਂ ਨੌਜਵਾਨਾਂ ਤੋਂ ਇਲਾਵਾ ਪਾਰਟੀ ਦੇ ਹੁਸ਼ਿਆਰਪੁਰ , ਨਵਾਂ ਸ਼ਹਿਰ ਜ਼ਿਲਿਆਂ ਦੇ ਸਾਥੀ ਵੀ ਸ਼ਮੂਲੀਅਤ ਕਰਨਗੇ।

ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਸਬੰਧੀ ਪੰਜਾਬ ਪੱਧਰ ਦੀ ਮੀਟਿੰਗ 22 ਮਾਰਚ ਨੂੰ ਲੁਧਿਆਣਾ ਪਾਰਟੀ ਦਫ਼ਤਰ ਵਿਖੇ ਸਵੇਰੇ 11 ਵਜੇ ਹੋਵੇਗੀ।

ਮੀਟਿੰਗ ਵਿੱਚ ਹੋਰ ਕੀਤੇ ਫ਼ੈਸਲੇ ਵਿੱਚ ਲੋਕ ਲਹਿਰ ਮਾਸਿਕ ਦਾ ਜਨਰਲ ਮੈਨੇਜਰ ਸਾਥੀ ਬੁੱਧ ਸਿੰਘ ਲੁਧਿਆਣਾ ਨੂੰ ਨਿਯੁਕਤ ਕੀਤਾ ਗਿਆ।

ਮੀਟਿੰਗ ਦੌਰਾਨ ਪਾਰਟੀ ਦੁਆਰਾ ਬਹੁਤ ਪਹਿਲਾਂ ਸੂਬਾ ਕਮੇਟੀ ਮੀਟਿੰਗ ਵਿੱਚ ਚੰਦਰ ਸ਼ੇਖਰ ਨੂੰ ਪਬਲਿਕ ਨਿਖੇਧੀ ਕੀਤੇ ਜਾਣ ਦੀ ਸਜ਼ਾ ਸੰਬਧੀ ਉਸ ਵੱਲੋਂ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਦੀ ਸਮੁੱਚੀ ਮੀਟਿੰਗ ਨੇ ਸਰਬ ਸੰਮਤੀ ਨਾਲ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਹੈ।

# ਵੱਖ ਵੱਖ ਵਿਭਾਗਾਂ ਦੇ ਮੁੱਖੀਆਂ ਨਾਲ ਮੀਟਿੰਗ ਕਰ ਜਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਦਿੱਤੇ ਦਿਸਾ ਨਿਰਦੇਸ



**ਪਠਾਨਕੋਟ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ-2024 ਦੇ ਸਬੰਧ ਵਿੱਚ ਜਿਲ੍ਹਾ ਚੋਣ ਅਫਸਰ ਪਠਾਨਕੋਟ ਵੱਲੋਂ ਸਮੂਹ ਵਿਭਾਗਾਂ ਦੇ ਮੁੱਖੀਆਂ ਨਾਲ ਇੱਕ ਵਿਸੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰਕਲ੍ਹਾ, ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਪਵਨ ਕੁਮਾਰ ਡੀ.ਆਰ.ਓ. ਪਠਾਨਕੋਟ ਅਤੇ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜਰ ਸਨ।

ਮੀਟਿੰਗ ਨੂੰ ਸੰਬੋਧਤ ਕਰਦਿਆਂ ਸ੍ਰੀ ਆਦਿੱਤਿਆ ਉੱਪਲ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਚੋਣਾਂ ਦੌਰਾਨ ਕਿਸੇ ਵੀ ਸਰਕਾਰੀ ਇਮਾਰਤ ਅਤੇ ਸਰਕਾਰੀ ਜਾਇਦਾਦ ਨੂੰ ਡਿਫੇਸ ਕਰਨ ਦੀ ਸਖਤ ਮਨਾਹੀ ਹੈ।

ਸਮੂਹ ਵਿਭਾਗਾਂ ਦੇ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਉਹਨਾਂ ਦੇ ਦਫਤਰ ਦੀ ਇਮਾਰਤ ਅਤੇ ਸਰਕਾਰੀ ਜਾਇਦਾਦ ਉਪਰ ਕੋਈ ਵੀ ਪੋਲੀਟੀਕਲ ਹੋਰਡਿੰਗ, ਬੈਨਰ, ਝੰਡੇ, ਪੋਸਟਰ ਆਦਿ ਨਾ ਲੱਗੇ ਹੋਣ। ਦਰੱਖਤਾਂ ਲਈ ਵਣ ਵਿਭਾਗ, ਖੰਭਿਆ ਤੇ ਪਾਵਰਕਾਮ ਅਤੇ ਸ਼ਹਿਰੀ ਗਲੀਆਂ ਦੇ ਪੋਲਾਂ ਲਈ ਨਗਰ ਨਿਗਮ/ਨਗਰ ਕੌਂਸਲ ਦੀ ਜਿੰਮੇਵਾਰੀ ਹੋਵੇਗੀ। ਇਸੇ ਤਰਜ਼ ਦੇ ਬਾਕੀ ਵਿਭਾਗ ਵੀ ਚੋਣ ਜ਼ਾਬਤੇ ਦੀ ਸਖਤੀ ਨਾਲ ਪਾਲਣਾ ਕਰਨੀ ਯਕੀਨੀ ਬਣਾਉਣਗੇ।

ਉਨ੍ਹਾਂ ਕਿਹਾ ਕਿ ਜਨਤਕ ਸਥਾਨਾਂ ਦੇ ਧਿਆਨਹਿੱਤ ਸਮੂਹ ਕਾਰਜ ਸਾਧਕ ਅਫਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਪਣੇ ਅਧਿਕਾਰ ਖੇਤਰ ਉਂਘੀਆ ਥਾਵਾਂ ਤੇ ਜਿਵੇਂ ਸੜਕਾਂ, ਮੇਨ ਚੌਂਕਾਂ, ਰੇਲਵੇ ਸਟੇਸ਼ਨ, ਬੱਸ ਸਟੈਂਡ, ਹਵਾਈ ਅੱਡੇ, ਰੇਲਵੇ ਪੁਲ, ਰੋਡਵੇਜ਼, ਸਰਕਾਰੀ ਬੱਸਾਂ, ਇਲੈਕਟ੍ਰਿਕ/ਟੈਲੀਫੋਨ ਦੇ ਖੰਭਿਆਂ, ਮਿਊਂਸਪਲ/ਸਥਾਨਕ ਸੰਸਥਾਵਾਂ ਦੀਆਂ ਇਮਾਰਤਾਂ ਆਦਿ ਬੱਸ ਸਟੈਂਡ, ਰੇਲਵੇ ਸਟੇਸ਼ਨ, ਹਸਪਤਾਲਾਂ ਆਦਿ ਵਿੱਚ ਨਿੱਜੀ ਤੌਰ ਤੇ ਦੌਰਾ ਕਰਕੇ ਸਰਕਾਰੀ ਪ੍ਰਾਪਟੀਜ਼ ਤੇ ਲੱਗੇ ਪੋਲੀਟੀਕਲ ਹੋਰਡਿੰਗ, ਬੈਨਰ, ਝੰਡੇ, ਪੋਸਟਰ ਅਤੇ ਪੇਂਟਿੰਗ ਆਦਿ 48 ਘੰਟੇ ਦੇ ਅੰਦਰ-ਅੰਦਰ ਹਟਾਏ ਜਾਣ।ਉਨ੍ਹਾਂ ਕਿਹਾ ਕਿ ਨਿੱਜੀ ਜਾਇਦਾਦਾਂ ਤੇ ਲਗਾਏ ਗਏ ਸਾਰੇ ਅਣਅਧਿਕਾਰਤ ਰਾਜਨੀਤਿਕ ਇਸ਼ਤਿਹਾਰ ਚੋਣਾਂ ਦੇ ਐਲਾਨ ਤੋਂ (72 ਘੰਟਿਆਂ ਦੇ ਅੰਦਰ) ਹਟਾ ਦਿੱਤੇ ਜਾਣ।

ਉਨ੍ਹਾਂ ਕਿਹਾ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਉਮੀਦਵਾਰ/ ਕੋਈ ਹੋਰ ਵਿਅਕਤੀ ਵੱਲੋਂ ਚੋਣਾਂ ਦੌਰਾਨ ਚੋਣ ਪ੍ਰਚਾਰ ਚੋਣਾਂ ਦੌਰਾਨ ਜਾਂ ਚੋਣ ਸਬੰਧੀ ਯਾਤਰਾ ਕਰਨ ਲਈ ਚੋਣ ਪ੍ਰਚਾਰ ਕਰਨ ਲਈ ਸਰਕਾਰੀ ਵਾਹਨਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਹੋਵੇਗੀ।

# ਦੂਸਰੇ ਵਿਸ਼ਾਲ ਖੂਨ ਦੇਣ ਵਿੱਚ ਹਲਕੇ ਦੇ ਵੱਖ ਵੱਖ ਸਮਾਜਿਕ ਅਤੇ ਧਾਰਮਿਕ ਆਗੂਆਂ ਨੇ ਦਿੱਤਾ ਪੂਰਾ ਸਾਥ - ਅਵੀ ਰਾਜਪੂਤ, ਨੇਹਾ ਰਾਜਪੂਤ

**ਕਪੂਰਥਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੂਸਰੇ ਵਿਸ਼ਾਲ ਖੂਨ ਦਾਨ ਕੈਂਪ ਵਿੱਚ ਲੋਕਾਂ ਨੇ ਮੇਰਾ ਸਾਥ ਦੇ ਕੇ ਅਸਲ ਮਾਇਨੇ ਵਿੱਚ ਕੈਂਪ ਨੂੰ ਵਿਸ਼ਾਲ ਬਣਾਇਆ ਅਵੀ ਰਾਜਪੂਤ ਨੇ ਹਰ ਇਕ ਇਨਸਾਨ ਦਾ ਧੰਨਵਾਦ ਕੀਤਾ ਜਿਸਨੇ ਖੂਨ ਦਾਨ ਕੀਤਾ ਅਤੇ ਜਿਸਨੇ ਮੌਕੇ ਤੇ ਪਹੁੰਚ ਕੇ ਖੂਨ ਦਾਨ ਕਰਨ ਵਾਲਿਆ ਦਾ ਹੌਂਸਲਾ ਵਧਾਈਆਂ ਦੂਸਰੇ ਵਿਸ਼ਾਲ ਖੂਨ ਦਾਨ ਕੈਂਪ ਦਾ ਉਦਘਾਟਨ ਰਿਬਨ ਕੱਟ ਕੇ ਅਵੀ ਰਾਜਪੂਤ ਦੀ ਧਰਮ ਪਤਨੀ ਨੇਹਾ ਰਾਜਪੂਤ ਨੇ ਕੀਤਾ ਜਿਸ ਮੌਕੇ ਬਜਰੰਗ ਦਲ ਦੇ ਸਾਬਕਾ ਪੰਜਾਬ ਪ੍ਰਧਾਨ ਅਤੇ ਹਿੰਦੂ ਲੀਡਰ ਨਰੇਸ਼ ਪੰਡਿਤ ਜ਼ੀ, ਅਤੇ ਟ੍ਰੈਫਿਕ ਇੰਚਾਰਜ ਸੁਖਜੀਤ ਸਿੰਘ ਹਾਜਰ ਰਹੇ, ਇਸ ਵਿਸ਼ਾਲ ਖੂਨ ਦਾਨ ਕੈਂਪ ਵਿੱਚ 53 ਲੋਕਾਂ ਨੇ ਮਹੂਨ ਦਾਨ ਦੇ ਕੇ ਲੋਕਾਂ ਭਲਾਈ ਵਿੱਚ ਅਪਣਾ ਹਿੱਸਾ ਪਾਇਆ ਅਤੇ ਸਮਾਜ ਵਿੱਚ ਇਕ ਸੁਨੇਹਾ ਦੇਣ ਵਿੱਚ ਸਾਥ ਦਿਤਾ ਅਵੀ ਰਾਜਪੂਤ ਅਤੇ ਉਨ੍ਹਾਂ ਦੀ ਟੀਮ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਅਵੀ ਰਾਜਪੂਤ ਨੇ ਖੁਦ ਸਬ ਤੋ ਪਹਿਲਾ ਬਲੱਡ ਡੋਨੇਟ ਕਰ ਕੇ ਖੁਦ ਅੱਗੇ ਆ ਕੇ ਚੰਗਾ ਉਪਰਾਲਾ ਕਰਨ ਦਾ ਸੰਦੇਸ਼ ਦਿਤਾ ਅਵੀ ਰਾਜਪੂਤ ਨੇ ਉਨ੍ਹਾਂ ਲੋਕਾਂ ਨੂੰ ਅਪੀਲ ਜਿਨ੍ਹਾਂ ਨੇ ਬਲੱਡ ਡੋਨੇਟ ਕੀਤਾ ਕੀ ਜੇ ਉਨ੍ਹਾਂ ਦੇ ਪਰਿਵਾਰਾ ਵਿੱਚ ਕਿਸੇ ਨੂੰ ਲੋੜ ਹੋਵੇ ਖੂਨ ਦੀ ਤੇ ਅਵੀ ਰਾਜਪੂਤ ਉਨ੍ਹਾਂ ਲਈ ਹਮੇਸ਼ਾ ਖੜ੍ਹਾ ਰਹੇਗਾ ਜੋ ਲੋਕਾਂ ਕਿਸੇ ਵੀ ਤਰਾਹ



ਦੀ ਪ੍ਰੇਸ਼ਾਨੀਆਂ ਵਿੱਚ ਆਂਦੇ ਨੇ ਹੌਸਪੀਟਲਾ ਵਿੱਚ ਮੈਂ ਉਨ੍ਹਾਂ ਦੀ ਹਰ ਤਰਾਹ ਮਦਦ ਕਰਨ ਲਈ ਹਾਜਰ ਹਾਂ ਬਲੱਡ ਕੈਂਪ ਵਿੱਚ ਬਹੁਤ ਸਾਰੀ ਸਖ਼ਸ਼ੀਇਤਾਂ ਨੇ ਲੋਕਾਂ ਨੂੰ ਇਸ ਖੂਨ ਦਾਨ ਕੈਂਪ ਵਿੱਚ ਸੁਨੇਹਾ ਦਿਤਾ ਕੀ ਸਾਨੂੰ ਸਭ ਨੂੰ ਵੱਧ ਚੜ੍ਹ ਕੁ ਇਹੋ ਜਹੇ ਲੋਕਾਂ ਭਲਾਈ ਦੇ ਕੈਂਪ ਵੱਧ ਤੋ ਵੱਧ ਲਗਾ ਕੇ ਜ਼ਰੂਰਤ ਮੰਦ ਦੇ ਕੰਮ ਆਣਾ ਚਾਹੀਦਾ ਹੈ ਅਤੇ ਸਭ ਨੇ ਅਵੀ ਰਾਜਪੂਤ ਦਾ ਧੰਨਵਾਦ ਕੀਤਾ ਕੀ ਉਹ ਸਿਆਸੀ ਤੋਰ ਤੇ ਜਿਥੇ ਲੋਕਾਂ ਦੀ ਮੁਸ਼ਕਲਾਂ ਹੱਲ ਕਰਦੇ ਨੇ ਉਥੇ ਹੀ ਇਹੋ ਜਹੇ ਪੁੰਨ ਦੇ ਕੰਮ ਕਰ ਕੇ ਲੋਕਾਂ ਦੀ ਸੀਸਾ ਲੈਣੋ ਵੀ ਪਿੱਛੇ ਨਹੀਂ ਰੋਂਦੇ ਏਕਤਾ ਪਾਰਟੀ ਤੋ ਗੁਰਮੀਤ ਲਾਲ ਬਿੱਟੂ ਨੇ ਅਤੇ ਚਿੰਤਪੂਰਨੀ ਮੰਦਿਰ ਤੋ ਵੀਨਾ ਮਾਤਾ ਜ਼ੀ ਨੇ ਆਪਣੇ ਸਾਥੀਆਂ ਸਮੇਤ ਕੈਂਪ ਵਿੱਚ ਹਾਜ਼ਰੀ ਲਗਵਾ ਕੇ ਬਲੱਡ ਦੇਣ ਵਾਲੇ ਡੋਨਰਾ ਨੂੰ ਹੋਂਸਲਾ ਦਿਤਾ ਇਸ ਮੌਕੇ ਸੁਭਾਸ਼ ਮਕਰੰਦੀ ਜ਼ੀ ਨੇ, ਮਨੋਜ ਅਰੋੜਾ ✡✱ ਜ਼ੀ ਨੇ, ਰਾਹੁਲ ਆਨੰਦ ਪ੍ਰਧਾਨ ਰੋਟਰੀ ਇਲੀਟ ਨੇ, ਅਮਰਜੀਤ ਸਿਡਾਨਾ ਜ਼ੀ ਨੇ, ਸੀਨੀਅਰ ਪੱਤਰਕਾਰ, ਮੁਕੇਸ਼ ਕਸ਼ ?ਯਪ ਜਿਲ੍ਹਾ ਪ੍ਰਧਾਨ ਸ਼ਿਵ ਸੈਨਾ, ਅਰੁਣ ਸੱਭਰਵਾਲ, ਯੂਥ ਪ੍ਰਧਾਨ ਪੰਜਾਬ, ਮਨਦੀਪ ਗਿੱਲ ਡਾਇਰੈਕਟਰ, ਸੰਜੇ ਸੈਨ ਐਂਟੀ ਕ੍ਰਾਪਸ਼ਨ ਤੋ,ਵੱਖ ਵੱਖ ਮੰਦਿਰ ਕਮੇਟੀਆਂ ਤੋ, ਜਿਸ ਸ ਵਿੱਚ ਸਤਿਨਾਰਾਯਣ ਮੰਦਿਰ ਤੋ, ਪਰਚੀਨ ਸ਼ਿਵ ਮੰਦਿਰ ਤੋ, ਧਰਮਸਭਾ ਕੋਮਟੀ ਵਲੋਂ,ਬਾਬਾ ਤੇਲੁ ਵਾਲੀ ਸਰਕਾਰ ਤੋ ਬਾਬਾ ਬੱਲੀ ਜ਼ੀ, ਸੁੱਖਵਿੰਦਰ ਮੋਹਨ ਭਾਟੀਆ ਜ਼ੀ ਗੁਰਦਵਾਰਾ ਭੋਪਾਲ ਜਥੇਰੇ ਵੱਲੋ, ਰਾਣੀ ਸਾਹਿਬਾ ਮੰਦਿਰ ਵੱਲੋ, ਚਿੰਤਪੂਰਨੀ ਮੰਦਿਰ ਮਾਰਕਫੈਡ ਵੱਲੋ ਪ੍ਰਧਾਨ ਦਿਲਬਾਗ ਜ਼ੀ, ਹਰਮਨ ਸੇਖਰੀ ਬਾਬਾ ਬਾਲਕਨਾਥ ਮੰਦਿਰ ਵੱਲੋ, ਢੋਟ ਜ਼ੀ ਭਗਤ ਸਿੰਘ ਕਲੱਬ, ਦਰਸ਼ਨ ਜ਼ੀ ਇੰਚਾਰਜ pcr,ਰਿੰਕੂ ਕਾਲੀਆਂ, ਪ੍ਰਧਾਨ ਭਗਤ ਸਿੰਘ ਕਲੱਬ, ਅਨਿਲ ਬਹਿਲ ਜ਼ੀ ਮਨੀ ਮਹੇਸ਼ ਮੰਦਿਰ ਕੈਸ਼ੀਅਰ, ਪੰਜ ਮੰਦਿਰ ਕਮੇਟੀ ਤੋ, ਸ਼ਪਤ ਅਲੀ ਜ਼ੀ ਯੂਥ ਜਿਲ੍ਹਾ ਪ੍ਰਧਾਨ ਸ਼ਿਵ ਸੈਨਾ ਸ਼ਿੰਦੇ ਗਰੁੱਪ, ਕਰਨ ਧਾਰਮਿਕ ਆਗੂ, ਅਕਾਸ਼ ਐਡਮਿਨ ਕਪੂਰਥਲਾ ਪੈਜ, ਅਰਜੁਨ ਅਧਿਵਨਸ਼ੀ, ਇੰਨਾ ਸਭ ਨੇ ਅਵੀ ਰਾਜਪੂਤ ਤੇ ਉਨ੍ਹਾਂ ਦੀ ਟੀਮ ਤੇ ਇਸ ਨੇਕ ਕੰਮ ਵਿੱਚ ਪੂਰਾ ਸਮਰਥਨ ਦਿਤਾ ਅਤੇ ਆਨ ਵਾਲੇ ਸਮੇ ਵਿੱਚ ਵੀ ਇਸ ਤਰ੍ਹਾਂ ਦੇ ਨੇਕ ਉਪਰਾਲੇ ਤੂ ਕਪੂਰਥਲੇ ਦੇ ਭਲੇ ਦੇ ਕੰਮ ਵਿੱਚ ਅਵੀ ਰਾਜਪੂਤ ਦਾ ਸਾਥ ਦੇਣ ਦਾ ਵਾਦਾ ਦਿਤਾ ਮੀਡਿਆ ਤੋ ਸਾਜਣ ਖੋਸਲਾ ਜ਼ੀ, ਸੌਰਵ ਮੜ੍ਹੀਆਂ ਜ਼ੀ, ਇੰਦਰਜੀਤ ਸਿੰਘ ਜ਼ੀ , ਅਮਰਜੀਤ ਸਿਡਾਨਾ ਜ਼ੀ,ਗੁਰਵਿੰਦਰ ਭੱਟੀ ਜ਼ੀ, ਡੇਵਿਡ ਜ਼ੀ,ਮਨੀਸ਼ ਚੋਪੜਾ ਜ਼ੀ, ਹਾਜਰ ਰਹੇ ਅਤੇ ਅਪਣਾ ਸਾਥ ਦਿਤਾ

ਇਸ ਮੌਕੇ ਮੇਰੀ ਟੀਮ ਵਿੱਚ ਅਸ਼ੋਕ ਸ਼ਰਮਾ, ਮਨਜੀਤ ਕਾਲਾ, ਧੀਰਜ ਨੱਯਰ, ਮੋਹਿੰਦਰ ਸਿੰਘ, ਕੁਲਦੀਪਕ ਧੀਰ, ਸੁਮੀਤ ਕਪੂਰ , ਲਖਬੀਰ ਸਿੰਘ, ਸਤੀਸ਼, ਜਸਵੰਤ, ਬੌਬੀ, ਸੰਜੀਵ, ਨਿਰਮਲ ਸਿੰਘ, ਰਾਜੇਸ਼ ਕੁਮਾਰ, ਦੀਪਕ ਬਿਸ਼ਟ, ਰਿੱਕੀ, ਜੱਸੀ, ਵਿਨੈ, ਜੈਵੀਰ, ਕੁਲਵੰਤ, ਵਰਿੰਦਰ, ਰੂਬਲ, ਮਨੀ, ਗੋਲੂ, ਹਾਜਰ ਰਹੇ

# ਲੋਕ ਸਭਾ ਚੋਣਾਂ-2024 ਨੂੰ ਲੈ ਕੇ ਜਿਲ੍ਹਾ ਪਠਾਨਕੋਟ ਵਿਖੇ ਜਿਲ੍ਹਾ ਚੋਣ ਅਫਸਰ ਵੱਲੋਂ ਕੀਤੀ ਪ੍ਰੈਸ ਕਾਨਫਰੰਸ



**ਪਠਾਨਕੋਟ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਭਾਰਤ ਚੋਣ ਕਮਿਸ਼ਨ ਜੀ ਵੱਲੋਂ ਮਿਤੀ 16.03.2024 ਨੂੰ 3.00 ਵਜੇ ਲੋਕ ਸਭਾ ਦੀਆ ਆਮ ਚੋਣਾਂ, 2024 ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ, ਚੋਣਾਂ ਦੇ ਐਲਾਨ ਹੋਣ ਦੀ ਮਿਤੀ ਤੋਂ ਆਦਰਸ਼ ਚੋਣ ਜ਼ਾਬਤਾ ਅਮਲ ਵਿਚ ਆ ਚੁੱਕਾ ਹੈ, ਜੋ ਕਿ ਚੋਣ ਪ੍ਰੀਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸਨਰ ਪਠਾਨਕੋਟ ਨੇ ਇੱਕ ਪ੍ਰੈਸ ਕਾਨਫਰੰਸ ਦੋਰਾਨ ਕੀਤਾ। ਉਨ੍ਹਾਂ ਆਮ ਜਨਤਾ, ਸਮੂਹ ਰਾਜਸੀ ਪਾਰਟੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਚੋਣਾਂ ਨੂੰ ਅਮਨ-ਸ਼ਾਤੀ ਅਤੇ ਪਾਰਦਰਸ਼ੀ ਬਣਾਉਣ ਲਈ ਸਮੁੱਚੇ ਜ਼ਿਲ੍ਹੇ ਵਿਚ ਚੋਣ ਜ਼ਾਬਤੇ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।

ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਦਾਖਲ ਕਰਨ ਦੀ ਪ੍ਰਕਿਰਿਆ ਚੋਣ ਕਮਿਸ਼ਨ ਜੀ ਵੱਲੋਂ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਹੀ ਸ਼ੁਰੂ ਹੋ ਜਾਵੇਗੀ। ਉਮੀਦਵਾਰਾਂ ਵੱਲੋਂ ਨਾਮਜ਼ਦਗੀ ਦਾਖਲ ਕਰਨ ਲਈ ਨੌਮੀਨੇਸ਼ਨ ਫਾਰਮ ਵਿਚ ਆਪਣੇ ਨਿੱਜੀ ਵੇਰਵੇ ਕਮਿਸ਼ਨ ਦੇ ਪੋਰਟਲ www.suvidha.eci.gov.in ਤੇ ਆਨ-ਲਾਈਨ ਵੀ ਭਰੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਉਮੀਦਵਾਰਾਂ ਨੂੰ ਆਨ ਲਾਈਨ ਨਾਮਜ਼ਦਗੀ ਦਾਖਲ ਕਰਨ ਦੀ ਸਹੂਲਤ ਦਿੱਤੀ ਗਈ ਹੈ ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸੁਜਾਨਪੁਰ ਅਸੈਂਬਲੀ ਸੈਗਮੈਂਟ ਲਈ ਸ੍ਰੀ ਕਾਲਾ ਰਾਮ ਕਾਂਸਲ ਐਸ.ਡੀ.ਐਮ. ਧਾਰ ਕਲ੍ਹਾਂ, ਭੋਆ ਅਸੈਂਬਲੀ ਸੈਗਮੈਂਟ ਲਈ ਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਅਤੇ ਪਠਾਨਕੋਟ ਅਸੈਂਬਲੀ ਸੈਗਮੈਂਟ ਲਈ ਡਾ. ਸੁਮਿਤ ਮੁਧ ਐਸ.ਡੀ.ਐਮ ਪਠਾਨਕੋਟ ਨੂੰ ਸਹਾਇਕ ਰਿਟਰਨਿੰਗ ਅਫਸਰ ਨਿਯੁਕਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਿਲ੍ਹਾ ਪਠਾਨਕੋਟ ਦੇ ਲੋਕ ਸਭਾ ਹਲਕੇ ਵਿਚ ਕੁੱਲ 493494 ਵੋਟਰ ਹਨ, ਜਿੰਨ੍ਹਾਂ ਵਿਚੋਂ 261808 ਮਰਦ, 231678 ਔਰਤਾਂ, 8 ਕਿੰਨਰ, 15031 ਨੌਜਵਾਨ (18-19 ਸਾਲ), 3805 ਦਿਵਿਆਂਗ ਵੋਟਰ, 101 ਪ੍ਰਵਾਸੀ ਭਾਰਤੀ ਅਤੇ 9258 ਸੀਨੀਅਰ ਸਿਟੀਜਨ/80+ ਵੋਟਰ ਹਨ । ਸਰਵਿਸ ਵੋਟਰਾਂ ਦੀ ਗਿਣਤੀ 8708 ਹੈ। ਪੋਲਿੰਗ ਕਰਵਾਉਣ ਲਈ ਜ਼ਿਲੇ ਵਿਚ ਕੁੱਲ 568 ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਚੋਣਾਂ ਵਿਚ ਦਿਵਿਆਂਗ ਵੋਟਰਾਂ, ਸੀਨੀਅਰ ਸਿਟੀਜ਼ਨਾਂ/85 ਸਾਲ ਦੇ ਵੋਟਰਾਂ ਨੂੰ ਪੋਸਟਲ ਬੈਲਟ ਦੀ ਸੁਵਿਧਾ ਦਿੱਤੀ ਜਾਵੇਗੀ। ਪਿਛਲੀਆਂ ਲੋਕ ਸਭਾ ਚੋਣਾਂ,2019 ਮੌਕੇ 73.53 ਫ਼ੀਸਦੀ ਵੋਟਾਂ ਪਈਆਂ ਸਨ ।ਉਨ੍ਹਾਂ ਦੱਸਿਆ ਕਿ ਅਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਚੋਣਾਂ ਕਰਵਾਉਣ ਲਈ ਪੋਲਿੰਗ ਸਟੇਸ਼ਨਵਾਈਜ਼ Vulnerable Mapping ਕਰਵਾਈ ਗਈ ਹੈ । ਉਨ੍ਹਾਂ ਇਸ ਮੌਕੇ ਲੋਕ ਸਭਾ ਚੋਣਾਂ ਦੌਰਾਨ ਵੱਖ ਵੱਖ ਤਰ੍ਹਾਂ ਦੀ ਪਰਮਿਸਨਾਂ ਤੇ ਵੀ ਰੋਸਨੀ ਪਾਈ ।

ਉਨ੍ਹਾਂ ਦੱਸਿਆ ਕਿ ਚੋਣਾਂ ਦੇ ਪ੍ਰੋਸੈੱਸ ਦੀ ਨਿਗਰਾਨੀ ਲਈ ਵੱਖ ਵੱਖ ਟੀਮਾਂ ਸਥਾਪਤ ਕਰ ਦਿੱਤੀਆ ਗਈਆਂ ਹਨ। ਇਹ ਟੀਮਾਂ, ਨਕਦੀ, ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਵਾਲੀਆਂ ਗੱਡੀਆਂ ਦੀ ਖੋਜ ਕਰਨਗੀਆਂ । ਲੋਕਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਪੈਸਾ ਇੱਧਰ-ਉੱਧਰ ਲੈ ਕੇ ਜਾਣਾ ਚਾਹੁੰਦੇ ਹਨ ਤਾਂ ਇਹ ਡਿਮਾਂਡ ਡਰਾਂਫਟਾਂ, ਟਰੈਵਲਰ ਚੈਕਸ ਜਾਂ ਅਜਿਹੇ ਕਿਸੇ ਰੂਪ ਵਿਚ ਲੈ ਕੇ ਜਾਣ । ਨਕਦੀ ਲੈ ਕੇ ਜਾਣ ਤੋ ਗੁਰੇਜ਼ ਕੀਤਾ ਜਾਵੇ, ਕਿਉਂਕਿ ਇਹ ਜਬਤ ਹੋ ਸਕਦੀ ਹੈ । ਕੀਤੀਆਂ ਗਈਆਂ ਸਾਰੀਆਂ ਖੋਜਾਂ ਦੀ ਵੀਡੀਓਗ੍ਰਾਫੀ ਕੀਤੀ ਜਾਵੇਗੀ।

# ਲੋਕ ਸਭਾ ਚੋਣਾਂ ਅਧੀਨ ਨੇੜੇ ਦੇ ਪੁਲਿਸ ਸਟੇਸ਼ਨ ਵਿੱਚ ਜਾਂ ਅਧਿਕਾਰਕਤ ਅਸਲਾ ਡੀਲਰ ਪਾਸ ਅਸਲਾ ਜਮ੍ਹਾਂ ਕਰਵਾਉਣ ਦੇ ਆਦੇਸ ਜਾਰੀ

**ਪਠਾਨਕੋਟ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਚੋਣ ਕਮਿਸ਼ਨ ਆਫ ਇੰਡੀਆ ਵੱਲੋਂ ਲੋਕ ਸਭਾ-2024 ਦੀਆਂ ਆਮ ਚੋਣਾਂ ਹੋ ਰਹੀਆਂ ਹਨ। ਇਹ ਆਮ ਵੇਖਣ ਵਿੱਚ ਆਇਆ ਹੈ ਕਿ ਚੋਣਾਂ ਦੌਰਾਨ ਲੜਾਈ-ਝਗੜੇ ਹੋਣ ਦਾ ਅੰਦੇਸ਼ਾ ਬਣਿਆ ਰਹਿੰਦਾ ਹੈ। ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਚੋਣਾਂ ਦੌਰਾਨ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਅਸਲਾਧਾਰੀਆਂ ਪਾਸੋਂ ਉਨ੍ਹਾਂ ਦੇ ਅਸਲੇ ਨੂੰ ਜਮ੍ਹਾ ਕਰਵਾਉਣਾ ਅਤਿ ਜ਼ਰੂਰੀ ਹੈ, ਤਾਂ ਜੋ ਕਿਸੇ ਕਿਸਮ ਦੀ ਅਣਹੋਣੀ ਘਟਨਾ ਨਾ ਵਾਪਰੇ। ਇਹ ਹੁਕਮ ਸ੍ਰੀ ਅਦਿੱਤਿਆ ਉੱਪਲ (ਆਈ.ਏ.ਐੱਸ.) ਜ਼ਿਲ੍ਹਾ ਮੈਜਿਸਟਰੇਟ ਪਠਾਨਕੋਟ ਵੱਲੋਂ ਜਾਰੀ ਕੀਤਾ ਗਿਆ। ਉਨ੍ਹਾਂ ਹੁਕਮ ਜਾਰੀ ਕਰਦਿਆਂ ਕਿਹਾ ਕਿ ਜਾਬਤਾ ਫੌਜਦਾਰੀ 1973 ਦੀ ਧਾਰਾ 144 ਅਧੀਨ ਸਮੂਹ ਲਾਇਸੰਸ ਸੁਦਾ ਹਥਿਆਰ ਰੱਖਣ ਵਾਲੇ ਵਿਅਕਤੀ ਆਪਣਾ- ਆਪਣਾ ਹਥਿਆਰ ਤੁਰੰਤ ਪ੍ਰਭਾਵ ਤੋਂ, ਨੇੜੇ ਦੇ ਪੁਲਿਸ ਸਟੇਸ਼ਨ ਵਿੱਚ ਜਾਂ ਅਧਿਕਾਰਕਤ



ਅਸਲਾ ਡੀਲਰ ਪਾਸ ਜਮ੍ਹਾਂ ਕਰਵਾਉਣ। ਅਸਲਾ ਮਿੱਥੇ ਸਮੇਂ ਤੇ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਜਾਬਤਾ ਫੌਜਦਾਰੀ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਲਾਇਸੰਸ ਰੱਦ ਕਰ ਦਿੱਤੇ ਜਾਣਗੇ।

ਉਨ੍ਹਾਂ ਕਿਹਾ ਕਿ ਇਹ ਹੁਕਮ ਆਰਮੀ ਪਰਸਨਲ, ਪੈਰਾ ਮਿਲਟਰੀ ਫੋਰਸਜ਼, ਡਿਊਟੀ ਤੇ ਤਾਇਨਾਤ ਪੁਲਿਸ ਕਰਮਚਾਰੀ ਅਤੇ ਜਿਲ੍ਹੇ ਵਿੱਚ ਸਥਿਤ ਬੈਂਕਾਂ ਦੀ ਰਾਖੀ ਕਰਨ ਵਾਲੇ ਅਸਲਾ ਲਾਇਸੰਸੀਆਂ ਤੇ ਲਾਗੂ ਨਹੀਂ ਹੋਵੇਗਾ।

# ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਦੋ ਸਾਲ ਪੂਰੇ ਹੋਣ ਤੇ ਵਧਾਈ ਦਿੱਤੀ



**ਕਪੂਰਥਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਦੋ ਸਾਲ ਪੂਰੇ ਹੋ ਗਏ ਹਨ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਕਪੂਰਥਲਾ ਦੇ ਹਲਕਾ ਇੰਚਾਰਜ ਗੁਰਸ਼ਰਨ ਸਿੰਘ ਕਪੂਰ ਅਤੇ 'ਆਪ' ਦੇ ਸੀਨੀਅਰ ਆਗੂ ਪਰਵਿੰਦਰ ਸਿੰਘ ਢੋਟ, ਜ਼ਿਲ੍ਹਾ ਵਪਾਰ ਮੰਡਲ ਦੇ ਪ੍ਰਧਾਨ ਕੰਵਰ ਇਕਬਾਲ ਨੇ ਸਮੂਹ ਪੰਜਾਬੀਆਂ ਨੂੰ ਵਧਾਈ ਦਿੱਤੀ ਹੈ ਅਤੇ ਉਨ੍ਹਾਂ ਵਲੋ ਆਦਮੀ ਪਾਰਟੀ ਦੇ ਉੱਜਵਲ ਭਵਿੱਖ ਲਈ ਅਰਦਾਸ ਕੀਤੀ ਗਈ ਅਤੇ ਕਿਹਾ ਗਿਆ ਕਿ ਭਗਵੰਤ ਮਾਨ ਸਰਕਾਰ ਨੇ ਹਰ ਖੇਤਰ ਵਿੱਚ ਬੇਮਿਸਾਲ ਕੰਮ ਕੀਤਾ ਹੈ, ਹਰ ਵਰਗ ਨੂੰ ਬੇਹਤਰ ਸਹੂਲਤਾਂ ਦਿੱਤੀਆਂ ਹਨ। ਆਗੂਆਂ ਨੇ ਸਰਕਾਰ ਦੇ 2 ਸਾਲ ਸਫ਼ਲਤਾਪੂਰਵਕ ਪੂਰੇ ਹੋਣ 'ਤੇ ਪੰਜਾਬੀਆਂ ਨੂੰ ਵਧਾਈ ਦਿੱਤੀ ਹੈ। ਦੱਸ ਦੇਈਏ ਕਿ ਅੱਜ ਦੇ ਦਿਨ 16 ਮਾਰਚ 2022 ਨੂੰ ਖਟਕੜ ਕਲਾਂ ਵਿਖੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਸਰਕਾਰ ਬਣਾਈ ਸੀ।

ਉਦੋਂ ਤੋਂ ਪੰਜਾਬ ਵਿੱਚ ਅਮਨ-ਕਾਨੂੰਨ, ਗੈਂਗਸਟਰ ਕਲਚਰ ਦਾ ਖਾਤਮਾ, ਘਰ-ਘਰ ਰਾਸ਼ਨ ਦੀ ਵੰਡ, ਮੁਹੱਲਾ ਕਲੀਨਿਕ, ਮਾਈਨਿੰਗ ਨੀਤੀ ਵਿੱਚ ਪਾਰਦਰਸ਼ਤਾ, ਭ੍ਰਿਸ਼ਟਾਚਾਰ ਨੂੰ ਨੱਥ ਪਾਉਣਾ, ਪ੍ਰਸ਼ਾਸਨਿਕ ਸੁਧਾਰ ਵਰਗੇ ਅਨੇਕਾਂ ਲੋਕ ਭਲਾਈ ਦੇ ਕੰਮ ਕੀਤੇ ਗਏ ਹਨ, ਜਿਨ੍ਹਾਂ ਦੀ ਬਦੌਲਤ ਪੰਜਾਬ 'ਆਪ' ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਹਰਮਨ ਪਿਆਰੇ ਹੋ ਗਏ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਸਰਕਾਰ ਇਸੇ ਤਰ੍ਹਾਂ ਲੋਕ ਹਿੱਤ ਵਿੱਚ ਕੰਮ ਕਰਦੀ ਰਹੇਗੀ।

ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਪਾਰਟੀ ਬਿਹਤਰ ਪ੍ਰਦਰਸ਼ਨ ਕਰੇਗੀ ਅਤੇ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰੇਗੀ।ਲੋਕ ਸਭਾ ਸੀਟ ਜਿੱਤ ਕੇ ਸੂਬੇ 'ਚ ਆਪਣਾ ਝੰਡਾ ਲਹਿਰਾਏਗੀ।

# ਕਲਯੁਗ ਵਿੱਚ ਜੋ ਸ਼ਖਸ ਬਾਬਾ ਬਾਲਕ ਨਾਥ ਜੀ ਦੀ ਚੌਂਕੀ ਕਰਵਾਉਂਦਾ ਹੈ ਉਸਤੇ ਪੌਣਾਹਾਰੀ ਦੀ ਕਿਰਪਾ ਬਣੀ ਰਹਿੰਦੀ ਹੈ-ਨਰੇਸ਼ ਪੰਡਿਤ

**ਕਪੂਰਥਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਧ ਯੋਗੀ ਭਜਨ ਮੰਡਲੀ ਮੰਦਿਰ ਬਾਬਾ ਬਾਲਕ ਨਾਥ ਜੀ ਮੁਹੱਲਾ ਜੱਟਪੁਰਾ ਕਪੂਰਥਲਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਭੰਡਾਰਾ ਅਤੇ ਬਾਬਾ ਜੀ ਦੀ ਚੌਂਕੀ ਦਾ ਆਯੋਜਨ ਮੰਦਰ ਬਾਬਾ ਬਾਲਕ ਨਾਥ ਵਿਖੇ ਬੜੀ ਧੂਮਧਾਮ ਅਤੇ ਸ਼ਰਧਾ ਭਾਵਨਾ ਨਾਲ ਕੀਤਾ ਗਿਆ।ਇਸ ਮੌਕੇ ਕਰਵਾਏ ਗਏ ਧਾਰਮਿਕ ਸਮਾਗਮ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜਲੰਧਰ ਵਿਭਾਗ ਦੇ ਪ੍ਰਧਾਨ ਨਰੇਸ਼ ਪੰਡਿਤ,ਬਜਰੰਗ ਦੇ ਜ਼ਿਲ੍ਹਾ ਪ੍ਰਧਾਨ ਆਨੰਦ ਯਾਦਵ ਅਤੇ ਜ਼ਿਲ੍ਹਾ ਉਪ-ਪ੍ਰਧਾਨ ਕਵੀ ਬਜਾਜ ਨੇ ਸ਼ਾਮਿਲ ਹੋ ਕੇ ਬਾਬਾ ਬਾਲਕ ਨਾਥ ਜੀ ਦਾ ਅਸ਼ੀਰਵਾਦ ਲਿਆ ਤੇ ਬਾਬਾ ਜੀ ਦੇ ਸ਼੍ਰੀ ਚਰਨਾ ਵਿਚ ਸਰਬਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਪ੍ਰਬੰਧਕ ਕਮੇਟੀ ਦੇ

ਹਰਮਨਦੀਪ ਸੇਖੜੀ, ਜਗਦੀਸ਼ ਕੁਮਾਰ,ਹਰਪ੍ਰੀਤ ਕੁਮਾਰ, ਗਗਨਦੀਪ,ਗੌਰਵ ਵਰਮਾ, ਸੰਦੀਪ, ਸ਼ਾਮ ਲਾਲ, ਵਰਿੰਦਰ ਕੁਮਾਰ ਨੇ ਨਰੇਸ਼ ਪੰਡਿਤ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਇਸ ਮੌਕੇ ਨਰੇਸ਼ ਪੰਡਿਤ ਨੇ ਕਿਹਾ ਕਿ ਬਾਬਾ ਬਾਲਕ ਨਾਥ ਜੀ ਨੂੰ ਪੌਣਾਹਾਰੀ,ਝੋਲੀਆਂ ਵਾਲਾ,ਧੂਣੇ ਵਾਲਾ,ਦੁੱਧਾਧਾਰੀ,ਰਤਨੋਂ ਦਾ ਲਾਲ,ਗਊ ਪਾਲੀ,ਗੁਫਾ ਦਾ ਵਾਸੀ,ਕਲਾਧਾਰੀ,ਸਿੱਧ ਨਾਥ ਸਮੇਤ ਅਨੇਕ ਨਾਵਾਂ ਨਾਲ ਬਾਬਾ ਜੀ ਦਾ ਧਿਆਨ ਕੀਤਾ ਜਾਂਦਾ ਹੈ।ਪੁਰਾਤਨ ਕਥਾਵਾਂ ਅਨੁਸਾਰ ਬਾਬਾ ਬਲਾਕ ਨਾਥ ਜੀ ਨੇ ਚਾਰੇ ਯੁੱਗਾਂ ਚ ਸ਼ਿਵ ਭੋਲੇ ਨਾਥ ਦੀ ਪੂਜਾ ਕੀਤੀ ਅਤੇ ਮਾਤਾ ਰਤਨੋਂ ਦੇ ਦੱਸੇ ਰਸਤੇ ਅਨੁਸਾਰ ਮਾਤਾ ਪਾਰਵਤੀ ਜੀ ਦੇ ਆਸ਼ੀਰਵਾਦ ਨਾਲ ਬਾਬਾ ਜੀ ਨੇ ਸ਼ਿਵ ਭੋਲੇ ਨਾਥ ਦੇ ਸ਼ਾਖਸ਼ਾਤ ਦਰਸ਼ਨ ਕੀਤੇ।ਜਿਸ ਤੇ ਸ਼ਿਵ ਭੋਲੇ ਨਾਥ ਜੀ ਨੇ ਬਾਬਾ ਜੀ ਨੂੰ ਅਮਰ ਹੋਣ ਦਾ ਵਰ ਦਿੱਤਾ ਅਤੇ ਕਲਯੁੱਗ ਚ



ਰਸਤਾ ਦੱਸਣ ਵਾਲੀ ਮਾਤਾ ਰਤਨੋਂ ਦੀ ਬਾਰਾਂ ਸਾਲ ਸੇਵਾ ਕਰਨ ਲਈ ਕਿਹਾ।

ਜਿਸ ਉਪਰੰਤ ਕਲਯੁੱਗ ਚ ਬਾਬਾ ਬਲਾਕ ਨਾਥ ਜੀ ਦਾ ਜਨਮ ਗੁਜਰਾਤ ਦੀ ਧਰਤੀ ਜੂਨਾਗੜ ਵਿਖੇ ਮਾਤਾ ਲਕਸ਼ਮੀ ਅਤੇ ਪਿਤਾ ਵਿਸ਼ਨੂੰ ਦੇ ਘਰ ਜਨਮ ਹੋਇਆ।ਬਚਪਨ ਵਿੱਚ ਹੀ ਬਾਬਾ ਜੀ ਨੇ ਗੁਰੂ ਦਤਾਤ੍ਰੇ ਜੀ ਨੂੰ ਆਪਣਾ ਗੁਰੂ ਧਾਰਨ ਕਰ ਪਿੱਛਲੇ ਜਨਮ ਦਾ ਕਰਜ਼ਾ ਚੁਕਾਉਣ ਲਈ ਮਾਤਾ ਰਤਨੋ ਦੇ ਘਰ ਹਿਮਾਚਲ ਪ੍ਰਦੇਸ਼ ਜ਼ਿਲ੍ਹਾ ਹਮੀਰਪੁਰ ਦੇ ਨਗਰ ਸ਼ਾਹਤਲਾਈ ਆ ਗਏ,ਜਿੱਥੇ ਬਾਬਾ ਜੀ ਨੇ ਮਾਤਾ ਰਤਨੋ ਦੀ ਸੇਵਾ ਕਰਦੇ ਹੋਏ ਬਾਰਾਂ ਸਾਲ ਤੱਕ ਗਾਂਵਾਂ ਚਰਾਈਆਂ।ਬਾਰਾਂ ਸਾਲ ਪੂਰੇ ਹੋਣ ਤੇ ਮਾਤਾ ਰਤਨੋ ਅਤੇ ਗੁਰੂ ਗੋਰਖ ਨਾਥ ਜੀ ਨੂੰ ਕੌਤਕ ਦਿਖਾਉਂਦੇ ਹੋਏ ਮੋਰ ਦੀ ਸਵਾਰੀ ਕਰਦੇ ਹੋਏ ਬਾਬਾ ਬਾਲਕ ਨਾਥ ਜੀ ਧੌਲ ਗਿਰੀ ਪਰਬਤ ਤੇ ਇੱਕ ਗੁਫਾ ਵਿੱਚ ਆ ਬਿਰਾਜੇ।

ਜਿਸ ਨੂੰ ਅੱਜ ਦਿਓਟ ਸਿੱਧ ਨਾਮ ਨਾਲ ਜਾਣਿਆ ਜਾਂਦਾ ਹੈ,ਜਿੱਥੇ ਬਾਬਾ ਜੀ ਰਾਜਾ ਭਰਥਰੀ ਨਾਲ ਸ਼ਿਵ ਭਗਤੀ ਚ ਲੀਨ ਹੋ ਗਏ।ਇਸੇ ਤੱਪ ਸਥਾਨ ਤੇ ਕਰੋੜਾਂ ਦੀ ਗਿਣਤੀ ਚ ਭਗਤ ਝੋਲੀਆਂ ਭਰਦੇ ਹਨ।ਨਰੇਸ਼ ਪੰਡਿਤ ਨੇ ਕਿਹਾ ਕਲਯੁਗ ਵਿੱਚ ਜੋ ਸ਼ਖਸ ਬਾਬਾ ਬਾਲਕ ਨਾਥ ਜੀ ਦੀ ਚੌਂਕੀ ਕਰਵਾਉਂਦਾ ਹੈ ਅਤੇ ਉਨ੍ਹਾਂ ਦੇ ਆਸ਼ੀਰਵਾਦ ਨਾਲ ਹੀ ਆਪਣੇ ਸਾਰੇ ਕਾਰਜ ਸੰਪੂਰਨ ਕਰਦਾ ਹੈ,ਉਸ ਉੱਪਰ ਹਮੇਸ਼ਾਂ ਪੌਣਾਹਾਰੀ ਦੀ ਕਿਰਪਾ ਬਣੀ ਰਹਿੰਦੀ ਹੈ ਅਤੇ ਸਾਰੇ ਕਾਰਜ ਸਫਲ ਹੁੰਦੇ ਹਨ।

# ਅੱਠਵਾਂ 'ਕਵਿਤਾ ਕੁੰਭ' ਸਮਾਗਮ ਕਰਵਾਇਆ

**ਲੁਧਿਆਣਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਦਾਰਾ ਸ਼ਬਦ ਜੋਤ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਬੀ ਭਵਨ ਲੁਧਿਆਣਾ ਵਿੱਚ ਅੱਠਵਾਂ 'ਕਵਿਤਾ ਕੁੰਭ' ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸੂਬੇ ਭਰ ਤੋਂ ਪਹੁੰਚੇ ਨਵੇਂ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ। ਇਸ ਸਮਾਗਮ ਦੀ ਖਾਸ ਗੱਲ ਇਹ ਰਹੀ ਕਿ ਇਸ ਵਿੱਚ ਕੋਈ ਵਿਅਕਤੀ ਵਿਸ਼ੇਸ਼ ਮੁੱਖ ਮਹਿਮਾਨ ਜਾਂ ਖਾਸ ਮਹਿਮਾਨ ਨਾ ਹੋ ਕੇ ਸਾਰੇ ਪ੍ਰਬੰਧਕ, ਵੱਡੇ ਸਾਹਿਤਕਾਰ ਅਤੇ ਨਵੇਂ ਕਵੀ ਹੀ ਸਾਂਝੇ ਰੂਪ ਵਿੱਚ ਮੁੱਖ ਮਹਿਮਾਨ ਸਨ। ਇਸ ਸਮਾਗਮ ਵਿੱਚ ਸੂਬੇ ਦੇ ਵੱਖ-ਵੱਖ ਸ਼ਹਿਰਾਂ ਤੋਂ 52 ਕਵੀਆਂ ਨੇ ਸ਼ਿਰਕਤ ਕੀਤੀ।ਪੰਜਾਬੀ ਸਾਹਿਤ ਅਕਾਦਮੀ ਚੰਡੀਗੜ੍ਹ, ਲੋਕ ਮੰਚ ਪੰਜਾਬ, ਰਾਮ ਸਰੂਪ ਅਣਖੀ ਸਾਹਿਤ ਸਭਾ ਬਰਨਾਲਾ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ ਕਰਵਾਏ 'ਕਵਿਤਾ ਕੁੰਭ' ਸਮਾਗਮ ਦਾ ਅਰੰਭ ਡਾ. ਸਰਦਾਰਾ ਸਿੰਘ ਜੌਹਲ, ਡਾ. ਸੁਖਦੇਵ ਸਿਰਸਾ, ਡਾ .ਸਰਬਜੀਤ ਸਿੰਘ, ਡਾ. ਗੁਲਜ਼ਾਰ ਪੰਧੇਰ, ਡਾ. ਪਾਲ ਕੌਰ, ਸੁਰਿੰਦਰ ਕੈਲੇ, ਡਾ. ਜਗਦੀਸ਼ ਕੌਰ, ਡਾ. ਗੁਰਚਰਨ ਕੌਰ ਕੋਚਰ, ਜਨਮੇਜਾ ਸਿੰਘ ਜੌਹਲ, ਸਤੀਸ਼ ਗੁਲਾਟੀ ਸਮੇਤ ਪ੍ਰਬੰਧਕਾਂ ਰਵਿੰਦਰ ਰਵੀ, ਪ੍ਰਭਜੋਤ ਸੋਹੀ, ਪ੍ਰੀਤ ਅਨਮੋਲ, ਰਾਜਦੀਪ ਤੂਰ ਅਤੇ ਪਾਲੀ ਖਾਦਿਮ ਆਦਿ ਨੇ ਸਾਂਝੇ ਤੌਰ 'ਤੇ ਕੀਤਾ।

ਸ੍ਰੀ ਸੋਹੀ ਨੇ ਦੱਸਿਆ ਕਿ ਸ਼ਬਦ ਜੋਤ ਵੱਲੋਂ ਇਹ ਅੱਠਵਾਂ ਸਮਾਗਮ ਕਰਵਾਇਆ ਗਿਆ ਹੈ। ਇਸ ਸਮਾਗਮ 'ਚ ਨਵੇਂ ਕਵੀਆਂ ਨੂੰ ਵਧੀਆ ਪਲੈਟਫਾਰਮ ਦੇਣ ਦਾ ਉਪਰਾਲਾ ਕੀਤਾ ਜਾਂਦਾ ਹੈ। ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਦਰਿਆ ਤਾਂ ਹੀ ਵਗਦੇ ਰਹਿੰਦੇ ਹਨ ।

# ਦੁਬਈ ਤੋਂ ਆਈ ਹਵਾਈ ਉਡਾਣ ਵਿੱਚੋਂ ਦੋ ਕਿਲੋ ਸੋਨਾ ਬਰਾਮਦ

**ਅੰਮ੍ਰਿਤਸਰ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਸਟਮ ਵਿਭਾਗ ਨੇ ਸਥਾਨਕ ਹਵਾਈ ਅੱਡੇ ਤੋਂ ਦੁਬਈ ਤੋਂ ਆਈ ਇੱਕ ਹਵਾਈ ਉਡਾਣ ਵਿੱਚੋਂ ਲਗਭਗ ਦੋ ਕਿਲੋ ਸੋਨਾ ਬਰਾਮਦ ਕੀਤਾ ਹੈ ਜਿਸ ਦੀ ਕੀਮਤ ਲਗਭਗ ਇੱਕ ਲੱਖ 31 ਹਜ਼ਾਰ ਰੁਪਏ ਤੋਂ ਵੱਧ ਹੈ। ਕਸਟਮ ਵਿਭਾਗ ਦੇ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਮੁਤਾਬਕ ਕਸਟਮ ਦੇ ਐਂਟੀ-ਸਮੱਗਲਿੰਗ ਵਿਭਾਗ ਵੱਲੋਂ ਕਾਰਵਾਈ ਕਰਦਿਆਂ ਇਹ ਸੋਨਾ ਜ਼ਬਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਹ ਏਅਰ ਇੰਡੀਆ ਐਕਸਪ੍ਰੈੱਸ ਹਵਾਈ ਕੰਪਨੀ ਦੀ ਉਡਾਣ ਅੱਜ ਸਥਾਨਕ ਹਵਾਈ ਅੱਡੇ 'ਤੇ ਦੁਬਈ ਤੋਂ ਆਈ ਸੀ।

# ਪੰਜਾਬ ਦੇ ਬਾਰਡਰਾਂ 'ਤੇ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਐਲਾਨ

**ਪਟਿਆਲਾ, 21 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਅੱਜ ਹਜ਼ਾਰਾਂ ਕਿਸਾਨ 34ਵੇਂ ਦਿਨ ਵੀ ਸ਼ੰਭੂ ਬਾਰਡਰ 'ਤੇ ਡਟੇ ਰਹੇ। ਲੋਕ ਸਭਾ ਚੋਣਾਂ ਦੇ ਐਲਾਨ ਨਾਲ ਹੀ ਚੋਣ ਜ਼ਾਬਤਾ ਲੱਗਣ ਮਗਰੋਂ ਅੱਜ ਸ਼ੰਭੂ ਬਾਰਡਰ 'ਤੇ ਕਿਸਾਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ। ਇਸ ਦੌਰਾਨ ਕਿਸਾਨਾਂ ਨੇ ਦੇਸ਼ ਦੀ ਹਕੂਮਤ ਵਿਰੁੱਧ ਆਪਣਾ ਗੁੱਸਾ ਪ੍ਰਗਟ ਕਰਦਿਆਂ ਕਿਹਾ ਕਿ ਮੁੜ ਸੱਤਾ 'ਚ ਆਉਣ ਦੀਆਂ ਨਰਿੰਦਰ ਮੋਦੀ ਦੀਆਂ ਆਸਾਂ ਨੂੰ ਦੇਸ਼ ਦੇ ਲੋਕ ਇਸ ਪੁਤਲੇ ਦੀ ਤਰ੍ਹਾਂ ਹੀ ਰਾਖ ਕਰ ਦੇਣਗੇ। ਜਾਣਕਾਰੀ ਅਨੁਸਾਰ ਸ਼ੰਭੂ ਅਤੇ ਢਾਬੀਗੁੱਜਰਾਂ ਬਾਰਡਰ 'ਤੇ ਕਿਸਾਨ ਸੰਘਰਸ਼ ਨੂੰ ਮਘਾ ਕੇ ਰੱਖਣ ਦੇ ਐਲਾਨ ਤਹਿਤ ਹੁਣ 23 ਮਾਰਚ ਨੂੰ ਇਨ੍ਹਾਂ ਬਾਰਡਰਾਂ 'ਤੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣਗੇ। ਇਹ ਐਲਾਨ ਸ਼ੰਭੂ ਵਿੱਚ ਪ੍ਰੈੱਸ ਕਾਨਫਰੰਸ



ਖਨੌਰੀ ਬਾਰਡਰ 'ਤੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਜਗਜੀਤ ਸਿੰਘ ਡੱਲੇਵਾਲ।

ਦੌਰਾਨ ਕਿਸਾਨ ਆਗੂ ਸਵਰਨ ਸਿੰਘ ਪੰਧੇਰ ਨੇ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਜਿਵੇਂ ਅੱਠ ਮਾਰਚ ਨੂੰ ਬਾਰਡਰਾਂ 'ਤੇ ਮਹਿਲਾ ਦਿਵਸ ਵੱਡੇ ਪੱਧਰ 'ਤੇ ਮਨਾਇਆ ਗਿਆ ਸੀ, ਉਸੇ ਤਰ੍ਹਾਂ ਹੁਣ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਉਸ ਦਿਨ ਸ਼ਹੀਦ ਦੇ ਜੀਵਨ ਪ੍ਰਤੀ ਭਾਸ਼ਣ ਦੇ ਕੇ ਕਿਸਾਨਾਂ ਅਤੇ ਨੌਜਵਾਨਾਂ 'ਚ ਹੋਰ ਵਧੇਰੇ ਜੋਸ਼ ਭਰਿਆ ਜਾਵੇਗਾ ਤਾਂ ਜੋ ਉਹ ਲੋਕ ਦੁਸ਼ਮਣ ਹੋ ਨਿੱਬੜੀ ਹਕੂਮਤ ਨੂੰ ਢਾਹ ਲੈਣ ਤੱਕ ਉਸ ਖਿਲਾਫ਼ ਲੜਦੇ ਰਹਿਣ। ਪੰਧੇਰ ਨੇ ਕਿਹਾ ਕਿ ਅਗਲੇ ਦਿਨਾਂ 'ਚ ਇਸ ਮੋਰਚੇ ਵਿੱਚ ਨਾ ਸਿਰਫ਼ ਬੀਬੀਆਂ ਦੀ ਸ਼ਮੂਲੀਅਤ ਵਧਾਈ ਜਾਵੇਗੀ, ਬਲਕਿ ਕਣਕ ਦੀ ਵਾਢੀ ਮੌਕੇ ਤਾਂ ਇਸ ਮੋਰਚੇ ਦੀ ਵਾਗਡੋਰ ਬੀਬੀਆਂ ਵੱਲੋਂ ਹੀ ਸੰਭਾਲੀ ਜਾਵੇਗੀ।

**ਦੇਸ਼ ਵਿੱਚ ਹਰੇਕ ਸਿਆਸੀ ਪਾਰਟੀ ਦੇ ਏਜੰਡੇ 'ਤੇ ਕਿਸਾਨੀ ਸੰਘਰਸ਼: ਡੱਲੇਵਾਲ**

ਖਨੌਰੀ ਬਾਰਡਰ 'ਤੇ ਕਿਸਾਨ ਅੰਦੋਲਨ 'ਚ ਡਟੇ ਕਿਸਾਨਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਕਿਸਾਨਾਂ ਦਾ ਸੰਘਰਸ਼ ਪੂਰੇ ਦੇਸ਼ ਅੰਦਰ ਹਰ ਸਿਆਸੀ ਪਾਰਟੀ ਦੇ ਏਜੰਡੇ 'ਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਪਣੇ ਦਿਮਾਗ 'ਚੋਂ ਕੱਢ ਦੇਣਾ ਚਾਹੀਦਾ ਹੈ ਕਿ ਬਾਰਡਰਾਂ 'ਤੇ ਬੈਠੇ ਕਿਸਾਨ ਘਰਾਂ ਨੂੰ ਪਰਤ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਪਹਿਲਾਂ ਵੀ ਲੜਾਈ ਲੜੀ ਹੈ ਅਤੇ ਅੱਗੇ ਵੀ ਆਪਣੇ ਹੱਕਾਂ ਲਈ ਲੜਾਈ ਜਾਰੀ ਰਹੇਗੀ। ਕਿਸਾਨ ਆਗੂ ਡੱਲੇਵਾਲ ਨੇ ਕਿਹਾ ਕਿ ਦੇਸ਼ ਵਿਚ ਸਰਕਾਰ ਜਿਹੜੀ ਮਰਜ਼ੀ ਪਾਰਟੀ ਦੀ ਬਣਦੀ ਹੈ, ਉਸ ਨੂੰ ਚਿੰਤਾ ਹੋਵੇਗੀ ਕਿ ਕਿਸਾਨਾਂ ਦਾ ਮਸਲਾ ਹੱਲ ਕਰਨਾ ਹੈ ਪਰ ਕਿਸਾਨਾਂ ਨੂੰ ਕੋਈ ਚਿੰਤਾ ਨਹੀਂ ਹੈ। ਇਸ ਦੌਰਾਨ ਕਿਸਾਨ ਆਗੂ ਨੇ ਆਰਐੱਸਐੱਸ ਦੀ ਹਾਈਪਾਵਰ ਕਮੇਟੀ ਦੇ ਉਸ ਬਿਆਨ ਦੀ ਨਿਖੇਧੀ ਕੀਤੀ ਜਿਸ ਵਿੱਚ ਕਿਹਾ ਗਿਆ ਹੈ ਕਿ ਬਾਰਡਰਾਂ 'ਤੇ ਬੈਠੇ ਕਿਸਾਨ ਅਰਾਜਕਤਾ ਫੈਲਾਉਣ ਵਾਲੇ ਹਨ। ਸ੍ਰੀ ਡੱਲੇਵਾਲ ਨੇ ਕਿਹਾ ਕਿ ਕਿਸਾਨਾਂ ਖ਼ਿਲਾਫ਼ ਅਜਿਹੀ ਸੋਚ ਰੱਖਣ ਵਾਲੇ ਚਿਹਰਿਆਂ ਨੂੰ ਪਛਾਨਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮੰਗ ਕਰ ਰਹੇ ਹਨ ਕਿ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਹੋਵੇ ਕਿਉਂਕਿ ਇਹ ਰਿਪੋਰਟ ਕਹਿੰਦੀ ਹੈ ਕਿ ਵਾਧੂ ਜ਼ਮੀਨਾਂ ਬੇਜ਼ਮੀਨੇ ਲੋਕਾਂ 'ਚ ਵੰਡੀਆਂ ਜਾਣ। ਇਹ ਮੰਗ ਇਕੱਲੇ ਕਿਸਾਨ ਦੀ ਨਹੀਂ ਸਗੋਂ ਮਜ਼ਦੂਰਾਂ ਦੀ ਵੀ ਮੰਗ ਹੈ। ਇਸ ਮੌਕੇ ਜਗਜੀਤ ਸਿੰਘ ਕੋਟ ਬੁੱਢਾ, ਮਲੂਕ ਸਿੰਘ ਸੁੱਖੇਵਾਲ, ਰੁਪਿੰਦਰਜੀਤ ਸਿੰਘ ਸੁਲਤਾਨਵਿੰਡ, ਬਲਦੇਵ ਸਿੰਘ ਖਾਲਸਾ, ਪ੍ਰੀਤਮ ਸਿੰਘ, ਮਾਘ ਸਿੰਘ ਬਣਵਾਲੀ, ਹਰਜੀਤ ਸਿੰਘ, ਰਾਜ ਸਿੰਘ ਥੇੜੀ ਆਦਿ ਆਗੂ ਮੌਜੂਦ ਸਨ।

## ਈਸਨਿੰਦਾ ਮਾਮਲੇ ’ਚ 22 ਸਾਲਾ ਵਿਦਿਆਰਥੀ ਨੂੰ ਫਾਂਸੀ ਅਤੇ 1 ਨੂੰ ਉਮਰ ਕੈਦ ਦੀ ਸਜਾ ਸੁਣਾਈ

ਅੰਮ੍ਰਿਤਸਰ/ਇਸਲਾਮਾਬਾਦ 21 ਮਾਰਚ। ਪਾਕਿਸਤਾਨ ਵਿਚ ਈਸਨਿੰਦਾ ਮਾਮਲੇ ਵਿਚ ਇਕ ਅਟਲ ਵੱਲੋਂ 22 ਸਾਲਾ ਨੌਜਵਾਨ ਨੂੰ ਮੌਤ ਦੀ ਸਜਾ ਸੁਣਾਈ ਗਈ ਹੈ ਅਤੇ ਇਕ ਹੋਰ ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜਮਾਂ ਵੱਲੋਂ ਕਥਿਤ ਤੌਰ ’ਤੇ ਪੈਗੰਬਰ ਮੁਹੰਮਦ ਅਤੇ ਉਨ੍ਹਾਂ



ਦੀਆਂ ਪਤਨੀਆਂ ਬਾਰੇ ਅਪਮਾਨਜਨਕ ਸਬਦ ਕਹਿਣ ਦੇ ਨਾਲ-ਨਾਲ ਫੋਟੋਆਂ ਅਤੇ ਵੀਡੀਓ ਬਣਾਉਣ ਦੇ ਗੰਭੀਰ ਦੋਸ ਲੱਗੇ ਹਨ ਅਤੇ ਇਸ ਦੇ ਤਹਿਤ 22 ਸਾਲਾ ਵਿਦਿਆਰਥੀ ਨੂੰ ਮੌਤ ਦੀ ਸਜਾ ਸੁਣਾਈ ਗਈ ਹੈ। ਜਦਕਿ ਦੂਸਰੇ ਜਿਸ ਨੂੰ ਉਮਰ ਕੈਦ ਹੋਈ ਹੈ, ਉਸ ਦੀ ਉਮਰ 17 ਸਾਲ ਹੈ। ਪਤਾ ਲੱਗਾ ਹੈ ਕਿ ਅਦਾਲਤ ਨੇ ਆਪਣੇ ਫੈਸਲੇ ’ਚ ਕਿਹਾ ਹੈ ਕਿ ਇਨ੍ਹਾਂ ਦੋਵਾਂ ਵਿਦਿਆਰਥੀਆਂ ਨੇ ਮੁਸਲਿਮ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਸੋਸਲ ਮੀਡੀਆ ਪਲੇਟਫਾਰਮ ਵਟਸਐਪ ’ਤੇ ਈਸਨਿੰਦਾ ਸਮੱਗਰੀ ਨੂੰ ਸਾਂਝਾ ਕੀਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਸਜਾ ਸੁਣਾਈ ਗਈ ਇਨ੍ਹਾਂ ਦੋਵਾਂ ਵਿਦਿਆਰਥੀਆਂ ਨੂੰ ਆਪਣੇ ’ਤੇ ਲੱਗੇ ਦੋਸਾਂ ਤੋਂ ਇਨਕਾਰ ਕੀਤਾ ਹੈ ਅਤੇ ਉਨ੍ਹਾਂ ਦੇ ਵਕੀਲਾਂ ਨੇ ਕਿਹਾ ਹੈ ਕਿ ਦੋਵਾਂ ਵਿਦਿਆਰਥੀਆਂ ਨੂੰ ਗਲਤ ਤਰੀਕੇ ਨਾਲ ਫਸਾਇਆ ਗਿਆ ਹੈ।

## ਲੇਟ ਫੀਸ ਹੋਣ ’ਤੇ ਅਧਿਆਪਕ ਨੇ ਕਲਾਸ ’ਚ ਕੀਤੀ ਕੁੜੀ ਦੀ ਬੇਇਜਤੀ

ਘੱਲਖੁਰਦ 21 ਮਾਰਚ। ਬੀਤੇ ਦਿਨ ਘੱਲਖੁਰਦ ਥਾਣਾ ਅਧੀਨ ਪੈਂਦੇ ਪਿੰਡ ਤੂਤ ਵਿਖੇ ਇਕ ਨਿੱਜੀ ਸਕੂਲ ਵਿਚ ਪੜ੍ਹਦੀ ਵਿਦਿਆਰਥਣ ਨੇ ਸਕੂਲ ਅਧਿਆਪਕਾ ਵੱਲੋਂ ਅਪਮਾਨਿਤ ਕਰਨ ਤੋਂ ਦੁਖੀ ਹੋ ਕੇ ਜਹਿਰੀਲੀ ਦਵਾਈ ਪੀ ਲਈ। ਉਕਤ ਮਾਮਲੇ ’ਚ ਥਾਣਾ ਘੱਲਖੁਰਦ ਦੀ ਪੁਲਸ ਨੇ ਵਿਦਿਆਰਥੀ ਦੇ ਬਿਆਨਾਂ ’ਤੇ ਸਕੂਲ ਅਧਿਆਪਕ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਥਾਣਾ ਘੱਲਖੁਰਦ ਦੇ ਸਹਾਇਕ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ’ਚ ਵਿਦਿਆਰਥਣ ਕੋਮਲਜੀਤ ਕੌਰ ਪੁੱਤਰੀ ਜਸਵੀਰ ਸਿੰਘ ਵਾਸੀ ਪਿੰਡ ਤੂਤ ਨੇ ਦੱਸਿਆ ਕਿ ਲੇਟ ਫੀਸ ਕਾਰਨ ਸਕੂਲ ਅਧਿਆਪਕਾ ਹਰਜੀਤ ਕੌਰ ਨੇ ਸਕੂਲ ’ਚ ਬੱਚਿਆਂ ਦੇ ਸਾਹਮਣੇ ਬੀਤੇ ਦਿਨ ਉਸ ਨਾਲ ਬਦਸਲੂਕੀ ਕੀਤੀ ਅਤੇ ਉਸ ਨੂੰ ਥੱਪੜ ਮਾਰਿਆ। ਇਸ ਦੇ ਨਾਲ ਹੀ ਅਧਿਆਪਕ ਨੇ ਉਸ ਦੇ ਪਰਿਵਾਰ ਨੂੰ ਵੀ ਮੰਦਾ ਚੰਗਾ ਬੋਲਿਆ।

# ਸੋਸ਼ਲ ਮੀਡੀਆ ’ਤੇ ਪ੍ਰਕਾਸਿਤ/ਪ੍ਰਸਾਰਿਤ ਪੇਡ ਨਿਊਜ ’ਤੇ ਸਖਤ ਨਿਗਰਾਨੀ ਰੱਖੇਗਾ ਚੋਣ ਕਮਿਸ਼ਨ

**ਕਿਸ਼ਨ ਪਾਲ**

ਚੰਡੀਗੜ੍ਹ 21 ਮਾਰਚ। ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ. ਈ. ਓ.) ਸਿਬਿਨ ਸੀ ਨੇ ਕਿਹਾ ਕਿ ਚੋਣ ਕਮਿਸਨ ਵੱਲੋਂ ਲੋਕ ਸਭਾ ਚੋਣਾਂ-2024 ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸਲ ਮੀਡੀਆ ’ਤੇ ਪ੍ਰਕਾਸ਼ਿਤ/ਪ੍ਰਸਾਰਿਤ ਪੇਡ ਨਿਊਜ ’ਤੇ ਸਖਤ ਨਿਗਰਾਨੀ ਰੱਖੀ ਜਾਵੇਗੀ। ਅੱਜ ਇੱਥੇ ਜ਼ਿਲ੍ਹਾ ਲੋਕ ਸੰਪਰਕ ਅਫਸਰਾਂ (ਡੀ. ਪੀ. ਆਰ. ਓਜ.) ਨਾਲ ਸੂਬਾ ਪੱਧਰੀ ਵੀਡਿਓ ਕਾਨਫਰੰਸਿੰਗ ਰਾਹੀਂ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਚੋਣ ਅਫਸਰ ਨੇ ਕਿਹਾ ਕਿ ਕਮਿਸਨ ਨੇ ਇਸਤਿਹਾਰਾਂ, ਉਮੀਦਵਾਰਾਂ ਦੇ ਪ੍ਰਚਾਰ ਅਤੇ ਪੇਡ ਨਿਊਜ ਦੇ ਮਾਮਲਿਆਂ ਦੀ ਨਿਗਰਾਨੀ ਲਈ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮਕਸਦ ਲਈ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਅਤੇ ਡੀ. ਪੀ. ਆਰ. ਓਜ. ਇਨ੍ਹਾਂ ਕਮੇਟੀਆਂ ਦੇ ਨੋਡਲ ਅਫਸਰ ਹੋਣਗੇ। ਸਿਬਿਨ ਸੀ ਨੇ ਜੋਰ ਦੇ ਕੇ ਕਿਹਾ ਕਿ ਇਨ੍ਹਾਂ ਕਮੇਟੀਆਂ ਨੂੰ ਨਿਊਜ ਚੈਨਲਾਂ, ਸੋਸਲ ਮੀਡੀਆ ਪਲੇਟਫਾਰਮਾਂ ਦੇ ਨਾਲ-ਨਾਲ ਅਖਬਾਰਾਂ ’ਚ ਛਪਣ ਵਾਲੀ ਸਮੱਗਰੀ ’ਤੇ ਸਖਤ ਨਜਰ ਰੱਖਣ ਦੇ ਹੁਕਮ ਦਿੱਤੇ ਗਏ ਹਨ। ਮੁੱਖ ਚੋਣ ਅਫਸਰ ਨੇ ਸਾਰੇ ਡੀ. ਪੀ. ਆਰ. ਓਜ. ਨੂੰ ਕਿਹਾ ਕਿ ਉਹ ਅਜਿਹੀਆਂ ਖਬਰਾਂ ਦੀ ਜਾਂਚ ਲਈ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਅਤੇ ਜੇਕਰ ਕੋਈ ਪੇਡ ਨਿਊਜ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਰਿਪੋਰਟ ਸਬੰਧਤ ਰਿਟਰਨਿੰਗ ਅਫਸਰਾਂ (ਆਰ. ਓ.) ਨੂੰ ਦੇਣ। ਉਨ੍ਹਾਂ ਕਿਹਾ ਕਿ ਇਹ ਕਮੇਟੀ ਚੋਣਾਂ ਨਾਲ ਸਬੰਧਤ ਖਬਰਾਂ ਦੇ ਨਾਲ-ਨਾਲ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸਲ ਮੀਡੀਆ ’ਤੇ ਦਿਖਾਏ ਜਾਣ ਵਾਲੇ ਇਸਤਿਹਾਰਾਂ ’ਤੇ ਨਜਰ ਰੱਖੇਗੀ। ਸਿਬਿਨ ਸੀ ਨੇ ਕਿਹਾ ਕਿ ਇਹ ਕਮੇਟੀ ਇਸਤਿਹਾਰਾਂ ਦੀ ਤਸਦੀਕ ਤੋਂ




ਇਲਾਵਾ ਪ੍ਰਿੰਟ, ਸੋਸਲ ਅਤੇ ਇਲੈਕਟ੍ਰਾਨਿਕ ਮੀਡੀਆ ’ਤੇ ਖਬਰਾਂ ਦੀ ਨਿਗਰਾਨੀ ਦੇ ਨਾਲ-ਨਾਲ ਚੋਣ ਲੜਨ ਵਾਲੇ ਉਮੀਦਵਾਰਾਂ ਦੀਆਂ ਚੋਣਾਂ ਨਾਲ ਸਬੰਧਤ ਸਾਰੀਆਂ ਖਬਰਾਂ ਦਾ ਰਿਕਾਰਡ ਰੱਖਣ ਲਈ ਜ਼ਿੰਮੇਵਾਰ ਹੋਵੇਗੀ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਕਮੇਟੀਆਂ ਦੇ ਗਠਨ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਹ ਉਮੀਦਵਾਰਾਂ ਦੁਆਰਾ ਕੀਤੇ ਜਾਣ ਵਾਲੇ ਚੋਣ ਖਰਚਿਆਂ ਦੀ ਪ੍ਰਭਾਵੀ ਨਿਗਰਾਨੀ ਅਤੇ ਲੇਖਾ-ਜੋਖਾ ਕਰਨ ’ਚ ਮਦਦ ਕਰਨਗੀਆਂ। ਉਨ੍ਹਾਂ ਨੇ ਡੀ. ਪੀ. ਆਰ. ਓਜ. ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਕਮੇਟੀ ਮੈਂਬਰ ਸਿਆਸੀ ਪਾਰਟੀਆਂ, ਉਮੀਦਵਾਰਾਂ ਜਾਂ ਉਨ੍ਹਾਂ ਦੇ ਸਮਰਥਕਾਂ ਵੱਲੋਂ ਪ੍ਰਕਾਸ਼ਿਤ/ਪ੍ਰਸਾਰਿਤ ਕੀਤੇ ਜਾਣ ਵਾਲੇ ਇਸਤਿਹਾਰਾਂ ਦੀ ਸਮੱਗਰੀ ਨੂੰ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਤਸਦੀਕ ਕਰਨਾ ਯਕੀਨੀ ਬਣਾਉਣ। ਸਿਬਿਨ ਸੀ ਨੇ ਸੂਬੇ ’ਚ ਸੁਤੰਤਰ, ਨਿਰਪੱਖ ਅਤੇ ਸਾਂਤੀਪੂਰਨ ਢੰਗ ਨਾਲ ਲੋਕ ਸਭਾ ਚੋਣਾਂ ਦੇ ਅਮਲ ਨੂੰ ਨੇਪਰੇ ਚਾੜ੍ਹਨਾ ਯਕੀਨੀ ਬਣਾਉਣ ਲਈ ਚੋਣ ਕਮਿਸਨ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਚੋਣ ਜਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ’ਤੇ ਨਜਰ ਰੱਖੀ ਜਾਵੇਗੀ। ਮੁੱਖ ਚੋਣ ਅਫਸਰ ਨੇ ਕਿਹਾ ਕਿ ਡੀ. ਪੀ. ਆਰ. ਓਜ. ਸੋਸਲ ਮੀਡੀਆ ਪਲੇਟਫਾਰਮਾਂ ’ਤੇ ਇਸਤਿਹਾਰਬਾਜੀ ਦੀ ਇਸ ਨਵੀਂ ਚੁਣੌਤੀ ਦਾ ਡਟ ਕੇ ਸਾਹਮਣਾ ਕਰਦਿਆਂ ਇਸ ਮੰਤਵ ਲਈ ਕੋਈ ਕਸਰ ਬਾਕੀ ਨਾ ਛੱਡਣ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ’ਚ ਸੋਸਲ ਮੀਡੀਆ ਸੂਚਨਾ ਦੇ ਪ੍ਰਸਾਰ ਦਾ ਇੱਕ ਵੱਡਾ ਸਾਧਨ ਬਣ ਗਿਆ ਹੈ, ਜਿਸ ਕਾਰਨ ਇਨ੍ਹਾਂ ਪਲੇਟਫਾਰਮਾਂ ’ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾਣੀ ਚਾਹੀਦੀ ਹੈ। ਸਿਬਿਨ ਸੀ ਨੇ ਆਸ ਪ੍ਰਗਟ ਕੀਤੀ ਕਿ ਡੀ. ਪੀ. ਆਰ. ਓਜ ਆਪਣੀ ਡਿਊਟੀ ਨੂੰ ਸੁਚਾਰੂ ਢੰਗ ਨਾਲ ਨਿਭਾਉਣਗੇ ਅਤੇ ਚੋਣਾਂ ਦੇ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਸੰਚਾਲਨ ’ਚ ਅਹਿਮ ਭੂਮਿਕਾ ਨਿਭਾਉਣਗੇ।

## ਚੋਣ ਬਾਂਡ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਘਪਲਾ ਸਾਬਤ ਹੋਵੇਗਾ

ਪਠਾਨਕੋਟ 21 ਮਾਰਚ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਰਾਜਸਥਾਨ ਕਾਂਗਰਸ ਪਾਰਟੀ ਦੇ ਮਾਮਲਿਆਂ ਦੇ ਪ੍ਰਭਾਰੀ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਵਿਧਾਇਕ ਡੇਰਾ ਬਾਬਾ ਨਾਨਕ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਚੋਣ ਬਾਂਡ ਦਾ ਸਮਾਂ ਵਧਾਉਣ ਸਬੰਧੀ ਭਾਰਤੀ ਸਟੇਟ ਬੈਂਕ ਦੀ ਪਟੀਸਨ ਖਾਰਜ ਕੀਤੇ ਜਾਣ ਤੋਂ ਉਨ੍ਹਾਂ ਕਿਹਾ ਕਿ ਇਹ ਭਾਰਤ ਦੇ ਇਤਿਹਾਸ ਦਾ ਸਭ ਤੋਂ ਵੱਡਾ ਘਪਲਾ ਸਾਬਤ ਹੋਵੇਗਾ। ਇਸ ਨਾਲ ਭਾਜਪਾ ਦੇ ਚੰਦੇ ਦੀ ਪੋਲ ਖੁੱਲਣ ਵਾਲੀ ਹੈ ਵਿਦੇਸਾਂ ਵਿਚ ਸਵਿਸ ਬੈਂਕਾਂ ਤੋਂ 100 ਦਿਨ ਵਿਚ ਕਾਲਾ ਧੰਨ ਲਿਆਉਣ ਵਾਲੀ ਭਾਜਪਾ ਸਰਕਾਰ ਇਹ ਵਾਅਦਾ ਦੇਸ ਵਾਸੀਆਂ ਨਾਲ ਕਰਕੇ ਸੱਤਾ ਵਿਚ ਆਈ ਸੀ ਪਰ ਹੁਣ ਆਪਣੇ ਹੀ ਬੈਂਕ ਦੇ ਅੰਕੜੇ ਲੁਕਾਉਣ ਲਈ ਸੁਪਰੀਮ ਕੋਰਟ ਵਿਚ ਸਿਰ ਦੇ ਭਾਰ ਖੜੀ ਹੈ। ਸਰਦਾਰ ਰੰਧਾਵਾ ਨੇ ਦੇਸ ਵਿਚ ਲਾਗੂ ਹੋਏ ਭਾਰਤੀ ਨਾਗਰਿਕਤਾ ਕਾਨੂੰਨ ( ਸੀ. ਏ. ਏ. ) ਬਾਰੇ ਬੋਲਦਿਆਂ ਕਿਹਾ ਕਿ ਇਹ ਕਾਨੂੰਨ ਲਾਗੂ ਕਰਨਾ ਭਾਜਪਾ ਦਾ ਚੋਣ ਸਟੰਟ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੱਸੇ ਕਿ ਇਸ ਕਾਨੂੰਨ ਨੂੰ ਆਪਣੇ ਕਾਰਜਕਾਲ ਦੇ 10 ਸਾਲ ਕਿਉਂ ਲਟਕਾਈ ਰੱਖਿਆ ਗਿਆ, ਐਨ ਚੋਣਾਂ ਮੌਕੇ ਭਾਜਪਾ ਨੂੰ ਹੁਣ ਇਸ ਕਾਨੂੰਨ ਨੂੰ ਲਾਗੂ ਕਰਨ ਦੀ ਕੀ ਲੋੜ ਪੈ ਗਈ ਹੈ। ਸਰਦਾਰ ਰੰਧਾਵਾ ਨੇ ਭਾਜਪਾ ‘ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਭਾਜਪਾ ਸਰਕਾਰ ਕੋਲ ਆਪਣੇ ਕਾਰਜਕਾਲ ਵਿਚ ਦੇਸ ਵਾਸੀਆਂ ਦੀ ਭਲਾਈ ਲਈ ਦੱਸਣ ਨੂੰ ਕੁਝ ਵੀ ਨਹੀਂ ਇਸ ਲਈ ਭਾਜਪਾ ਦੇਸ ਦੇ ਲੋਕਾਂ ਮੁੱਖ ਮੁੱਦੇ ਜਿਹਨਾਂ ਵਿਚ ਬੇਰੁਜਗਾਰੀ, ਮਹਿੰਗਾਈ, ਨੌਜਵਾਨਾਂ ਨੂੰ ਹਰ ਸਾਲ ਰੁਜਗਾਰ ਦੇਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ।

## ਕਾਂਗਰਸ, ਫਾਰੂਕ ਤੇ ਮੁਫਤੀ ਦੀ ਤਿਕੜੀ ਨੇ ਹੀ ਕਸ਼ਮੀਰ ਦੀ ਖੇਡ ਵਿਗਾੜੀ ਸੀ : ਚੁੱਘ

ਜਲੰਧਰ 21 ਮਾਰਚ। ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਹੈ ਕਿ ਕਾਂਗਰਸ, ਫਾਰੂਕ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਦੀਆਂ ਪਾਰਟੀਆਂ ਨੇ ਹੀ ਜੰਮੂ-ਕਸ਼ਮੀਰ ਦੀ ਖੇਡ ਵਿਗਾੜੀ ਸੀ, ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਹੀ ਰਾਹ ’ਤੇ ਲੈ ਕੇ ਆਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਵੱਲੋਂ ਧਾਰਾ-370 ਨੂੰ ਖਤਮ ਕਰਨ ਦਾ ਵਿਰੋਧ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਦਾ ਫਾਇਦਾ ਤਾਂ ਇਨ੍ਹਾਂ ਤਿੰਨਾਂ ਪਾਰਟੀਆਂ ਨੂੰ ਹੀ ਮਿਲ ਰਿਹਾ ਸੀ ਪਰ ਕੇਂਦਰ ਦੀ ਮੋਦੀ ਸਰਕਾਰ ਨੇ ਧਾਰਾ 370 ਨੂੰ ਖਤਮ ਕਰਨ ਦਾ ਇਤਿਹਾਸਕ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਕਦੀ ਕਸ਼ਮੀਰ ’ਚ ਬੰਬ ਤੇ ਗੋਲੀਆਂ ਸ਼ਰੇਆਮ ਚਲਦੀਆਂ ਸਨ ਪਰ ਹੁਣ ਸੈਲਾਨੀ ਬੜੀ ਤੇਜੀ ਨਾਲ ਕਸ਼ਮੀਰ ਵੱਲ ਰੁਖ ਕਰ ਰਹੇ ਹਨ। ਬੰਬਾਂ ਤੇ ਗੋਲੀਆਂ ਦੀਆਂ ਜੰਜੀਰਾਂ ਤੋਂ ਕਸ਼ਮੀਰ ਨੂੰ ਮੁਕਤ ਕਰਵਾਇਆ ਗਿਆ ਹੈ। ਅੱਤਵਾਦ ਨੂੰ ਲੈ ਕੇ ਮੋਦੀ ਸਰਕਾਰ ਪੂਰੀ ਤਰ੍ਹਾਂ ਜੀਰੋ ਟਾਲਰੈਂਸ ਦੀ ਨੀਤੀ ’ਤੇ ਚੱਲ ਰਹੀ ਹੈ। ਹੁਣ ਕਸ਼ਮੀਰ ਦੇ ਲੋਕਾਂ ’ਚ ਨਿਰਾਸ਼ਾ ਦਾ ਮਾਹੌਲ ਨਹੀਂ ਹੈ ਅਤੇ ਕਸ਼ਮੀਰੀ ਨੌਜਵਾਨਾਂ ਨੂੰ ਰੋਜਗਾਰ ਵੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਸ਼੍ਰੀਨਗਰ ’ਚ ਇਤਿਹਾਸਕ ਰੈਲੀ ਹੋਈ ਹੈ ਅਤੇ ਲੋਕਾਂ ਨੂੰ ਵੀ ਇਹ ਅਹਿਸਾਸ ਹੋਇਆ ਹੈ ਕਿ ਪ੍ਰਧਾਨ ਮੰਤਰੀ ਨੇ ਕਸ਼ਮੀਰ ਨੂੰ ਲੈ ਕੇ ਜੋ ਕਿਹਾ ਹੈ ਉਸ ਨੂੰ ਉਹ ਪੂਰਾ ਕਰ ਰਹੇ ਹਨ। ਚੁੱਘ ਨੇ ‘ਸੰਸਦ ’ਚ ਵੀ ਕੇਜਰੀਵਾਲ ਬਾਰੇ ਚੁਟਕੀ ਲੈਂਦੇ ਹੋਏ ਕਿਹਾ ਕਿ ਦਿੱਲੀ ਅਤੇ ਪੰਜਾਬ ਨੂੰ ਜਿਸ ਨੇ ਕੀਤਾ ਕੰਗਾਲ ਉਹ ਹੈ ਕੇਜਰੀਵਾਲ। ਚੁੱਘ ਨੇ ਕਿਹਾ ਕਿ ਦਿੱਲੀ ਅਤੇ ਪੰਜਾਬ ਦੀ ਬਦਹਾਲੀ ਲਈ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਜ਼ਿੰਮੇਵਾਰ ਹੈ।

## ਗੁਆਂਢੀ ਕਾਂਸਟੇਬਲ ਨੇ ਅੱਧੀ ਰਾਤ ਨੂੰ ਦਰਵਾਜਾ ਖੜਕਾ ਕੇ ਔਰਤ ਤੋਂ ਮੰਗਿਆ ਨਿੰਬੂ, ਅਦਾਲਤ ਨੇ ਲਾਈ ਫਟਕਾਰ

**ਏਜੰਸੀਆਂ**

ਮੁੰਬਈ 21 ਮਾਰਚ। ਅੱਧੀ ਰਾਤ ਨੂੰ ਕਿਸੇ ਗੁਆਂਢੀ ਨੂੰ ਪਰੇਸ਼ਾਨ ਕਰਨਾ, ਉਹ ਵੀ ਨਿੰਬੂ ਲਈ ਤਾਂ ਇਹ ਹਾਸੋਹੀਣਾ ਹੈ। ਇਸ ਅਨੋਖੀ ਹਰਕਤ ਲਈ ਦੇ ਜਵਾਨ ਨੂੰ ਬਾਂਬੇ ਹਾਈ ਕੋਰਟ ਤੋਂ ਸਖਤ ਫਟਕਾਰ ਲੱਗੀ ਹੈ। ਇਸ ਘਟੀਆ ਕਰਤੂਤ ਲਈ ਅੱਧੀ ਰਾਤ ਇਕੱਲੀ ਔਰਤ ਦੇ ਘਰ ਜਾਣਾ ਅਦਾਲਤ ਨੇ ਬੇਤੁਕਾ ਦੱਸਿਆ। ਹਾਈ ਕੋਰਟ ਨੇ ਕਿਹਾ ਕਿ ਨਿੰਬੂ ਲਈ ਕਿਸੇ ਔਰਤ ਦਾ ਅੱਧੀ ਰਾਤ ਨੂੰ ਦਰਵਾਜਾ ਖੜਕਾਉਣਾ ਅਤੇ ਉਹ ਵੀ ਜਵਾਨਾ ਲਈ ਪੂਰੀ ਤਰ੍ਹਾਂ ਬੇਤੁਕਾ ਹੈ। ਦਰਅਸਲ ਜਸਟਿਸ ਨਿਤਿਨ ਜਾਮਦਾਰ ਅਤੇ ਐੱਮ. ਐੱਮ. ਸਥਾਏ ਦੀ ਬੈਂਚ ਜਵਾਨ ਵਲੋਂ ਲਾਈ ਗਈ ਪਟੀਸ਼ਨ ‘ਤੇ ਸੁਣਵਾਈ ਕਰ ਰਹੀ ਸੀ, ਜਿਸ ਵਿਚ ਜੁਲਾਈ 2021 ਤੋਂ ਜੂਨ 2022 ਦਰਮਿਆਨ ਉਸ ਦੇ ਸੀਨੀਅਰ ਅਧਿਕਾਰੀਆਂ ਵਲੋਂ ਇਸ ਅਨੁਚਿਤ ਵਿਵਹਾਰ ਲਈ ਜੁਰਮਾਨਾ ਲਾਉਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਕਾਂਸਟੇਬਲ ਨੇ ਸਾਲ 2013 ‘ਚ ਸਰਵਿਸ ਜੁਆਇਨ ਕੀਤੀ ਸੀ। 19 ਅਪ੍ਰੈਲ 2021 ਨੂੰ ਜਵਾਨ ਨੇ ਆਪਣੇ ਗੁਆਂਢੀ ਦੇ ਘਰ ਦਾ ਦਰਵਾਜਾ ਖੜਕਾਇਆ ਸੀ। ਜਿਸ ਵਿਚ ਇਕ ਔਰਤ ਆਪਣੀ 6 ਸਾਲ ਦੀ ਬੱਚੀ ਨਾਲ ਰਹਿ ਰਹੀ ਸੀ। ਔਰਤ ਦਾ ਪਤੀ ਬੰਗਾਲ ‘ਚ ਚੋਣ ਡਿਊਟੀ ‘ਤੇ ਗਿਆ ਹੋਇਆ ਸੀ ਅਤੇ ਉਸ ਨੂੰ ਵੀ ਇਸ ਗੱਲ ਦੀ ਜਾਣਕਾਰੀ ਸੀ। ਕਾਂਸਟੇਬਲ ਨੂੰ ਅੱਧੀ ਰਾਤ ਵੇਖ ਕੇ ਔਰਤ ਡਰ ਗਈ ਅਤੇ ਉਸ ਨੇ ਉਸ ਚਿਤਾਵਨੀ ਦਿੰਦੇ ਹੋਏ ਧਮਕੀ ਦਿੱਤੀ ਸੀ, ਜਿਸ ਤੋਂ ਬਾਅਦ ਜਵਾਨ ਆਪਣੇ ਘਰ ਚੱਲਾ ਗਿਆ ਸੀ। ਕਾਂਸਟੇਬਲ ਦੀ ਇਸ ਹਰਕਤ ਦੀ ਸ਼ਿਕਾਇਤ ਔਰਤ ਨੇ ਸੀਨੀਅਰ ਅਧਿਕਾਰੀ ਨੂੰ ਕੀਤੀ ਸੀ, ਜਿਸ ਨੇ ਵਿਭਾਗੀ ਜਾਂਚ ਸ਼ੁਰੂ ਕੀਤੀ ਸੀ। ਜਿਸ ਤੋਂ ਬਾਅਦ ਦੋਸ਼ੀ ਖਿਲਾਫ ਦੋਸ਼ ਇਹ ਸੀ ਕਿ ਉਸ ਦਾ ਇਹ ਵਿਵਹਾਰ ਪਰੇਸਾਨੀ ਦੇ ਸਮਾਨ ਸੀ ਅਤੇ ਇਹ ਘੋਰ ਅਨੁਸਾਸਨਹੀਣਤਾ ਅਤੇ ਦੁਰਵਿਹਾਰ ਦਾ ਸੰਕੇਤ ਹੈ। ਅਦਾਲਤ ਨੇ ਇਸ ਹਰਕਤ ਲਈ ਸੀਨੀਅਰ ਅਧਿਕਾਰੀਆਂ ਵੱਲੋਂ ਲਗਾਏ ਗਏ ਜੁਰਮਾਨੇ ਨੂੰ ਰੱਦ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਵਿਭਾਗ ਨੇ ਦੋਸ਼ੀ ਜਵਾਨ ਨੂੰ ਸਜਾ ਦੇ ਰੂਪ ਵਿਚ ਤਿੰਨ ਸਾਲ ਲਈ ਤਨਖਾਹ ਘੱਟ ਕਰ ਦਿੱਤੀ ਗਈ। ਇਸ ਦੌਰਾਨ ਸਜਾ ਦੇ ਤੌਰ ‘ਤੇ ਉਸ ਦਾ ਇੰਕ੍ਰੀਮੈਂਟ ਨਹੀਂ ਹੋਵੇਗਾ। ਵਿਭਾਗੀ ਕਾਰਵਾਈ ਵਿਚ ਵੇਖਿਆ ਗਿਆ ਕਿ ਘਟਨਾ ਦੇ ਸਮੇਂ ਦੋਸ਼ੀ ਨੇ ਸ਼ਰਾਬ ਵੀ ਪੀਤੀ ਹੋਈ ਸੀ। ਜਵਾਨ ਨੇ ਆਪਣੇ ਬਚਾਅ ਵਿਚ ਕਿਹਾ ਸੀ ਕਿ ਮੈਨੂੰ ਬੇਚੈਨੀ ਮਹਿਸੂਸ ਹੋ ਰਹੀ ਸੀ ਅਤੇ ਢਿੱਡ ਖਰਾਬ ਹੋਣ ਦੀ ਵਜ੍ਹਾ ਤੋਂ ਨਿੰਬੂ ਮੰਗਣ ਲਈ ਗੁਆਂਢੀ ਦਾ ਦਰਵਾਜਾ ਖੜਕਾਇਆ ਸੀ। ਉਸ ਦੇ ਵਕੀਲ ਨੇ ਕਿਹਾ ਸੀ ਕਿ ਗੁਆਂਢ ‘ਚ ਰਹਿਣ ਵਾਲੇ ਇਕ ਹੀ ਭਾਈਚਾਰੇ ਦੇ ਵਿਅਕਤੀ ਦਾ ਦਰਵਾਜਾ ਖੜਕਾਉਣ ਨੂੰ ਦੁਰਵਿਹਾਰ ਨਹੀਂ ਮੰਨਿਆ ਜਾ ਸਕਦਾ। ਫੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਕਿਹਾ ਕਿ ਦੋਸੀ ਕਾਂਸਟੇਬਲ ਦਾ ਚਾਲ-ਚਲਣ ਯਕੀਨੀ ਤੌਰ ‘ਤੇ ਕਾਂਸਟੇਬਲ ਲਈ ਮਾੜਾ ਹੈ।

# ਕਾਂਗਰਸ ‘ਚੋਂ ਆਏ ਗੁਰਪ੍ਰੀਤ ਸਿੰਘ ਜੀਪੀ ‘ਤੇ ‘ਆਪ’ ਨੇ ਖੇਡਿਆ ਦਾਅ, ਫਤਿਹਗੜ੍ਹ ਸਾਹਿਬ ਤੋਂ ਐਲਾਨਿਆ

**ਏਜੰਸੀਆਂ**

ਜਲੰਧਰ/ਫਤਿਹਗੜ੍ਹ ਸਾਹਿਬ 21 ਮਾਰਚ। ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਨੇ ਅੱਜ 8 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਹਿਲੀ ਸੂਚੀ ਵਿੱਚ 5 ਮੰਤਰੀਆਂ ਨੂੰ ਲੋਕ ਸਭਾ ਉਮੀਦਵਾਰ ਬਣਾਇਆ ਗਿਆ ਹੈ। ਇਨ੍ਹਾਂ ਵਿੱਚ ਅੰਮ੍ਰਿਤਸਰ ਤੋਂ ਮੰਤਰੀ ਕੁਲਦੀਪ ਧਾਲੀਵਾਲ, ਖਡੂਰ ਸਾਹਿਬ ਤੋਂ ਮੰਤਰੀ ਲਾਲਜੀਤ ਭੁੱਲਰ, ਬਠਿੰਡਾ ਤੋਂ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਸੰਗਰੂਰ ਤੋਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਪਟਿਆਲਾ ਤੋਂ ਮੰਤਰੀ ਡਾ: ਬਲਬੀਰ ਸਿੰਘ ਸਾਮਲ ਹਨ। ਉਥੇ ਹੀ ‘ਆਪ’ ਨੇ ਜਲੰਧਰ (ਰਿਜਰਵ) ਤੋਂ ਮੌਜੂਦਾ ਸੰਸਦ ਮੈਂਬਰ ਸੁਸੀਲ ਰਿੰਕੂ ‘ਤੇ ਫਿਰ ਦਾਅ ਖੇਡਿਆ ਅਤੇ ਉਨ੍ਹਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇਸੇ ਤਰ੍ਹਾਂ ਕਾਂਗਰਸ ਵਿਚੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਗੁਰਪ੍ਰੀਤ ਸਿੰਘ ਜੀ. ਪੀ. ਨੂੰ ਫਤਿਹਗੜ੍ਹ ਸਾਹਿਬ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਗੁਰਪ੍ਰੀਤ ਸਿੰਘ ਬੱਸੀ ਪਠਾਣਾ ਤੋਂ ਕਾਂਗਰਸ ਦੇ ਵਿਧਾਇਕ ਰਹਿ ਚੁੱਕੇ ਹਨ ਅਤੇ ਸ਼ਨੀਵਾਰ ਨੂੰ ਉਨ੍ਹਾਂ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਜੁਆਇਨ ਕਰ ਲਈ ਸੀ। ਗੁਰਪ੍ਰੀਤ ਸਿੰਘ ਜੀ. ਪੀ. ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਗੁਰਪ੍ਰੀਤ ਸਿੰਘ ਜੀ. ਪੀ. ਬੀਤੇ ਦਿਨੀਂ ਭਗਵੰਤ ਮਾਨ ਦੀ ਅਗਵਾਈ ‘ਚ ‘ਆਪ’ ‘ਚ ਸ਼ਾਮਲ ਹੋਏ ਹਨ। ਪਹਿਲਾਂ 2012 ‘ਚ ਪੀ. ਪੀ. ਪੀ.



ਤੋਂ ਸ਼੍ਰੀ ਚਮਕੌਰ ਸਾਹਿਬ ਤੋਂ ਚੋਣ ਲੜੀ ਸੀ। ਗੁਰਪ੍ਰੀਤ ਸਿੰਘ ਜੀ. ਪੀ. 2017 ‘ਚ ਕਾਂਗਰਸ ਦੀ ਟਿਕਟ ਤੋਂ ਵਿਧਾਇਕ ਚੁਣੇ ਗਏ ਸਨ। ਉਹ 2017 ਤੋਂ 2022 ਤੱਕ ਵਿਧਾਇਕ ਰਹਿ ਚੁੱਕੇ ਹਨ। ਗੁਰਪ੍ਰੀਤ ਸਿੰਘ ਜੀ.ਪੀ. ਸਾਬਕਾ ਸੀ. ਐੱਮ. ਚਰਨਜੀਤ ਸਿੰਘ ਚੰਨੀ ਤੋਂ ਖਫ਼ਾ ਸਨ। 2022 ‘ਚ ਚੰਨੀ ਦੇ ਭਰਾ ਨੇ ਜੀ. ਪੀ. ਖਿਲਾਫ਼ ਆਜ਼ਾਦ ਤੌਰ ‘ਤੇ ਚੋਣ ਲੜੀ ਸੀ। ਧਿਆਨ ਰਹੇ ਕਿ ਗੁਰਪ੍ਰੀਤ ਸਿੰਘ ਜੀ. ਪੀ. ਮੋਹਾਲੀ ਦੇ ਰਹਿਣ ਵਾਲੇ ਹਨ। ਉਨ੍ਹਾਂ ਨੂੰ 2017 ਵਿੱਚ ਬੱਸੀ ਪਠਾਨਾਂ ਤੋਂ ਕਾਂਗਰਸ ਨੇ ਟਿਕਟ ਦਿੱਤੀ ਸੀ ਅਤੇ ਜੀ. ਪੀ. ਨੇ ‘ਆਪ’ ਦੇ ਸੰਤੋਖ ਸਿੰਘ ਸਲਾਨਾ ਅਤੇ ਅਕਾਲੀ ਦਲ ਦੇ ਦਰਬਾਰਾ ਸਿੰਘ ਗੁਰੂ ਨੂੰ ਹਰਾਇਆ ਸੀ। 2022 ‘ਚ ‘ਆਪ’ ਦੇ ਰੁਪਿੰਦਰ ਸਿੰਘ ਹੈਪੀ ਤੋਂ ਹਾਰ ਗਏ ਸਨ। ਗੁਰਪ੍ਰੀਤ ਸਿੰਘ ਜੀ. ਪੀ. 2017 ਦੀਆਂ ਵਿਧਾਨ ਸਭਾ ਚੋਣਾਂ ‘ਚ ਕਾਂਗਰਸ ਦੀ ਟਿਕਟ ‘ਤੇ ਹਲਕਾ ਬਸੀ ਪਠਾਨਾਂ ਤੋਂ ਅਕਾਲੀ ਦਲ ਦੇ ਉਮੀਦਵਾਰ ਸਾਬਕਾ ਆਈ. ਏ. ਐੱਸ. ਅਧਿਕਾਰੀ ਦਰਬਾਰਾ ਸਿੰਘ ਗੁਰੂ ਅਤੇ ‘ਆਪ’ ਦੇ ਉਮੀਦਵਾਰ ਪਾਖਰ ਸਿੰਘ ਸਲਾਨਾ ਨੂੰ ਹਰਾ ਕੇ ਵਿਧਾਇਕ ਬਣੇ ਸਨ ਅਤੇ ਵਿਧਾਇਕ ਹੁੰਦਿਆਂ ਹੋਰਨਾਂ ਸੱਤਾਧਾਰੀ ਆਗੂਆਂ ਵਾਂਗੂ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾਉਣ ਦੇ ਜਾਂ ਕਿਸੇ ਨਾਲ ਸਿਆਸੀ ਵਿਤਕਰੇਬਾਜ਼ੀ ਕਰਨ ਦੇ ਇਲਜ਼ਾਮ ਨਹੀਂ ਸਨ ਲੱਗੇ।

## ਕੈਂਬਵਾਲਾ ‘ਚ ਕੁੜੀ ਨੇ ਕੀਤੀ ਖੁਦਕੁਸ਼ੀ, ਪੁਲਸ ਨੂੰ ਮਿਲਿਆ ਖੁਦਕੁਸ਼ੀ ਨੋਟ

ਚੰਡੀਗੜ੍ਹ 21 ਮਾਰਚ। ਪਿੰਡ ਕੈਂਬਵਾਲਾ ’ਚ ਇਕ ਕੁੜੀ ਨੇ ਸ਼ੱਕੀ ਹਾਲਾਤ ’ਚ ਫਾਹਾ ਲੈ ਲਿਆ। ਮੌਕੇ ’ਤੇ ਪਹੁੰਚੀ ਪੁਲਸ ਨੇ ਉਸ ਨੂੰ ਫਾਹੇ ਤੋਂ ਉਤਾਰਿਆਂ ਅਤੇ ਸੈਕਟਰ-16 ਜਨਰਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਮ੍ਰਿਤਕਾ ਦੀ ਪਛਾਣ 21 ਸਾਲਾ ਸ਼ਾਲਿਨੀ ਵਜੋਂ ਹੋਈ ਹੈ। ਮ੍ਰਿਤਕਾ ਦੂਜੇ ਸਾਲ ਵਿਚ ਪੜ੍ਹਦੀ ਸੀ। ਪੁਲਸ ਨੂੰ ਮੌਕੇ ਤੋਂ ਇਕ ਖੁਦਕੁਸ਼ੀ ਨੋਟ ਵੀ ਮਿਲਿਆ ਹੈ, ਜਿਸ ’ਚ ਉਸ ਨੇ ਮੌਤ ਲਈ ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਉਣ ਦੀ ਗੱਲ ਕਹੀ ਹੈ। ਇਸ ਵਿਚ ਲਿਖਿਆ ਹੈ ਕਿ ਉਹ ਆਪਣੀ ਮਰਜ਼ੀ ਨਾਲ ਖੁਦਕੁਸ਼ੀ ਕਰ ਰਹੀ ਹੈ। ਸੈਕਟਰ-3 ਥਾਣਾ ਪੁਲਸ ਨੇ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੇਹ ਵਾਰਸਾਂ ਨੂੰ ਸੌਂਪ ਦਿੱਤੀ ਹੈ। ਸ਼ਾਲਿਨੀ ਆਪਣੇ ਪਰਿਵਾਰ ਨਾਲ ਕਿਰਾਏ ਦੇ ਮਕਾਨ ਵਿਚ ਰਹਿੰਦੀ ਸੀ। ਪਰਿਵਾਰਕ ਮੈਂਬਰ ਸ਼ਨੀਵਾਰ ਰਾਤ ਨੂੰ ਇੱਕ ਸਮਾਗਮ ਵਿਚ ਗਏ ਹੋਏ ਸਨ। ਉਹ ਘਰ ਵਿਚ ਇਕੱਲੀ ਸੀ। ਰਾਤ ਕਰੀਬ 12 ਵਜੇ ਜਦੋਂ ਪਰਿਵਾਰਕ ਮੈਂਬਰ ਵਾਪਸ ਆਏ ਤਾਂ ਦੇਖਿਆ ਕਿ ਸ਼ਾਲਿਨੀ ਨੇ ਕਮਰੇ ਵਿਚ ਫਾਹਾ ਲੈ ਲਿਆ ਸੀ। ਉਨ੍ਹਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਮੌਕੇ ’ਤੇ ਪਹੁੰਚੀ ਪੁਲਸ ਨੇ ਮ੍ਰਿਤਕ ਦੇਹ ਨੂੰ ਫਾਹੇ ਤੋਂ ਉਤਾਰ ਕੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੈਕਟਰ-3 ਥਾਣਾ ਪੁਲਸ ਮ੍ਰਿਤਕਾ ਦਾ ਮੋਬਾਇਲ ਫੋਨ ਚੈੱਕ ਕਰ ਕੇ ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਕੈਬਨਿਟ ਮੰਤਰੀ ਅਰੋੜਾ ਨੇ ਕਰੀਬ 1.08 ਕਰੋੜ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੇ ਰੱਖੇ ਨੀਂਹ-ਪੱਥਰ

**ਏਜੰਸੀਆਂ**

ਸੁਨਾਮ ਊਧਮ ਸਿੰਘ ਵਾਲਾ/ਚੀਮਾ ਮੰਡੀ21 ਮਾਰਚ। ਵਿਧਾਨ ਸਭਾ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ’ਚ ਹੋਰ ਤੇਜ਼ੀ ਲਿਆਉਂਦੇ ਹੋਏ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਵੱਖ-ਵੱਖ ਵਿਕਾਸ ਕਾਰਜਾਂ ਨੂੰ ਆਰੰਭ ਕਰਵਾਇਆ ਗਿਆ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਰੀਬ 1.08 ਕਰੋੜ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ-ਪੱਥਰ ਰੱਖਦਿਆਂ ਤੇ ਉਦਘਾਟਨ ਕਰਦੇ ਹੋਏ ਦੱਸਿਆ ਕਿ ਅਸੀਂ ਪਿੰਡਾਂ, ਕਸਬਿਆਂ ਤੇ ਸ਼ਹਿਰੀ ਵਸੋਂ ਦੀ ਲੋੜ ਦੇ ਸਨਮੁੱਖ ਯੋਜਨਾਬੱਧ ਢੰਗ ਨਾਲ ਵਿਕਾਸ ਕਰਵਾ ਰਹੇ ਹਾਂ। ਉਨ੍ਹਾਂ ਕਿਹਾ ਕਿ ਸਰਕਾਰੀ ਗ੍ਰਾਂਟਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਵੀ ਨਿਯਮਿਤ ਤੌਰ ’ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਹਰ ਆਰੰਭ ਕੀਤੇ ਜਾਣ ਵਾਲੇ ਕੰਮ ਦੀ ਲਗਾਤਾਰ ਨਿਗਰਾਨੀ ਕੀਤੀ ਜਾਂਦੀ ਹੈ ਤਾਂ ਜੋ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ ਕੰਮ ਮੁਕੰਮਲ ਹੋ ਸਕਣ। ਕੈਬਨਿਟ ਮੰਤਰੀ ਅਰੋੜਾ ਨੇ ਗੋਬਿੰਦ ਨਗਰ, ਪਿੰਡੀ ਢਿੱਲਵਾਂ, ਪਿੰਡੀ ਸਤੀਪੁਰਾ, ਨਮੋਲ,



ਮੰਡੇਰ ਕਲਾਂ, ਕੋਟੜਾ ਅਮਰੂ, ਕਿਲਾ ਭਰੀਆਂ, ਸ਼ਹੀਦ ਊਧਮ ਸਿੰਘ ਨਗਰ ਅਤੇ ਸਿੰਘਪੁਰਾ ਵਿਖੇ 22 ਲੱਖ ਰੁਪਏ ਦੀ ਲਾਗਤ ਨਾਲ 125 ਸੋਲਰ ਲਾਈਟਾਂ ਅਤੇ ਚੀਮਾ ਵਿਖੇ 15 ਲੱਖ ਦੀ ਲਾਗਤ ਨਾਲ 75 ਸਟਰੀਟ ਲਾਈਟਾਂ ਲਗਵਾਉਣ ਦਾ ਕੰਮ ਆਰੰਭ ਕਰਵਾਇਆ। ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਈਲਵਾਲ ਗੱਗੜਪੁਰ ਵਿਖੇ 15 ਲੱਖ ਦੀ ਲਾਗਤ ਨਾਲ ਉਸਾਰੇ ਦੋ ਕਲਾਸ ਰੂਮ ਦਾ ਉਦਘਾਟਨ ਕੀਤਾ ਅਤੇ 11 ਲੱਖ ਨਾਲ ਤਿਆਰ ਹੋਣ ਵਾਲੀ ਸਾਇੰਸ ਲੈਬ ਦਾ ਨੀਂਹ-ਪੱਥਰ ਰੱਖਿਆ। ਉਨ੍ਹਾਂ ਤੁੰਗਾਂ ਵਿਖੇ 4.60 ਲੱਖ ਦੀ ਲਾਗਤ ਵਾਲੇ ਵਾਲੀਬਾਲ ਗਰਾਊਂਡ ਦਾ ਉਦਘਾਟਨ ਕੀਤਾ ਜਦਕਿ ਸਾਹੋਕੇ ਦੇ ਸਰਕਾਰੀ ਸਕੂਲ ਵਿਖੇ 11 ਲੱਖ ਦੀ ਲਾਗਤ ਵਾਲੀ ਸਾਇੰਸ ਲੈਬ ਦਾ ਨੀਂਹ-ਪੱਥਰ ਰੱਖਿਆ। ਕੈਬਨਿਟ ਮੰਤਰੀ ਨੇ ਕੁਲਾਰਖੁਰਦ ਵਿਖੇ 4.60 ਲੱਖ ਦੀ ਲਾਗਤ ਵਾਲੇ ਵਾਲੀਬਾਲ ਗਰਾਊਂਡ, 4 ਲੱਖ ਵਾਲੇ ਪਾਰਕ, 5 ਲੱਖ ਦੀ ਲਾਗਤ ਵਾਲੀ ਧਰਮਸ਼ਾਲਾ ਅਤੇ 15.65 ਲੱਖ ਦੀ ਲਾਗਤ ਨਾਲ ਤਿਆਰ ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕੀਤਾ। ਇਸ ਮੌਕੇ ਵੱਖ-ਵੱਖ ਥਾਵਾਂ ’ਤੇ ਪਿੰਡਾਂ ਦੇ ਲੋਕ, ਬਲਾਕ ਪ੍ਰਧਾਨ ਅਤੇ ਅਧਿਕਾਰੀ ਵੀ ਹਾਜਰ ਸਨ।

# ਪੰਜਾਬ ਮੰਤਰੀ ਮੰਡਲ ਵਲੋਂ 3842 ਆਰਜ਼ੀ ਅਸਾਮੀਆਂ ਨੂੰ ਪੱਕੀਆਂ ਅਸਾਮੀਆਂ ’ਚ ਤਬਦੀਲ ਕਰਨ ਨੂੰ ਹਰੀ ਝੰਡੀ

**ਸਰਦੂਲ ਸਿੰਘ**

ਚੰਡੀਗੜ੍ਹ 21 ਮਾਰਚ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅਹਿਮ ਫੈਸਲਾ ਲੈਂਦਿਆਂ ਅੱਜ ਹੇਠਲੀਆਂ ਅਦਾਲਤਾਂ ’ਚ ਸਥਿਤ ਨਿਆਂਇਕ ਵਿੰਗ ਦੀਆਂ 3842 ਆਰਜ਼ੀ ਅਸਾਮੀਆਂ ਨੂੰ ਸਥਾਈ ਅਸਾਮੀਆਂ ’ਚ ਤਬਦੀਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਾਰੇ ਫੈਸਲਾ ਅੱਜ ਸਵੇਰੇ ਇੱਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੇ ਸਰਕਾਰੀ ਨਿਵਾਸ ’ਤੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਨਿਆਂਇਕ ਵਿੰਗ ਦੀਆਂ 3842 ਅਸਥਾਈ ਅਸਾਮੀਆਂ ਨੂੰ ਸਥਾਈ ਅਸਾਮੀਆਂ ’ਚ ਤਬਦੀਲ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਅਸਾਮੀਆਂ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਆਰਜ਼ੀ ਅਸਾਮੀਆਂ ਵਜੋਂ ਮਨੋਨੀਤ ਹਨ ਅਤੇ ਇਸ ਨੂੰ ਨਿਰੰਤਰ ਰੱਖਣ ਲਈ ਹਰੇਕ ਸਾਲ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਅਤੇ ਵਿੱਤ ਵਿਭਾਗ ਪਾਸੋਂ ਪ੍ਰਵਾਨਗੀ ਲੈਣੀ ਪੈਂਦੀ ਸੀ। ਇਨ੍ਹਾਂ ਅਸਾਮੀਆਂ ਨੂੰ ਸਥਾਈ ਅਸਾਮੀਆਂ ’ਚ ਤਬਦੀਲ ਕਰਨ ਦੇ ਫੈਸਲੇ ਨਾਲ ਹਰੇਕ ਸਾਲ ਅਸਾਮੀਆਂ ਦੀ ਨਿਰੰਤਰਤਾ ਕਾਇਮ ਰੱਖਣ ਦੀ ਬੇਲੋੜੀ ਪ੍ਰੇਸ਼ਾਨੀ ਖਤਮ ਕਰਨ ’ਚ ਮਦਦ ਮਿਲੇਗੀ। ਮੰਤਰੀ ਮੰਡਲ ਨੇ ਜਿਨਸੀ ਅਪਰਾਧ ਤੋਂ ਬੱਚਿਆਂ ਦੇ ਬਚਾਅ ਸਬੰਧੀ ਐਕਟ (ਪੌਕਸੋ) ਅਤੇ ਜਜਬਰ-ਜਨਾਹ ਨਾਲ ਸਬੰਧਤ ਕੇਸਾਂ ਦੇ ਤੇਜ਼ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਸੰਗਰੂਰ ਅਤੇ ਤਰਨ ਤਾਰਨ ਜ਼ਿਲ੍ਹਿਆਂ ’ਚ ਦੋ ਫਾਸਟ ਟਰੈਕ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਪੌਕਸੋ ਐਕਟ ਅਤੇ ਜਬਰ-ਜਨਾਹ ਦੇ ਕੇਸਾਂ ਲਈ ਦੋ ਵਿਸ਼ੇਸ਼ ਤੇ ਸਮਰਪਿਤ ਅਦਾਲਤਾਂ ਦੀ ਸਥਾਪਨਾ ਨਾਲ ਬਕਾਇਆ ਕੇਸਾਂ ਦੀ ਗਿਣਤੀ ਖਤਮ ਹੋਵੇਗੀ ਅਤੇ ਅਜਿਹੇ ਮਾਮਲਿਆਂ ’ਚ ਮੁਕੱਦਮਿਆਂ ਦੀ ਸੁਣਵਾਈ ’ਚ ਤੇਜ਼ੀ ਆਵੇਗੀ। ਮੰਤਰੀ ਮੰਡਲ ਨੇ ਇਨ੍ਹਾਂ ਅਦਾਲਤਾਂ ਲਈ 2 ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ 18 ਹੋਰ ਸਹਾਇਕ ਸਟਾਫ ਸਮੇਤ ਕੁੱਲ 20 ਨਵੀਆਂ ਅਸਾਮੀਆਂ ਦੀ ਰਚਨਾ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਪੰਜਾਬ ਵਾਸੀਆਂ ਨੂੰ ਨਿਰਵਿਘਨ ਅਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਮੈਡੀਕਲ ਅਫਸਰਾ (ਜਨਰਲ) ਦੀਆਂ 189 ਅਸਾਮੀਆਂ ਬਹਾਲ ਕਰਨ ਅਤੇ ਮੈਡੀਕਲ ਅਫਸਰ (ਜਨਰਲ) ਦੀਆਂ 1390 ਅਸਾਮੀਆਂ ਹੋਰ ਸਿਰਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਬੁਲਾਰੇ ਨੇ ਦੱਸਿਆ ਕਿ ਇਹ ਫੈਸਲਾ ਵਡੇਰੇ ਜਨਤਕ ਹਿੱਤ ’ਚ ਲਿਆ ਗਿਆ ਹੈ ਤਾਂ ਕਿ ਸੂਬੇ ’ਚ ਮੈਡੀਕਲ ਅਫਸਰਾਂ ਦੀ ਘਾਟ ਨਾ ਰਹੇ। ਮੰਤਰੀ ਮੰਡਲ ਨੇ ਮੈਡੀਕਲ ਅਫਸਰ (ਜਨਰਲ) ਦੀਆਂ 189 ਅਸਾਮੀਆਂ ਨੂੰ ਬਹਾਲ ਕਰਨ ਅਤੇ ਮੈਡੀਕਲ ਅਫਸਰ (ਜਨਰਲ) ਦੀਆਂ 1390 ਹੋਰ ਅਸਾਮੀਆਂ ਸਿਰਜਣ ਨੂੰ ਹਰੀ ਝੰਡੀ ਦਿੱਤੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਮੈਡੀਕਲ ਅਫਸਰ (ਜਨਰਲ) ਦੀਆਂ 1940 ਖਾਲੀ ਅਸਾਮੀਆਂ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਅਧਿਕਾਰ ਖੇਤਰ ’ਚੋਂ ਕੱਢ ਕੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਰਾਹੀਂ ਭਰਿਆ ਜਾਵੇਗਾ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਗੁਰਦਾਸਪੁਰ ਵਿਖੇ ਨਵੇਂ ਅਪਗ੍ਰੇਡ ਕੀਤੇ ਅਰਬਨ ਕਮਿਊਨਿਟੀ ਹੈਲਥ ਸੈਂਟਰ ਲਈ 20 ਨਵੀਆਂ ਅਸਾਮੀਆਂ ਸਿਰਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਨਵੀਆਂ ਅਸਾਮੀਆਂ ’ਚ ਚਾਰ ਮੈਡੀਕਲ ਅਫਸਰ, ਪੰਜ ਸਟਾਫ ਨਰਸਾਂ, ਫਾਰਮਾਸਿਸਟ, ਲੈਬ ਟੈਕਨੀਸ਼ੀਅਨ, ਐਕਸ-ਰੇ



ਟੈਕਨੀਸ਼ੀਅਨ, ਓ.ਟੀ. ਐਸਿਸਟੈਂਟ, ਦੋ ਮਲਟੀਟਾਸਕ ਵਰਕਰ, ਗਾਇਨਾਕੌਲੋਜਿਸਟ, ਬੱਚਿਆਂ ਦੇ ਮਾਹਿਰ ਡਾਕਟਰ, ਸਰਜਨ, ਮੈਡੀਸਨ ਅਤੇ ਡੈਂਟਿਸਟ ਸਮੇਤ ਸਪੈਸ਼ਲਿਸਟ ਡਾਕਟਰ ਸ਼ਾਮਲ ਹਨ। ਦੱਸਣਯੋਗ ਹੈ ਕਿ ਸੂਬਾ ਸਰਕਾਰ ਨੇ ਹਾਲ ਹੀ ’ਚ ਇਸ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਨੂੰ 30 ਬਿਸਤਰਿਆਂ ਦੀ ਸਮਰੱਥਾ ਵਾਲੇ ਸਿਹਤ ਕੇਂਦਰ ਵਜੋਂ ਅਪਗ੍ਰੇਡ ਕੀਤਾ ਹੈ ਤਾਂ ਕਿ ਸਰਹੱਦੀ ਜ਼ਿਲ੍ਹੇ ਦੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਮੰਤਰੀ ਮੰਡਲ ਨੇ ਸੂਬੇ ’ਚ 829 ਆਮ ਆਦਮੀ ਕਲੀਨਿਕ ਸਥਾਪਤ ਕਰਨ ਨੂੰ ਕਾਰਜ-ਬਾਅਦ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ 829 ਕਲੀਨਿਕਾਂ ’ਚੋਂ 308 ਕਲੀਨਿਕ ਸ਼ਹਿਰੀ ਇਲਾਕਿਆਂ ’ਚ ਜਦਕਿ 521 ਕਲੀਨਿਕ ਪੇਂਡੂ ਇਲਾਕਿਆਂ ’ਚ ਸਥਿਤ ਹਨ। ਇਨ੍ਹਾਂ ਆਮ ਆਦਮੀ ਕਲੀਨਿਕਾਂ ’ਚ ਮਰੀਜਾਂ ਨੂੰ 80 ਤਰ੍ਹਾ ਦੀਆਂ ਦਵਾਈਆਂ ਮੁਫਤ ਮੁਹੱਈਆ ਕਰਵਾਈਆ ਜਾਂਦੀਆਂ ਹਨ, ਜਿਸ ’ਚ ਹਾਈਪਰਟੈਨਸਨ, ਸੂਗਰ, ਚਮੜੀ ਦੀਆਂ ਬਿਮਾਰੀਆਂ ਅਤੇ ਵਾਇਰਲ ਬੁਖਾਰ ਵਰਗੀਆਂ ਮੌਸਮੀ ਬਿਮਾਰੀਆਂ ਨੂੰ ਕਵਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਲੀਨਿਕ ਵਿੱਚ ਵੱਖ-ਵੱਖ ਕਿਸਮ ਦੇ 38 ਟੈਸਟ ਕੀਤੇ ਜਾਂਦੇ ਹਨ। ਇਨ੍ਹਾਂ ਆਮ ਆਦਮੀ ਕਲੀਨਿਕਾਂ ’ਚ 7 ਮਾਰਚ, 2024 ਤੱਕ ਕੁੱਲ 1,12,79,048 ਮਰੀਜਾਂ ਦਾ ਇਲਾਜ ਹੋਇਆ ਅਤੇ ਕੁੱਲ 31,69,911 ਡਾਇਗਨੋਸਟਿਕ ਟੈਸਟ ਕੀਤੇ ਗਏ ਹਨ। ਮੰਤਰੀ ਮੰਡਲ ਨੇ ਪੰਜਾਬ ’ਚ ਅਨਾਜ ਦੀ ਢੋਆ-ਢੋਆਈ ਲਈ ‘ਦਾ ਪੰਜਾਬ ਫੂਡ ਗਰੇਨਜ਼ ਟਰਾਂਸਪੋਰਟੇਸ਼ਨ ਪਾਲਿਸੀ-2024’ ਨੂੰ ਪ੍ਰਵਾਨਗੀ ਦੇ ਦਿੱਤੀ। ਕਾਬਲੇਗੌਰ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਸਮੂਹ ਖਰੀਦ ਏਜੰਸੀਆਂ ਅਤੇ ਭਾਰਤੀ ਖੁਰਾਕ ਨਿਗਮ ਵੱਲੋਂ ਵੱਖ-ਵੱਖ ਨਾਮਜ਼ਦ ਕੇਂਦਰਾਂ/ਮੰਡੀਆਂ ਤੋਂ ਅਨਾਜ ਦੀ ਖਰੀਦ, ਭੰਡਾਰਨ ਅਤੇ ਸਾਂਭ-ਸੰਭਾਲ ਦਾ ਕੰਮ ਕੀਤਾ ਜਾਂਦਾ ਹੈ। ਇਸ ਨੀਤੀ ਅਨੁਸਾਰ ਸਾਲ 2024 ਦੌਰਾਨ ਅਨਾਜ ਦੀ ਢੋਆ-ਢੋਆਈ ਦਾ ਕੰਮ ਮੁਕਾਬਲਾਪੂਰਨ ਅਤੇ ਪਾਰਦਰਸ਼ੀ ਆਨਲਾਈਨ ਟੈਂਡਰ ਪ੍ਰਨਾਲੀ ਰਾਹੀਂ ਅਲਾਟ ਕੀਤੇ ਜਾਣਗੇ। ਮੰਤਰੀ ਮੰਡਲ ਨੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੀ ਸਾਲ 2022-23 ਦੀ ਸਾਲਨਾ ਪ੍ਰਬੰਧਕੀ ਰਿਪੋਰਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ 2 ਕਰੋੜ ਰੁਪਏ ਤੱਕ ਦਾ ਕਾਰੋਬਾਰ ਕਰਨ ਵਾਲੇ ਵਪਾਰੀਆਂ ਨੂੰ ਵੀ ਸਿਹਤ ਬੀਮਾ ਯੋਜਨਾ ਦਾ ਲਾਭ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਜਦਕਿ ਇਸ ਤੋਂ ਪਹਿਲਾਂ ਇਹ ਲਾਭ ਇਕ ਕਰੋੜ ਰੁਪਏ ਤੱਕ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਮਿਲਦਾ ਸੀ। ਇਸ ਫੈਸਲੇ ਨਾਲ ਸੂਬੇ ਦੇ ਇਕ ਲੱਖ ਵਪਾਰੀਆਂ ਨੂੰ ਲਾਭ ਮਿਲੇਗਾ ਜਿਸ ਨਾਲ ਉਨ੍ਹਾਂ ਨੂੰ ਇਸ ਯੋਜਨਾ ਤਹਿਤ ਇਨ੍ਹਾਂ ਵਪਾਰੀਆਂ ਨੂੰ 5 ਲੱਖ ਤੱਕ ਦਾ ਮੁਫਤ ਇਲਾਜ ਮਿਲੇਗਾ। ਦੱਸਣਯੋਗ ਹੈ ਕਿ ‘ਸਰਕਾਰ-ਵਪਾਰ ਮਿਲਣੀ’ ਦੌਰਾਨ ਇਹ ਮੁੱਦਾ ਵਪਾਰੀਆਂ ਨੇ ਮੁੱਖ ਮੰਤਰੀ ਕੋਲ ਉਠਾਇਆ ਸੀ ਜਿਸ ਤੋਂ ਬਾਅਦ ਅੱਜ ਇਹ ਫੈਸਲਾ ਲਿਆ ਗਿਆ। ਮੰਤਰੀ ਮੰਡਲ ਨੇ ਵੈਟ ਦੀ ਅਦਾਇਗੀ ਲਈ ਯਕਮੁਸ਼ਤ ਨਿਪਟਾਰਾ ਸਕੀਮ-2023 (ਓ.ਟੀ.ਐੱਸ.) ਦੀ ਮਿਆਦ 31 ਮਾਰਚ, 2024 ਤੋਂ ਵਧਾ ਕੇ 30 ਜੂਨ, 2024 ਕਰ ਦਿੱਤੀ ਹੈ। ਇਸ ਨਾਲ ਸੂਬੇ ਦੇ ਕਾਰੋਬਾਰੀਆਂ ਨੂੰ ਵੱਡੀ ਰਾਹਤ ਮਿਲੇਗੀ ਕਿਉਂ ਜੋ ਇਹ ਸਕੀਮ ਪਿਛਲੇ ਸਾਲ ਲਾਗੂ ਕੀਤੀ ਗਈ ਸੀ ਜਿਸ ਨੂੰ ਵਪਾਰੀਆਂ ਨੇ ਵੱਡਾ ਹੁੰਗਾਰਾ ਦਿੱਤਾ ਸੀ। ਇਸ ਸਕੀਮ ਤਹਿਤ ਵਪਾਰੀਆਂ ਪਾਸੋਂ 41814 ਅਰਜ਼ੀਆਂ ਰਾਹੀਂ 47.50 ਕਰੋੜ ਰੁਪਏ ਇਕੱਤਰ ਹੋਏ ਹਨ ਜਦਕਿ ਸਾਲ 2021 ਦੌਰਾਨ ਓ.ਟੀ.ਐਸ. ਰਾਹੀਂ ਸਿਰਫ 4.37 ਕਰੋੜ ਰੁਪਏ ਇਕੱਤਰ ਹੋਏ ਸਨ ਅਤੇ ਓ.ਟੀ.ਐਸ.-2 ਰਾਹੀਂ ਮਹਿਜ਼ 4.93 ਕਰੋੜ ਰੁਪਏ ਇਕੱਠੇ ਹੋਏ ਸਨ।